Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
Contact Us:
RAJA SWEETS & CATERING
WORK (510) 489-9100, CELL (510) 715-1619
www.rajasweets.com
Email: msbains@rajasweets.com

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 53
April 06, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Driver Needed
Owner op. needed
ਟਰੱਕ ਚਲਾਉਣ ਦੇ ਲਈ ਤਜਰਬੇਕਾਰ ਡਰਾਈਵਰਾਂ ਦੀ ਲੋੜ ਹੈ। ਅੱਜ ਹੀ ਕਾਲ ਕਰੋ:
209-479-0242
ਹੋਰ ਜਾਣਕਾਰੀ ਲਈ ਦੇਖੋ ਸਫਾ 23

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

# ਮੁੱਖ ਮੰਤਰੀ ਵੱਲੋਂ ਖੁਰਾਲਗੜ੍ਹ ਨੂੰ ਵਿਸ਼ਵ ਪੱਧਰ ਦੇ ਤੀਰਥ ਅਸਥਾਨ ਵਜੋਂ ਵਿਕਸਤ ਕਰਨ ਦਾ ਐਲਾਨ

## ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ ਖੁਰਾਲਗੜ੍ਹ ਵਿਖੇ ਸ੍ਰੀ ਗੁਰੂ ਰਵਿਦਾਸ ਯਾਦਗਾਰ ਦਾ ਨੀਂਹ ਪੱਥਰ ਰੱਖਿਆ

**ਖੁਰਾਲਗੜ੍ਹ (ਹੁਸ਼ਿਆਰਪੁਰ) (ਬਿਊਰੋ)–** ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅੱਜ ਸ੍ਰੀ ਗੁਰੂ ਰਵਿਦਾਸ ਜੀ ਨਾਲ ਸਬੰਧਤ ਪਵਿੱਤਰ ਇਤਿਹਾਸਕ ਨਗਰ ਖੁਰਾਲਗੜ੍ਹ ਨੂੰ ਵਿਸ਼ਵ ਪੱਧਰੀ ਤੀਰਥ ਅਸਥਾਨ ਵਜੋਂ ਵਿਕਸਤ ਕਰਨ ਦਾ ਐਲਾਨ ਕੀਤਾ ਹੈ ਤਾਂ ਕਿ ਗੁਰੂ ਜੀ ਵੱਲੋਂ ਆਪਣੇ ਮਹਾਨ ਜੀਵਨ, ਫਿਲਾਸਫੀ ਅਤੇ ਕਾਰਜਾਂ ਰਾਹੀਂ ਦਿੱਤੀ ਸਿੱਖਿਆ ਅਨੁਸਾਰ ਫਿਰਕੂ ਸਦਭਾਵਨਾ, ਅਮਨ ਸ਼ਾਂਤੀ, ਦਇਆ ਅਤੇ ਭਾਈਚਾਰਕ ਸਾਂਝ ਦੇ ਸੰਦੇਸ਼ ਦਾ ਪਾਸਾਰ ਕੀਤਾ ਜਾ ਸਕੇ।

ਇੱਥੇ ਉਪ ਮੁੱਖ ਮੰਤਰੀ, ਸੰਤਾਂ-ਮਹਾਪੁਰਖਾਂ ਤੇ ਧਾਰਮਿਕ ਸਖਸ਼ੀਅਤਾਂ ਦੀ ਹਾਜ਼ਰੀ ਵਿਚ ਸ੍ਰੀ ਗੁਰੂ ਰਵਿਦਾਸ ਯਾਦਗਾਰ ਦਾ ਨੀਂਹ ਪੱਥਰ ਰੱਖਣ ਉਪਰੰਤ ਮੁੱਖ ਮੰਤਰੀ ਨੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਸੂਬਾ



ਸਰਕਾਰ ਨੇ ਆਪਣੇ ਅਮੀਰ ਵਿਰਸੇ ਨੂੰ ਮੂਰਤੀਮਾਨ ਕਰਨ ਲਈ ਬਹੁਤ ਵੱਡੇ ਪੱਧਰ ’ਤੇ ਯਾਦਗਾਰਾਂ ਦਾ ਨਿਰਮਾਣ ਕਰਵਾਇਆ ਹੈ ਜਿਨ੍ਹਾਂ ਵਿਚ ਵਿਰਾਸਤ-ਏ-ਖਾਲਸਾ, ਭਗਵਾਨ ਵਾਲਮੀਕ ਤੀਰਥ ਵਰਗੀਆਂ ਮਹੱਤਵਪੂਰਨ ਯਾਦਗਾਰਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਬਹੁਤ ਅਮੀਰ ਵਿਰਸਾ ਹੈ ਅਤੇ ਦੇਸ਼ ਦੇ ਆਜ਼ਾਦੀ ਸੰਘਰਸ਼ ਵਿਚ ਪੰਜਾਬੀਆਂ ਦੀ ਬਹੁਤ ਵੱਡੀ ਦੇਣ ਸਦਕਾ ਅਤੇ ਮੁਲਕ ਦੀ ਰੱਖਿਆ ਲਈ ਸਾਡੇ ਬਹਾਦਰ ਸੈਨਿਕਾਂ ਦੇ ਮਹਾਨ ਯੋਗਦਾਨ ਨੂੰ ਸਮਰਪਿਤ ਕਰਤਾਰਪੁਰ (ਜਲੰਧਰ) ਵਿਖੇ ਜੰਗ-ਏ-ਆਜ਼ਾਦੀ ਯਾਦਗਾਰ ਅਤੇ ਅੰਮ੍ਰਿਤਸਰ ਵਿਖੇ ਜੰਗੀ ਨਾਇਕ ਯਾਦਗਾਰ ਸਥਾਪਤ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ

**(ਬਾਕੀ ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 15 ਤੇ)**


# ਗੁਰਦੁਆਰਾ ਸਿੰਘ ਸਭਾ ਫਰਿਜਨੋ ਵਿਖੇ ਗੁਰਮਤਿ ਸਮਾਗਮ 16 ਅਪ੍ਰੈਲ ਨੂੰ

**ਫਰਿਜਨੋ (ਕੈਲੇਫੋਰਨੀਆ)–** ਸਥਾਨਕ ਗੁਰਦੁਆਰਾ ਸਿੰਘ ਸਭਾ ਫਰਿਜਨੋ ਵਿੱਖੇ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਸਹਿਯੋਗ ਨਾਲ ਵਿਸਾਖੀ ਦੇ ਪਵਿਤਰ ਦਿਹਾੜੇ ਨੂੰ ਮੁੱਖ ਰੱਖਕੇ ਗੁਰਮਿਤ ਸੈਮੀਨਰ ਅਤੇ ਕਥਾ ਸਮਾਗਮ 10 ਤੋਂ 16 ਅਪ੍ਰੈਲ ਤੱਕ ਸੁਰੂ ਹੋਣ ਜਾ ਰਹੇ ਹਨ। ਇਹਨਾਂ ਸਮਾਗਮਾ ਵਿੱਚ ਕਥਾ ਕਰਨ ਲਈ ਭਾਈ ਸਰਬਜੀਤ ਸਿੰਘ ਧੂੰਦਾ ਉਚੇਚੇ ਤੌਰ ਤੇ ਪਹੁੰਚ ਰਹੇ ਹਨ। ਉਹ 10 ਅਪ੍ਰੈਲ ਦਿਨ ਐਤਵਾਰ ਦੁਪਿਹਰ 12 ਵਜੇ ਕਥਾ ਅਰੰਭਣਗੇ ਅਤੇ 11,12, 13 ਅਪ੍ਰੈਲ ਦੇ ਸ਼ਾਮਾਂ ਦੇ ਦੀਵਾਨਾ ਵਿੱਚ ਸ਼ਾਮੀ 7 ਵਜੇ ਕਥਾ ਦੁਆਰਾ ਸੰਗਤਾ ਨਾਲ ਸ਼ਬਦ ਦੀ ਸਾਝ ਪਾਉਣਗੇ। 10 ਅਪ੍ਰੈਲ ਨੂੰ ਦੁਪਿਹਰ 2 ਵਜੇ ਅੰਮ੍ਰਿਤ ਸੰਚਾਰ ਹੋਵੇਗਾ। 16 ਅਪ੍ਰੈਲ ਸਵੇਰੇ 10 ਤੋ ਦੁਪਿਹਰ 2 ਵਜੇ ਦਰਮਿਆਨ ਵਰਲਡ ਸਿੱਖ ਫੈਡਰੇਸ਼ਨ ਵੱਲੋਂ ਸਿੱਖ ਜੀਵਨ ਜਾਂਚ ਦੇ ਵਿਸ਼ੇ ਤੇ ਵਿਸ਼ੇਸ਼ ਗੁਰਮਿਤ ਸਮਾਗਮ ਹੋਵੇਗਾ ਜਿਸ ਵਿੱਚ ਪ੍ਰੋ. ਸਰਬਜੀਤ ਸਿੰਘ ਧੂੰਦਾ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਵਿਦਵਾਨ ਆਪਣੇ ਵਿਚਾਰਾਂ ਦੀ ਸਾਝ ਪਾਉਣਗੇ ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਡਾ. ਲਵਨੀਤ ਸਿੰਘ (559) 862-9918 ਜਾਂ ਗੁਰਨੇਕ ਸਿੰਘ ਬਾਗੜੀ (559) 916-6953



# ਵਿਸਕਾਨਸਨ ਪ੍ਰਾਇਮਰੀ: ਟਰੰਪ ਤੇ ਹਿਲੇਰੀ ਦੀ ਹੋਵੇਗੀ ਪ੍ਰੀਖਿਆ

**ਵਾਸ਼ਿੰਗਟਨ–** ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਿਕਨ ਉਮੀਦਵਾਰ ਬਣਨ ਦੇ ਮਜ਼ਬੂਤ ਦਾਅਵੇਦਾਰ ਡੋਨਾਲਡ ਟਰੰਪ ਅਤੇ ਡੈਮੋਕਰੈਟਿਕ ਉਮੀਦਵਾਰ ਬਣਨ ਦੀ ਦੌੜ ਵਿੱਚ ਮੋਹਰੀ ਹਿਲੇਰੀ ਕਲਿੰਟਨ ਨੂੰ ਵਿਸਕਾਨਸਨ ਪ੍ਰਾਇਮਰੀ ਵਿੱਚ ਕਰੜੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।





ਰਾਸ਼ਟਰਪਤੀ ਦੇ ਅਹੁਦੇ ਦੀ ਚੋਣ ਵਿੱਚ ਵਿਸਕਾਨਸਨ ਇਕ ਅਹਿਮ ਸੂਬਾ ਹੈ ਕਿਉਂਕਿ ਟਰੰਪ ਇਸ ਚੋਣ ਵਿੱਚ ਟੈਡ ਕਰੂਜ਼ ਨੂੰ ਹਰਾਉਣ ਦੀ ਕੋਸ਼ਿਸ਼ ਕਰੇਗਾ ਤਾਂ ਜੋ ਜੁਲਾਈ ਵਾਲੇ ਨਾਮਜ਼ਦਗੀ ਸੰਮੇਲਨ ਤੋਂ ਬਚਿਆ ਜਾ ਸਕੇ। ਦੂਜੇ ਪਾਸੇ ਹਿਲੇਰੀ ਆਪਣੇ ਵਿਰੋਧੀ ਬਰਨੀ ਸੈਂਡਰਜ਼ ਨੂੰ

**(ਬਾਕੀ ਸਫਾ 7 ਤੇ)**

# ਅਜ਼ਾਦੀ ਦੇ ਪਰਵਾਨਿਆਂ ਦੀ ਬਾਤ ਪਾ ਗਿਆ ‘16ਵਾਂ ਮੇਲਾ ਗਦਰੀ ਬਾਬਿਆਂ ਦਾ’



‘ਦੇਸ਼ ਦੁਆਬਾ’ ਦਾ ਗਦਰ ਪਾਰਟੀ ਸਪੈਸ਼ਲ ਅੰਕ ਰਿਲੀਜ਼ ਕਰਦੇ ਹੋਏ ਡਾ ਰਘਬੀਰ ਕੌਰ ਅਤੇ ਹੋਰ ਸਖਸ਼ੀਅਤਾਂ। (ਰਿਪੋਰਟ ਦੇਖੋ ਸਫਾ 3 ‘ਤੇ ਅਤੇ ਤਸਵੀਰਾਂ ਦੇਖੋ ਸਫਾ 12 ਅਤੇ 13 ਉਤੇ

TANDOOR
Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days
11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532



MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



MANDEEP SANDHU
msandhu2014@gmail.com
SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
SANDHU
Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।
ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ
ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।
Call : Dharminder Singh
Cell : 530-870-6600
Fax : 530-405-1429


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets

# ਆਪ ਆਗੂ ਸੁਖਪਾਲ ਖਹਿਰਾ ਦੀ ਫਰਿਜ਼ਨੋ ਫੇਰੀ ਨੂੰ ਲੈਕੇ ਲੋਕਾਂ ਵਿੱਚ ਭਾਰੀ ਉਤਸ਼ਾਹ

## ਖਹਿਰਾ 19 ਅਪ੍ਰੈਲ ਨੂੰ ਫਰਿਜ਼ਨੋ ਪਹੁੰਚਣਗੇ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ–** ਆਮ ਆਦਮੀਂ ਪਾਰਟੀ ਦੇ ਮੁੱਖ ਬੁਲਾਰੇ ਸ੍ਰ. ਸੁਖਪਾਲ ਸਿੰਘ ਖਹਿਰਾ 19 ਅਪ੍ਰੈਲ ਨੂੰ ਫਰਿਜ਼ਨੋ ਦੇ ਐਡੀਸਨ ਸ਼ੋਸ਼ਲ ਕਲੱਬ ਜਿਹੜਾ ਕਿ 3325 ਵਿਸਟ ਕਲਿੰਟਨ ਐਵੇਨਿਊ ਫਰਿਜਨੋ ਤੇ ਸਥਿਤ ਹੈ, ਵਿਖੇ ਸ਼ਾਮੀਂ ਛੇ ਵਜੇ ਫਰਿਜਨੋ ਨਿਵਾਸੀਆਂ ਨਾਲ ਸਾਝ ਪਾਉਣ ਲਈ ਪਹੁੰਚ ਰਹੇ ਹਨ।



ਇਸ ਪ੍ਰੋਗ੍ਰਾਮ ਸਬੰਧੀ ਆਪ ਵਲੰਟੀਅਰ ਫਰਿਜਨੋ ਇਕਾਈ ਦੇ ਬੁਲਾਰੇ ਗੁਰਨੇਕ ਸਿੰਘ ਬਾਗੜੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਂਨ ਦੱਸਿਆ ਕਿ 2017 ਪੰਜਾਬ ਵਿਧਾਨ ਸਭਾ ਚੋਣਾਂ ਦਾ ਅਖਾੜਾ ਪੰਜਾਬ ਵਿੱਚ ਭੱਖ ਚੁਕਿਆ ਹੈ, ਜਿਥੇ ਆਪ ਵਲੰਟੀਅਰ ਪੰਜਾਬ ਜੋੜੋ ਮਹਿਮ ਤਹਿਤ ਪੰਜਾਬ ਦੇ ਘਰ ਘਰ ਜਾਕੇ ਪਾਰਟੀ ਏਜੰਡੇ ਤੋਂ ਲੋਕਾਂ ਨੂੰ ਜਾਣੂ ਕਰਵਾ ਰਹੇ ਹਨ। ਇਸੇ ਕੜੀ ਤਹਿਤ ਪ੍ਰਦੇਸ਼ੀ ਵਸਦੇ ਪੰਜਾਬੀਆਂ ਨਾਲ ਰਾਬਤਾ ਕਾਇਮ ਕਰਨ ਲਈ ਆਪ ਲੀਡਰ ਵੱਖੋ ਵੱਖ ਦੇਸ਼ਾਂ ਦੇ ਦੌਰੇ ਪਾਰਟੀ ਦੁਆਰਾ ਉਲੀਕੇ ਪ੍ਰੋਗ੍ਰਾਮਾਂ ਅਨੁਸਾਰ ਕਰ ਰਹੇ ਹਨ। ਉਹਨਾਂ ਕਿਹਾ ਸਾਨੂੰ ਬੇਹੱਦ ਖੁਸ਼ੀ ਹੈ ਕਿ ਪੰਜਾਬੀਅਤ ਦੀ ਅਵਾਜ ਹੱਕ ਸੱਚ ਤੇ ਪਹਿਰਾ ਦੇਣ ਵਾਲੇ ਬੇਬਾਕ ਲੀਡਰ ਸੁਖਪਾਲ ਖਹਿਰਾ ਜੀ ਉਨੀਂ ਅਪ੍ਰੈਲ ਨੂੰ ਫਰਿਜਨੋ ਵਿਖੇ ਪਹੁੰਚ ਰਹੇ ਹਨ ਅਤੇ ਸਾਡੀ ਸਾਰੇ ਫਰਿਜ਼ਨੋ ਨਿਵਾਸੀ ਅਤੇ ਆਸ ਪਾਸ ਦੇ ਸ਼ਹਿਰਾਂ ਵੱਚ ਵਸਦੇ ਪੰਜਾਬੀ ਭਾਈਚਾਰੇ ਨੂੰ ਬੇਨਤੀ ਹੈ ਕਿ ਆਓ ਪੰਜਾਬ ਦੇ ਉਜ਼ਲੇ ਭਵਿੱਖ ਲਈ ਵੱਡੀ ਗਿਣਤੀ ਵਿੱਚ ਫਰਿਜਨੋ ਦੇ ਐਡੀਸਨ ਸ਼ੋਸ਼ਲ ਕਲੱਬ ਵਿੱਚ ਪਹੁੰਚਕੇ ਆਪਣੇ ਮਹਿਬੂਬ ਲੀਡਰ ਸੁਖਪਾਲ ਖਹਿਰਾ ਜੀ ਦੇ ਵਿਚਾਰ ਸੁਣੀਏ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ–

ਗੁਰਨੇਕ ਸਿੰਘ ਬਾਗੜੀ (559) 916-6953
ਅਮੋਲਕ ਸਿੰਘ ਸਿੱਧੂ (559) 709-0089
ਸਤਵੰਤ ਸਿੰਘ ਵਿਰਕ (559) 978-3361
ਜੰਗੀਰ ਸਿੰਘ ਗਿੱਲ (559) 260-1240

# ਮਾਤਾ ਚੰਦ ਕੌਰ ਦੇ ਕਾਤਲਾਂ ਦਾ ਨਹੀ ਮਿਲਿਆ ਕੋਈ ਸੁਰਾਗ



**ਚੰਡੀਗੜ੍ਹ–** ਪੰਜਾਬ ਪੁਲੀਸ ਨੂੰ ਨਾਮਧਾਰੀ ਸੰਪਰਦਾ ਨਾਲ ਸਬੰਧਤ ਮਾਤਾ ਚੰਦ ਕੌਰ ਦੇ ਕਾਤਲਾਂ ਦੀ ਸੂਹ ਲਾਉਣ ਲਈ ਭਾਰੀ ਮੁਸ਼ੱਕਤ ਕਰਨੀ ਪੈ ਰਹੀ ਹੈ। ਪੁਲੀਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਕਾਤਲਾਂ ਬਾਰੇ ਲੁਧਿਆਣਾ ਪੁਲੀਸ ਨੂੰ ਅਜੇ ਤਾਈਂ ਕੋਈ ਸੂਹ ਨਹੀਂ ਮਿਲੀ। ਮਾਤਾ ਚੰਦ ਕੌਰ ਨਾਮਧਾਰੀ ਸੰਪਰਦਾ ਦੇ ਪਿਛਲੇ ਮੁਖੀ ਸਤਿਗੁਰੂ ਜਗਜੀਤ ਸਿੰਘ ਦੀ ਪਤਨੀ ਸਨ। ਸੰਪਰਦਾ ਦੇ ਮੌਜੂਦਾ ਮੁਖੀ ਠਾਕੁਰ ਉਦੈ ਸਿੰਘ ਜਗਜੀਤ ਸਿੰਘ ਦੇ ਭਤੀਜੇ ਹਨ। ਉੱਚ ਪੱਧਰੀ ਪੁਲੀਸ ਸੂਤਰਾਂ ਦਾ ਕਹਿਣਾ ਹੈ ਕਿ ਪੁਲੀਸ ਵੱਲੋਂ ਕਤਲ ਕੇਸ ਨੂੰ ਹੱਲ ਕਰਨ ਲਈ ਕਈ ਥਿਊਰੀਆਂ ’ਤੇ ਕੰਮ ਕੀਤਾ ਜਾ ਰਿਹਾ। ਮੁੱਖ ਤੌਰ ’ਤੇ ਸੰਪਰਦਾ ਵਿਚਲੇ ਝਗੜੇ ਨੂੰ ਜਾਂਚ ਦਾ ਅਧਾਰ ਬਣਾਇਆ ਗਿਆ ਹੈ। ਸੂਤਰਾਂ ਮੁਤਾਬਕ ਇਹ ਕਤਲ ਪੂਰੀ ਸਾਜ਼ਿਸ਼ ਘੜ ਕੇ ਕੀਤਾ ਗਿਆ ਹੈ, ਕਿਉਂਕਿ ਮਾਤਾ ਚੰਦ ਕੌਰ ਹਰ ਸ਼ਨਿਚਰਵਾਰ ਨਵੀਂ ਦਿੱਲੀ ਚਲੇ ਜਾਂਦੇ ਸਨ ਤੇ ਐਤਵਾਰ ਸ਼ਾਮੀਂ ਵਾਪਸ ਆਉਂਦੇ ਸਨ। ਉਹ ਨਵੀਂ ਦਿੱਲੀ ਸਥਿਤ ਸੰਪਰਦਾ ਨਾਲ ਸਬੰਧਤ ਥਾਵਾਂ ’ਤੇ ਹੀ ਠਹਿਰਦੇ ਸਨ। ਇਸ ਤਰ੍ਹਾਂ ਨਾਲ ਕਾਤਲਾਂ ਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਸੀ ਕਿ ਮਾਤਾ ਚੰਦ ਕੌਰ ਭੈਣੀ ਸਾਹਿਬ ’ਚ ਕਿਸ ਸਮੇਂ ਕਿੱਥੇ ਮੌਜੂਦ ਹੋਣਗੇ।

# ਫੀਨਿਕਸ਼ ਦੇਸੀ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਸੱਤਵੇ ਵਿਸਾਖੀ ਮੇਲੇ ’ਤੇ ਲੱਗੀਆਂ ਰੌਣਕਾਂ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਅਮਰੀਕਾ ਦੀ ਸਟੇਟ ਐਰੀਜ਼ੋਨਾਂ ਵਿੱਚ ਪੰਜਾਬੀ ਭਾਈਚਾਰੇ ਦੀ ਵਧਦੀ ਹੋਈ ਵਸੋਂ ਦੇ ਨਾਲ-ਨਾਲ ਹੁਣ ਖੇਡਾ ਅਤੇ ਸੱਭਿਆਚਾਰਕ ਮੇਲਿਆ ਦੀ ਆਵਾਜ਼ ਵੀ ਗੂਜ਼ਣ ਲੱਗੀ ਹੈ। ਇਸੇ ਆਵਾਜ਼ ਨੂੰ ਹੋਰ ਬੁਲੰਦ ਕਰਦੇ ਹੋਏ ਅਤੇ ਆਪਣੀ ਪਹਿਚਾਣ ਬਣਾਉਦੇ ਹੋਏ ਫੀਨਿਕਸ਼ ਸ਼ਹਿਰ ਦੇ "ਫੀਨਿਕਸ਼ ਦੇਸੀ ਸਪੋਰਟਸ਼ ਐਂਡ ਕਲਚਰਲ ਕਲੱਬ" ਦੇ ਸਮੂੰਹ ਪ੍ਰਬੰਧਕਾ ਵੱਲੋਂ ਸੱਤਵਾਂ ਵਿਸਾਖੀ ਮੇਲਾ ‘ਹੈਮਰ ਪਾਰਕ’ (Hammers Park) ਵਿੱਚ ਕਰਵਾਇਆ ਗਿਆ। ਸਾਰਾ ਦਿਨ ਚੱਲੇ ਵਿੱਚ ਮੇਲੇ ਦੀ ਸੁਰੂਆਤ ਬੱਚਿਆਂ ਦੇ ਖੇਡ ਮੁਕਾਬਲੇ ਨਾਲ ਕੀਤੀ ਗਈ। ਜਿਸ ਸਮੇਂ ਆਦਮੀਆਂ ਵੱਲੋਂ ਰੱਸਾਕਸ਼ੀ ਮੁਕਾਬਲੇ ਅਤੇ ਗੋਲਾ ਸੁਟਣਾ ਦੇਖਣਯੋਗ ਸਨ। ਸੱਭਿਆਚਾਰਕ ਮੇਲੇ ਵਿੱਚ ਗਿੱਧੇ-ਭੰਗੜੇ, ਸਕਿੱਟਾਂ, ਗੀਤ-ਸੰਗੀਤ ਤੋਂ ਇਲਾਵਾ ਬੱਚਿਆ ਨੂੰ ਪੰਜਾਬੀ ਸੱਭਿਆਚਾਰ ਅਤੇ ਧਰਮ ਨਾਲ ਜੋੜਨ ਲਈ ਸਵਾਲ-ਜਵਾਬ ਦੇ ਮੁਕਾਬਲੇ ਵੀ ਹੋਏ। ਇਸ ਚੱਲੇ ਚਾਰ ਘੰਟੇ ਤੋਂ ਵਧੀਕ ਵੱਖ-ਵੱਖ ਉਮਰ ਦੇ ਬੱਚਿਆ ਨੇ ਸਟੇਜ਼ ਅਦਾਕਾਰੀ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਦੇ ਹੋਏ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਸਮੇਂ ‘ਰਾਇਲ ਅਕੈਡਮੀ ਆਫ ਕਨੇਡਾ’ ਦੇ ਬੱਚਿਆ ਨੇ ਵਿਸ਼ੇਸ਼ ਤੌਰ ’ਤੇ ਪਹੁੰਚ



ਕੇ ਗਿੱਧੇ ਅਤੇ ਭੰਗੜੇ ਦੇ ਖੂਬ ਰੰਗ ਬੰਨੇ। ਸਾਰੇ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਦਿਲਕਸ਼ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਮੇਲੇ ਦੌਰਾਨ ਸਟੇਜ਼ ਸੰਚਾਲਨ ਗੁਰਸ਼ਰਨ ਕੌਰ ਗਿੱਲ ਅਤੇ ਹਰਦੀਪ ਸਿੰਘ ਸੋਢੀ ਨੇ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ।

ਮੇਲੇ ਦੌਰਾਨ ਵੱਖ-ਵੱਖ ਤਰ੍ਹਾਂ ਦੇ ਪੰਜਾਬੀ ਖਾਣੇ ਦੇ ਸਟਾਲ ਅਤੇ ਰਾਤਰੀ ਦੇ ਖਾਣੇ ਦਾ ਪ੍ਰਬੰਧ ਵੀ ਹਾਜ਼ਰੀਨ ਲਈ ਪ੍ਰਬੰਧਕਾਂ ਵੱਲੋ ਫਰੀ ਵਿੱਚ ਕੀਤਾ ਗਿਆ ਸੀ। ਬੱਚਿਆ ਦੇ ਮੰਨੋਰੰਜਨ ਲਈ ‘ਜੰਪ ਹਾਊਸ’ ਆਦਿਕ ਖੇਡਾ ਦਾ ਪ੍ਰਬੰਧ ਸੀ। ਇਸ ਸਮੇਂ ਬਹੁਤ ਸਾਰੇ ਸਟਾਲ ਅਤੇ ਦੁਕਾਨਾ ਪੰਜਾਬ ਦੇ ਮੇਲੇ ਦੀ ਤਸਵੀਰ ਪੇਸ਼ ਤਾਜ਼ਾ ਕਰ ਰਹੇ ਸਨ। ਮੇਲੇ ਦੀ ਸਮਾਪਤੀ ’ਤੇ ਸਮੂੰਹ ਹਾਜ਼ਰੀਨ ਮੇਲੀਆਂ, ਹਿੱਸਾ ਲੈਣ ਵਾਲੀਆਂ ਟੀਮਾਂ ਅਤੇ ਮਹਿਮਾਨਾ ਲਈ ਪ੍ਰਬੰਧਕਾ ਵੱਲੋਂ ਰਾਤਰੀ ਦੇ ਖਾਣੇ ਦਾ ਬਹੁਤ ਵਧੀਆਂ ਪ੍ਰਬੰਧ ਕੀਤਾ ਗਿਆ ਸੀ।

ਇਸ ਸਮੁੱਚੇ ਪਰਿਵਾਰਕ ਪ੍ਰੋਗਰਾਮ ਦਾ ਸਿੱਧਾ ਪ੍ਰਸ਼ਾਰਣ ’ਗਲੋਬਲ ਪੰਜਾਬ ਟੀ. ਵੀ.’ ਵੱਲੋਂ ਕੀਤਾ ਗਿਆ ਸੀ। ਇਸ ਮੇਲੇ ਦੀ ਕਾਮਯਾਬੀ ਲਈ ਸਮੂੰਹ ਪ੍ਰਬੰਧਕ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਵਿੱਚ ਸ. ਸੁਰਿੰਦਰ ਸਿੰਘ ਸੋਢੀ, ਸ. ਚਮਕੌਰ ਸਿੰਘ ਰਾਏਕੇ, ਸ. ਹਰਮਿੰਦਰ ਸਿੰਘ ਧਨੋਆ, ਸ. ਦਵਿੰਦਰ ਸਿੰਘ ਸੇਖੋ, ਸ. ਦਰਸਨ ਸਿੰਘ ਗਿੱਲ, ਸ. ਜਗਦੀਪ ਸਿੰਘ ਭੱਠਲ, ਸ. ਪਵਿੱਤਰ ਸਿੰਘ, ਸ. ਮਨਜਿੰਦਰ ਸਿੰਘ ਦੁਸਾਂਝ, ਸ. ਪਰਮਜੀਤ ਸਿੰਘ ਨਾਗਰਾ, ਸ. ਸੁਖਜੀਤ ਸਿੰਘ ਹੁੰਦਲ, ਸ. ਮਿੰਟੂ ਕਲਸੀ ਅਤੇ ਪਰਮਿੰਦਰ ਸਿੰਘ ਮਾਂਗਟ ਆਦਿਕ ਦੇ ਨਾਂ ਜ਼ਿਕਰਯੋਗ ਹਨ। ਆਪਣੀਆ ਯਾਦਗਾਰੀ ਅਮਿੱਟ ਪੈੜਾ ਛੱਡਦਾ ਹੋਇਆ ਫਿਰ ਤੋਂ ਅਜਿਹੇ ਮੇਲੇ ਕਰਵਾਉਣ ਦੇ ਵਾਅਦੇ ਨਾਲ ਇਹ ਵਿਸਾਖੀ ਮੇਲਾ ਯਾਦਗਾਰੀ ਹੋ ਨਿਬੜਿਆ।

# ਅਜ਼ਾਦੀ ਦੇ ਪਰਵਾਨਿਆਂ ਦੀ ਬਾਤ ਪਾ ਗਿਆ ‘16ਵਾਂ ਮੇਲਾ ਗਦਰੀ ਬਾਬਿਆਂ ਦਾ’

## ਬੱਚਿਆਂ ਵਲੋਂ ਪੇਸ਼ ਆਈਟਮਾਂ ਨੇ ਸਰੋਤਿਆਂ ਤੋਂ ਖੱਟਿਆ ਤਾੜੀਆਂ ਦਾ ਪਿਆਰ

**ਫਰਿਜ਼ਨੋਂ (ਕੁਲਵੀਰ ਹੇਅਰ) –** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਕਰਵਾਇਆ ਗਿਆ 16ਵਾਂ ‘ਮੇਲਾ ਗਦਰੀ ਬਾਬਿਆਂ’ ਦੇਸ਼ ਦੀ ਅਜ਼ਾਦੀ ਦੇ ਸ਼ਹੀਦਾਂ ਦੀ ਬਾਤ ਪਾਉਂਦਾ ਸਮਾਪਤ ਹੋਇਆ। ਇਸ ਵਿਚ ਪਹੁੰਚੇ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੇ ਦੇਸ਼ ਦੀ ਅਜ਼ਾਦੀ ਦੇ ਸ਼ਹੀਦਾਂ ਦੀ ਸ਼ਹਾਦਤ ਨੂੰ ਸਲਾਮ ਕਰਦਿਆਂ ਸਮੁੱਚੇ ਮੇਲੇ ਦੀ ਇਕ ਇਕ ਆਈਟਮ ਨੂੰ ਵੇਖਣ ਲਈ ਮੇਲੇ ਦੀ ਸ਼ੁਰੂਆਤ ਤੋਂ ਆਖਰ ਤੱਕ ਹਾਜ਼ਰੀ ਭਰੀ।ਇਹ ਮੇਲਾ ਦੂਜੇ ਲਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਦੀ ਸ਼ਤਾਬਦੀ ਨੂੰ ਸਮਰਪਤ ਸੀ। ਮੇਲੇ ਦੀ ਸ਼ੁਰੂਆਤ ਵਿਚ ਗਦਰੀ ਬਾਬਿਆਂ ਅਤੇ ਪਿਛਲੇ ਸਾਲ ਵਿਛੜ ਚੁੱਕੀਆਂ ਸਖਸ਼ੀਅਤਾਂ ਏ ਬੀ ਬਰਧਨ, ਡਾ. ਰਣਧੀਰ ਸਿੰਘ, ਬੀਬੀ ਵੀਰਾਂ ਵਾਲੀ, ਚੈਨ ਸਿੰਘ ਚੈਨ ਅਤੇ ਸੰਸਾਰ ਵਿਚ ਵੱਖ ਵੱਖ ਥਾਵਾਂ ’ਤੇ ਹੋਈਆਂ ਅੱਤਵਾਦ ਘਟਨਾਵਾਂ ਵਿਚ ਮਾਰੇ ਗਏ ਬੇਕਸੂਰ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸ਼ੋਕ ਮਤਾ ਪੇਸ਼ ਕੀਤਾ ਗਿਆ। ਪ੍ਰਧਾਨ ਗੁਰਦੀਪ ਸਿੰਘ ਗਿੱਲ ਅਤੇ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਹੇਠ ਮੇਲੇ ਦੀ ਸ਼ੁਰੂਆਤ ਹੋਈ। ਮੰਚ ਦੀ ਸ਼ੁਰੂਆਤ ਵਿਚ ਗੁਰਦੇਵ ਸਿੰਘ ਸਾਹੋਕੇ ਵਲੋਂ ਕਵੀਸ਼ਰੀ ਪੇਸ਼ ਕੀਤੀ ਗਈ। ਛੋਟੇ ਬੱਚਿਆਂ ਗੁਰਲੀਨ ਕੌਰ ਸਿੱਧੂ, ਹਰਵੀਰ ਸਿੰਘ ਧਾਲੀਵਾਲ, ਬਬਲੀਨ ਕੌਰ ਸਿੱਧੂ, ਇਕਬਾਲ ਸਿੰਘ ਸਿੱਧੂ, ਸੁਖਬੀਰ ਸੰਘਾ, ਜਸ਼ਨਪ੍ਰੀਤ ਸਿੰਘ ਅਤੇ ਹੋਰ ਬੱਚਿਆਂ ਵਲੋਂ ਗੀਤ, ਕਵਿਤਾ ਇਤਿਹਾਸ ਪੇਸ਼ ਕੀਤਾ ਗਿਆ।ਇਸ ਮੌਕੇ ਬੁਲਾਰਿਆਂ ਜਿਨ੍ਹਾਂ ਵਿਚ ਮੁੱਖ ਮਹਿਮਾਨ ਡਾ. ਰਘੁਬੀਰ ਕੌਰ ਸਕੱਤਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ, ਸੁਰਿੰਦਰ ਸਿੰਘ ਸਿੱਧੂ ਮੈਂਬਰ ਦੇਸ਼ ਭਗਤ ਯਾਦਗਾਰ ਹਾਲ ਕਮੇਟੀ, ਵੈਂਕਟਾਰਮਨਾ ਇੰਡੀਅਨ ਕੌਂਸਲੇਟ ਆਫਿਸ, ਗੁਰਦੀਪ ਸਿੰਘ ਅਣਖੀ, ਅਮਨ ਧਾਲੀਵਾਲ ਅਦਾਕਾਰ (ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ ਪੰਜਾਬੀ ਫਿਲਮ) ਆਦਿ ਨੇ ਜਿੱਥੇ 16ਵੇਂ ਮੇਲੇ ’ਤੇ ਫੋਰਮ ਵਲੋਂ ਇਸ ਮੇਲੇ ਰੂਪੀ ਉਪਰਾਲੇ ਲਈ ਧੰਨਵਾਦ ਕੀਤਾ ਉੱਥੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਵੀ ਭੇਂਟ ਕਰਦਿਆਂ ਇਤਿਹਾਸਕ ਸਾਂਝ ਵੀ ਪਾਈ। ਮੇਲੇ ਨੂੰ ਸੰਬੋਧਨ ਕਰਦਿਆਂ ਡਾ ਰਘਬੀਰ ਕੌਰ ਨੇ ਲੋਕਾਂ ਨੂੰ ਗਦਰੀ ਬਾਬਿਆਂ ਦੇ ਇਤਿਹਾਸ ਤੋਂ ਜਾਣੂ ਹੋਣ ਅਤੇ ਉਨਾਂ ਦੀ ਸੋਚ ਤੋਂ ਪ੍ਰੇਰਨਾ ਲੈ ਕੇ ਇਕ ਵਧੀਆਂ ਸਮਾਜ ਉਸਾਰਨ ਦਾ ਸੱਦਾ ਦਿਤਾ। ਉਨਾਂ ਸਮੇਂ ਦੀਆ ਸਰਕਾਰਾ ਵਲੋਂ ਗਦਰ ਪਾਰਟੀ ਤੇ ਗਦਰੀਆਂ ਦੀਆ ਕੁਰਬਾਨੀਆਂ ਤੋਂ ਅੱਖਾਂ ਮੀਟੀ ਰੱਖਣ ਦੀ ਨਿੰਦਿਆ ਵੀ ਕੀਤੀ।ਉਨਾਂ ਨੇ ਸਮੂਹ ਭਾਰਤੀਆ ਅਤੇ ਖਾਸ ਕਰਕੇ ਪੰਜਾਬੀਆ ਨੂੰ ਅਪੀਲ ਕੀਤੀ ਕਿ ਉਹ ਜਦ ਵੀ ਪੰਜਾਬ ਆਉਣ ਤਾਂ ਗਦਰੀ ਬਾਬਿਆ ਦੇ ਹੱਥੀ ਉਸਾਰੇ ਹੋਏ ਦੇਸ਼ ਭਗਤ ਯਾਦਗਾਰ ਹਾਲ ਵੀ ਜਰੂਰ ਆਉਣ ਜਿਥੇ ਕਿ ਗਦਰੀ ਪਾਰਟੀ ਨਾਲ ਸਬੰਧਤ ਕਿਤਾਬਾ, ਤਸਵੀਰਾਂ ਅਤੇ ਹੋਰ ਇਤਿਹਾਸਿਕ ਚੀਜਾਂ ਨੂੰ ਸੰਭਾਲ ਕੇ ਰੱਖਿਆ ਗਿਆ ਹੈ। ਉਨਾਂ ਸਮੂਹ ਭਾਈਚਾਰੇ ਦਾ ਦੇਸ਼ ਭਗਤ ਯਾਦਗਾਰ ਹਾਲ ਵਿਚ ਪਿਛਲੇ ਕੁਝ ਸਾਲਾ ਵਿਚ ਉਸਾਰੇ ਗਏ ਵਿਸ਼ਨੂ ਗਣੇਸ਼ ਪਿੰਗਲੇ ਹਾਲ ਅਤੇ ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਵਿਚ ਆਪਣਾ ਯੋਗਦਾਨ ਪਾਉਣ ਲਈ ਧੰਨਵਾਦ ਵੀ ਕੀਤਾ।

ਇਸ ਤੋਂ ਉਪਰੰਤ ਵੱਖ ਵੱਖ ਆਈਟਮਾਂ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਸਿਮਰਨ ਹੇਅਰ ਵਲੋਂ ਤਿਆਰ ਗਿੱਧਾ ਟੀਮ ਨੇ ਖੂਬਸੂਰਤ ਗਿੱਧਾ ਪੇਸ਼ ਕੀਤਾ, ਸਕਿੱਟ (ਸ਼ਹੀਦ ਭਗਤ ਸਿੰਘ) ਰੂਹ ਪੰਜਾਬ ਦੀ ਟੀਮ ਵਲੋਂ ਪੇਸ਼ ਕਰਕੇ ਖੂਬ ਪ੍ਰਸ਼ੰਸਾ ਖੱਟੀ ਗਈ।

ਜੀ ਐੱਚ ਜੀ ਅਕੈਡਮੀ ਦੇ ਬੱਚਿਆਂ ਵਲੋਂ ਭੰਗੜਾ, ਕੋਰੀਓਗ੍ਰਾਫੀ ਪੇਸ਼ ਕਰਕੇ ਕਮਾਲ ਕੀਤੀ ਗਈ ਅਤੇ ਆਂਚਲ ਹੇਅਰ ਵਲੋਂ ਭਾਵਨਾਤਮਕ ’ਅਜ਼ਾਦੀ’ ਆਈਟਮ ਪੇਸ਼ ਕਰਕੇ ਖੂਬ ਤਾੜੀਆਂ ਦੀ ਵਾਹ ਵਾਹ ਖੱਟੀ ਗਈ। ਬੱਚਿਆਂ ਵਲੋਂ ਪੇਸ਼ ਵੱਖ ਵੱਖ ਵੰਨ੍ਹਗੀਆਂ ਉਪਰੰਤ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਹਾਲ ਗੂੰਜਣ ਲਾ ਦਿੱਤਾ ਗਿਆ। ਇਸ ਮੌਕੇ ’ਤੇ ਮਾਣ ਸਨਮਾਨ ਦਾ ਦੌਰ ਵੀ ਚੱਲਿਆ ਜਿਨ੍ਹਾਂ ਵਿਚ ਐਮਲੀ ਸਿੰਘ (ਬੇਟੀ ਗਦਰੀ ਬਾਬਾ ਸੰਤਾ ਸਿੰਘ ਲੋਹਕਾ), ਪਰਮਵੀਰ ਚੌਹਾਨ (ਸਪੋਰਟਸਮੈਨ), ਡਾ. ਰਘੁਬੀਰ ਕੌਰ, ਸੁਰਿੰਦਰ ਸਿੰਘ ਸਿੱਧੂ, ਅਮਨ ਧਾਲੀਵਾਲ ਆਦਿ ਨੂੰ ਫੋਰਮ ਵਲੋਂ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ। ਮੇਲੇ ਵਿਚ ਇਕੱਤਰ ਸਾਰੇ ਲੋਕਾਂ ਵਲੋਂ ਮੇਲੇ ਦੀ ਹਰ ਆਈਟਮ ਦਾ ਖੂਬ ਅਨੰਦ ਮਾਣਿਆ ਪਰ ਸਾਊਂਡ ਸਿਸਟਮ ਦੀ ਮਾੜੀ ਸਰਵਿਸ ਕਾਰਨ ਦਰਸ਼ਕਾਂ ਅਤੇ ਬੱਚਿਆ ਨੂੰ ਕੁਝ ਮਾਯੂਸੀ ਵੀ ਹੋਈ।

ਪ੍ਰਬੰਧਕਾਂ ਕਿਹਾ ਕਿ ਉਹ ਅਗਲੇ ਸਾਲ ਤੋਂ ਸਾਊਂਡ ਸਿਸਟਮ ਨੂੰ ਸੁਧਾਰਣ ਵੱਲ ਖਾਸ ਧਿਆਨ ਦਿਤਾ ਜਾਵੇਗਾ। ਵਿੱਦਿਆ ਦੇ ਖੇਤਰ ਵਿਚ 4.0 ਜੀ ਪੀ ਏ ਵਾਲੇ ਬੱਚਿਆਂ ਨੂੰ ਨਗਦ ਅਤੇ ਯਾਦਗਾਰੀ ਚਿੰਨ੍ਹਾ ਨਾਲ ਸਨਮਾਨਿਤ ਕੀਤਾ ਗਿਆ। ਫੋਰਮ ਵਲੋਂ ਤਿਆਰ ਸਲਾਨਾ ਰੰਗਦਾਰ ਸੋਵੀਨਾਰ ਵੀ ਰਿਲੀਜ਼ ਕੀਤਾ ਗਿਆ ਅਤੇ ਨਾਲ ਹੀ ਗਦਰੀ ਬਾਬਾ ਬਾਬੂ ਹਰਨਾਮ ਸਿੰਘ ਸਾਹਰੀ (ਡਾ ਜਸਵੰਤ ਰਾਏ), ਦੇਵ ਘੋਲੀਆ ਦੇ ਗੀਤਾਂ ਦੀ ਕਿਤਾਬ ‘ਢੋਲ ਪ੍ਰਦੇਸੀ’ ਅਤੇ ਪ੍ਰੇਮ ਕੁਮਾਰ ਚੁੰਬਰ ਦੁਆਰਾ ‘ਦੇਸ਼ ਦੁਆਬਾ’ ਦਾ ਗਦਰ ਪਾਰਟੀ ਸਪੈਸ਼ਲ ਅੰਕ, ਕਿਤਾਬ ਅਤੇ ‘ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ’ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਗਦਰੀ ਬਾਬਿਆਂ ਅਤੇ ਦੇਸ਼ ਦੇ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਖਾਸ ਖਿੱਚ ਦਾ ਕੇਂਦਰ ਰਹੀ।

ਬੈਪਸੀ ਵਲੋ ਮੈਡੀਕਲ ਕੈਂਪ ਵੀ ਲਾਇਆ ਗਿਆ। ਹਾਲ ਵਿਚ ਫਰੀ ਸਾਹਿਤਕ ਲਿਟਰੇਚਰ ਵੀ ਵੰਡਿਆ ਗਿਆ। ਬੱਚਿਆਂ ਵਲੋਂ ਵੱਖ ਵੱਖ ਪੇਸ਼ ਆਈਟਮਾਂ ਉਪਰੰਤ ਫੋਰਮ ਵਲੋਂ ਉਨ੍ਹਾਂ ਨੂੰ ਯਾਦਗਾਰੀ ਸਨਮਾਨ ਚਿੰਨ੍ਹਾਂ ਅਤੇ ਨਗਦੀ ਨਾਲ ਸਨਮਾਨਿਤ ਕੀਤਾ ਗਿਆ। ਫੋਰਮ ਦੀ ਇਸਤਰੀ ਵਿੰਗ ਵਲੋਂ ਇਸ ਮੇਲੇ ਨੂੰ ਕਾਮਯਾਬ ਕਰਨ ਵਿਚ ਅਹਿਮ ਭੂਮਕਾ ਨਿਵਾਈ ਗਈ। ਸਟੇਜ ਦੀ ਕਾਰਵਾਈ ਸਟੇਜਾਂ ਦੀ ਰੂਹੇ ਰਵਾਂ ਬੀਬੀ ਆਸ਼ਾ ਸ਼ਰਮਾ, ਸ਼ਾਇਰ ਹਰਜਿੰਦਰ ਢੇਸੀ, ਸੁਰਿੰਦਰ ਮੰਢਾਲੀ ਅਤੇ ਹਰਮਨ ਗਿੱਲ ਵਲੋਂ ਬਾਖੂਬੀ ਨਾਲ ਨਿਭਾਈ। ਇਸ ਮੌਕੇ ਆਏ ਹੋਏ ਸਮੂਹ ਲੋਕਾਂ ਲਈ ਚਾਹ ਪਕੌੜਿਆਂ ਦੇ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਅੰਤ ਵਿਚ ਸਥਾਨਕ ਗਾਇਕ ਹਰਜੀਤ ਸਿੰਘ, ਧਰਮਵੀਰ ਸਿੰਘ ਥਾਂਦੀ ਅਤੇ ਜੀਤਾ ਗਿੱਲ ਵਲੋਂ ਆਪਣੀ ਗਾਇਕੀ ਰਾਹੀਂ ਮੇਲੇ ਨੂੰ ਸਿਖਰਾਂ ਤੱਕ ਪਹੁੰਚਾਇਆ ਗਿਆ ਅਤੇ ਸ਼ਹੀਦਾਂ ਨੂੰ ਗੀਤਾਂ ਰਾਹੀ ਸਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਕੁੱਲ ਮਿਲਾ ਕੇ ਇਹ ਮੇਲਾ ਕਾਮਯਾਬੀ ਦੀਆਂ ਸਿਖਰਾਂ ਛੂੰਹਦਾ ਹੋਇਆ ਸਮਾਪਤ ਹੋਇਆ।

# ਹੈਪੇਟਾਈਟਿਸ ‘ਸੀ’ ਪੀੜਤ ਮਰੀਜ਼ਾਂ ਦਾ ਮੁਫ਼ਤ ’ਚ ਇਲਾਜ ਕਰੇਗੀ ਪੰਜਾਬ ਸਰਕਾਰ

**ਚੰਡੀਗੜ੍ਹ–** ਪੰਜਾਬ ਵਿੱਚ ਹੁਣ ਹੈਪੇਟਾਈਟਸ 'ਸੀ' ਪੀੜਤ ਮਰੀਜ਼ਾਂ ਦਾ ਇਲਾਜ ਬਿਲਕੁਲ ਮੁਫ਼ਤ ਹੋਵੇਗਾ। ਸਰਕਾਰੀ ਤੰਤਰ ਨਾਲ ਜੁੜੇ ਇਕ ਉੱਚ ਅਧਿਕਾਰੀ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਪ੍ਰਾਜੈਕਟ ਨੂੰ ਰਸਮੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਪ੍ਰਾਜੈਕਟ ਨੂੰ ਜ਼ਿਲ੍ਹਾ ਹਸਪਤਾਲਾਂ ਵਿੱਚ ਅਮਲੀ ਰੂਪ ਵਿੱਚ ਲਾਗੂ ਕਰਨ ਲਈ ਸਰਕਾਰ ਦੇ ਸਿਹਤ ਸਬੰਧੀ ਮਾਮਲਿਆਂ ਦੇ ਸਲਾਹਕਾਰ ਡਾ.ਕੇ.ਕੇ.ਤਲਵਾਰ ਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਵਿਨੀ ਮਹਾਜਨ ਦੀ ਡਿਊਟੀ ਲਾਈ ਗਈ ਹੈ। ਇਕ ਅੰਦਾਜ਼ੇ ਮੁਤਾਬਕ ਇਸ ਪ੍ਰਾਜੈਕਟ ਦੇ ਅਮਲ ਵਿੱਚ ਆਉਣ ਨਾਲ ਸਰਕਾਰੀ ਖ਼ਜ਼ਾਨੇ ’ਤੇ 1000 ਕਰੋੜ ਰੁਪਏ ਦਾ ਵਾਧੂ ਬੋਝ ਪਏਗਾ। ਯਾਦ ਰਹੇ ਕਿ ਹੈਪੇਟਾਈਟਸ ’ਸੀ’ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਕੈਂਸਰ ਪੀੜਤਾਂ ਦਾ ਵੀ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਹੈਪੇਟਾਈਟਸ ਪੀੜਤ ਮਰੀਜ਼ਾਂ ਬਾਰੇ ਕੋਈ ਸਟੀਕ ਡੇਟਾ ਤਾਂ ਮੌਜੂਦ ਨਹੀਂ ਹੈ, ਪਰ ਬਲੱਡ ਬੈਂਕਾਂ ਕੋਲ ਮੌਜੂਦ ਖੂਨ ਦਾਨੀਆਂ ਦੇ ਡੇਟਾ ਮੁਤਾਬਕ ਇਸ ਰੋਗ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ 0.5 ਫੀਸਦ ਤੋਂ 3.5 ਫੀਸਦ ਤਕ ਹੈ। ਹਾਲਾਂਕਿ ਨਿੱਜੀ ਡਾਕਟਰਾਂ ਵੱਲੋਂ ਕੀਤੇ ਅਧਿਐਨ ਮੁਤਾਬਕ ਰਾਜ ਦੇ ਕੁਝ ਹਿੱਸਿਆਂ ਵਿੱਚ ਇਹ ਅੰਕੜਾ 5.2 ਫੀਸਦ ਹੈ। ਇਸ ਰੋਗ ਦਾ ਇਲਾਜ ਹੁਣ ਓਰਲ ਡਰੱਗਜ਼ ਰਾਹੀਂ ਕੀਤਾ ਜਾਂਦਾ ਹੈ ਜਦਕਿ ਪਹਿਲਾਂ ਲੱਖਾਂ ਰੁਪਏ ਦੇ ਇੰਜੈਕਸ਼ਨਾਂ ਨਾਲ ਇਸ ਦਾ ਉਪਚਾਰ ਕੀਤਾ ਜਾਂਦਾ ਸੀ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਵਰਗੀ ਕਰਮੀ ਰਾਮ ਲੱਧੜ ਦੀ ਪਹਿਲੀ ਬਰਸੀ ਮਨਾਈ

## ਯੂ.ਸੀ.ਡੇਵਿਸ ਅਤੇ ਸੈਕ ਸਟੇਟ ਯੂਨੀਵਰਸਿਟੀ ਵਿਦਿਆਰਥੀਆਂ ਨੇ ਲਗਾਇਆ ਮੈਡੀਕਲ ਕੈਂਪ














**ਸੈਕਰਾਮੈਂਟੋ (ਡੀ. ਡੀ. ਬੀ.)-** ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਾਬਕਾ ਸਕੱਤਰ ਸ੍ਰੀ ਹੰਸ ਰਾਜ ਕਾਜਲਾ ਦੀ ਸੱਸ ਸਵਰਗੀ ਕਰਮੀ ਰਾਮ ਲੱਧੜ ਸੁਪਤਨੀ ਸ੍ਰੀ ਮੋਤੀ ਰਾਮ ਲੱਧੜ ਕਰਨਾਣਾ ਜੀ ਦੀ ਪਹਿਲੀ ਬਰਸੀ ਤੇ ਲੱਧੜ, ਉਜਾਗਰ, ਭਾਟੋਇਆ ਅਤੇ ਕਾਜਲਾ ਪਰਿਵਾਰਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਪਾਠ ਰਖਾਏ ਗਏ ਤੇ 3 ਅਪ੍ਰੈਲ ਦਿਨ ਐਤਵਾਰ ਨੂੰ ਭੋਗ ਪਾਏ ਗਏ।

ਇਸ ਮੌਕੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਨਿਰਮਲ ਸਿੰਘ ਤੇ ਭਾਈ ਜਸਪਾਲ ਸਿੰਘ ਅਤੇ ਭਾਈ ਦਲਜੀਤ ਸਿੰਘ ਜੀ ਦੇ ਜਥੇ ਤੋਂ ਇਲਾਵਾ ਚੰਡੀਗੜ੍ਹ ਵਾਲੇ ਭਾਈ ਮਨਪ੍ਰੀਤ ਸਿੰਘ ਤੇ ਉਹਨਾਂ ਦੇ ਰਾਗੀ ਸਾਥੀ ਭਾਈ ਗੁਰਪ੍ਰੀਤ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਜੀ ਨੇ ਸ਼ਬਦ ਗਾਇਨ ਕੀਤਾ ਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਤੇ ਸਵਰਗੀ ਕਰਮੀ ਰਾਮ ਲੱਧੜ ਦੀ ਸੇਵਾ ਭਾਵਨਾ ਵਾਲੇ ਬਣਨ ਲਈ ਵਰਣਨ ਕੀਤਾ। ਯਾਦ ਰਹੇ ਸਵਰਗੀ ਕਰਮੀ ਲੱਧੜ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪੈਟਰਨ ਵੀ ਸਨ।

ਅੱਜ ਦੇ ਦਿਨ ਜਿਹਨਾਂ-ਜਿਹਨਾਂ ਵਿਚ ਦੋ ਸ਼ਬਦ ਸ਼ਰਧਾਂਜਲੀ ਵਜੋਂ ਰੱਖੇ, ਉਹਨਾਂ ਵਿਚ ਸਰਵਸ਼੍ਰੀ ਜਸਵਿੰਦਰ ਬੰਗਾ ਚੇਅਰਮੈਨ, ਸੇਵਕ ਰਾਮ ਰੱਲੂ, ਹੰਸ ਰਾਜ ਕਾਜਲਾ ਅਤੇ ਸਾਬਕਾ ਸਕੱਤਰ ਸ੍ਰੀ ਰਮੇਸ਼ ਬੰਗੜ ਨੇ ਸਟੇਜ ਦੀ ਸੇਵਾ ਨਿਭਾਈ ਤੇ ਗੁਰੂ ਘਰ ਵਿਖੇ ਪਧਾਰੇ ਨਵੇਂ ਜਥੇ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦਿਆਂ ਕਿਹਾ ਕਿ ਇਹਨਾਂ ਵਿਚ ਦੋ ਭਾਈ ਮਨਪ੍ਰੀਤ ਸਿੰਘ ਅਤੇ ਭਾਈ ਗੁਰਪ੍ਰੀਤ ਸਿੰਘ, ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਦੇ ਲੜਕੇ ਅਤੇ ਤੀਸਰੇ ਭਾਈ ਅਮ੍ਰਿਤਪਾਲ ਸਿੰਘ ਜੀ ਉਹਨਾਂ ਦਾ ਭਤੀਜਾ ਹੈ ਅਤੇ ਤਿੰਨੋ ਭਾਈ ਚੰਗੇ ਪੜ੍ਹੇ ਲਿਖੇ ਹਨ। ਇਸ ਦੌਰਾਨ ਯੂ. ਸੀ. ਡੇਵਿਸ ਅਤ ਸੈਕ ਸਟੇਟ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਭਗਤ ਪੂਰਨ ਸਿੰਘ ਦੇ ਬੈਨਰ ਹੇਠ ਇਕ ਮੈਡੀਕਲ ਕੈਂਪ ਵੀ ਲਗਾਇਆ। ਇਹਨਾਂ ਵਿਦਿਆਰਥੀਆਂ ਤੇ ਲੱਧੜ ਅਤੇ ਹੋਰ ਸਬੰਧਤ ਪਰਿਵਾਰਾਂ ਨੂੰ ਗੁਰੂ ਘਰ ਦੀ ਕਮੇਟੀ ਵੱਲੋਂ ਸਿਰੋਪਾਓ ਨਾਲ ਸਨਮਾਨਿਤ ਵੀ ਕੀਤਾ ਗਿਆ। ਇਸ ਉਪਰੰਤ ਸੰਗਤਾਂ ਦਾ ਧੰਨਵਾਦ ਤੇ ਗੁਰੂ ਦੇ ਅਟੁੱਟ ਲੰਗਰ ਵਰਤਾਏ ਗਏ।

# ਗੋਰੇ ਸਿੰਘਾਂ ਵੱਲੋਂ ਲਾਸ ਏਂਜ਼ਲਸ ਵਿਖੇ ਨਗਰ ਕੀਰਤਨ 10 ਅਪ੍ਰੈਲ ਨੂੰ ਹੋਵੇਗਾ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿਖੇ ਭਾਈ ਹਰਭਜਨ ਸਿੰਘ ਯੋਗੀ ਦੁਆਰਾ ਵਰੋਸਾਏ ਗੋਰੇ ਸਿੰਘਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 'ਗੁਰੂ ਰਾਮ ਦਾਸ ਆਸਰਮ' 1620 ਪਰੀਸਸ ਰੋਡ, ਲਾਸ ਏਂਜਲਸ ਵਿਖੇ ਅਮ੍ਰਿੰਤ ਸੰਚਾਰ ਸਵੇਰੇ 3 ਵਜ਼ੇ ਹੋਵੇਗਾ ਅਤੇ ਕੀਰਤਨ ਦਰਬਾਰ ਸਵੇਰੇ 6 ਵਜੇ ਸ਼ੁਰੂ ਹੋਵੇਗਾ। ਸਲਾਨਾ ਵਿਸਾਖੀ ਨੂੰ ਸਮਰਪਿਤ ਨਗਰ ਕੀਰਤਨ 10 ਅਪ੍ਰੈਲ ਦਿਨ ਐਤਵਾਰ ਨੂੰ ਕਨਵੈਨਸ਼ਨ ਸੈਂਟਰ, 1201 ਫਿਗੌਰਾ ਸਟਰੀਟ, ਲਾਸ ਏਜਲਸ 'ਤੇ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਸਵੇਰੇ 7 ਵਜੇ ਕੀਰਤਨ ਦਰਬਾਰ ਹੋਵੇਗਾ ਅਤੇ ਉਪਰੰਤ ਨਗਰ ਕੀਰਤਨ ਰਵਾਨਗੀ ਕਰੇਗਾ। ਜੋ ਸਾਮ 4:30 ਵਜੇ ਗੁਰੂਘਰ ਵਾਪਸ ਅਵੇਗਾ। ਜਿਸ ਵਿੱਚ ਸਮੂੰਹ ਗੁਰੂਘਰਾਂ ਦੁਆਰਾ ਭਰਪੂਰ ਸਹਿਯੋਗ ਦਿੱਤਾ ਜਾਂ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਫਰਿਜ਼ਨੋ ਤੋਂ ਭਾਈ ਦਾਰਾ ਸਿੰਘ ਨੇ ਦੱਸਿਆ ਕਿ ਅਮਰੀਕਾ ਦੇ ਦੂਰ-ਦੁਰਾਡੇ ਤੋਂ ਸੰਗਤਾਂ ਪਹੁੰਚਦੀਆਂ ਹਨ।

ਇਸ ਨਗਰ ਕੀਰਤਨ ਦਾ ਨਜ਼ਾਰਾ ਬਹੁਤ ਅਲੌਕਿਕ ਹੁੰਦਾ ਹੈ। ਜਿਸ ਵਿੱਚ ਫਰਿਜ਼ਨੋ ਦੀਆਂ ਸੰਗਤਾਂ ਦੁਆਰਾ ਉੱਥੇ ਜੂਸ ਅਤੇ ਲੰਗਰਾਂ ਦੇ ਸਟਾਲ ਲਾਏ ਜਾਣਗੇ।

ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਜਿੱਥੇ ਪੰਜਾਬੀ ਭਾਈਚਾਰਾ ਸਿੱਖੀ ਤੋਂ ਦੂਰ ਹੁੰਦਾ ਜਾ ਰਿਹਾ ਹੈ, ਉੱਥੇ ਅਮਰੀਕਨ ਮੂਲ ਦੇ ਗੋਰੇ ਸਿੱਖ ਸਜ ਕੇ ਸਿੱਖੀ ਦਾ ਮਾਣ ਵਧਾ ਰਹੇ ਹਨ।

ਸਮੂਹ ਸਿੱਖ ਸੰਗਤ ਨੂੰ ਨਗਰ ਕੀਰਤਨ ਵਿੱਚ ਸਾਮਲ ਹੋਣ ਦੀ ਪ੍ਰਬੰਧਕਾਂ ਵੱਲੋਂ ਬੇਨਤੀ ਕੀਤੀ ਗਈ ਹੈ।



# ਪੰਥਕ ਚੈਨਲ ਟੀ.ਵੀ. 84 ਦੇ ਫੰਡ ਰੇਜ਼ਰ ਸਮਾਗਮ ਨੂੰ ਪ੍ਰਸ਼ੰਸਕਾਂ ਨੇ ਦਿੱਤਾ ਭਰਵਾਂ ਹੁੰਗਾਰਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਪੰਥਕ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਚੱਲ ਰਹੇ ਮੀਡੀਆ ਦੀ ਕੌਮ ਨੂੰ ਸਖਤ ਲੋੜ: ਜਗਮੀਤ ਸਿੰਘ ਐਮ. ਪੀ. ਪੀ. ਕੈਨੇਡਾ ਨਿਊਯਾਰਕ: ਸਿੱਖ ਕੌਮ ਦੀ ਚੜਦੀ ਕਲਾ ਅਤੇ ਦੁਨੀਆ ਵਿੱਚ ਹੋ ਰਹੀ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾ ਦੀਆਂ ਘਟਨਾਵਾਂ ਖਿਲਾਫ ਲਗਾਤਾਰ ਅਵਾਜ਼ ਬੁਲੰਦ ਕਰਦਿਆਂ ਟੀ.ਵੀ 84 ਵਲੋਂ ਪਿਛਲੇ ਤਿੰਨ ਸਾਲਾਂ ਤੋਂ ਕੌਮ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਕਾਰਜ ਨੂੰ ਅੱਗੇ ਤੋਰਨ ਲਈ ਲੌਂਗ ਆਇਲੈਂਡ ਸਿਟੀ ਸਥਿਤ ਸਾਊਂਡ ਵਿਊ ਬਰੌਡਕਾਸਟਿੰਗ ਕੰਪਨੀ ਕੰਪਲੈਕਸ ਵਿਖੇ ਟੀ.ਵੀ. 84 ਲਈ ਫੰਡ ਰੇਜ਼ਿੰਗ ਸਮਾਗਮ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਟੀ. ਵੀ. 84 ਨੂੰ ਚਾਹੁੰਣ ਵਾਲਿਆਂ ਨੇ ਸ਼ਿਰਕਤ ਕੀਤੀ ਅਤੇ ਪੰਥਕ ਚੈਨਲ ਨੂੰ ਪ੍ਰਫੁੱਲਤ ਕਰਨ ਲਈ ਵਧ-ਚੜਕੇ ਆਪਣਾ ਯੋਗਦਾਨ ਪਾਇਆ।

ਸਮਾਗਮ ਦਾ ਅਰੰਭ ਨਿਰਧਾਰਤ ਰਾਗ ਵਿੱਚ ਸ਼ਬਦ ਗਾਇਨ ਦੇ ਨਾਲ ਕੀਤਾ ਗਿਆ। ਇਸ ਫੰਡ ਰੇਜ਼ਰ ਪ੍ਰੋਗਰਾਮ ਵਿੱਚ ਈਸਟ ਕੋਸਟ ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦਾ ਅਹਿਮ ਯੋਗਦਾਨ ਰਿਹਾ। 50 ਤੋਂ ਜ਼ਿਆਦਾ ਨੁਮਾਇੰਦਿਆਂ ਨੇ ਅਮਰੀਕਾ ਕੈਨੇਡਾ ਦੀਆਂ ਵੱਖ-ਵੱਖ ਥਾਵਾਂ ਤੋਂ ਸ਼ਮੂਲੀਅਤ ਕੀਤੀ।

ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਕੈਨੇਡਾ ਦੇ ਓਂਟਾਰੀਓ ਸੂਬੇ ਤੋਂ ਐਮ. ਪੀ. ਪੀ. ਜਗਮੀਤ ਸਿੰਘ ਨੇ ਟੀ.ਵੀ. 84 ਦੀ ਪੰਥਕ ਸੋਚ ਨੂੰ ਸਿਜਦਾ ਕਰਦਿਆਂ ਕਿਹਾ



ਕਿ ਟੀ.ਵੀ. 84 ਨੇ ਗੁਰੂ ਨਾਨਕ ਪਾਤਸ਼ਾਹ ਦੀਆਂ ਸਿੱਖਿਆਵਾਂ ਤੇ ਚੱਲਦਿਆਂ ਆਪਣੇ ਅਦਾਰੇ ਵਿੱਚ ਬੀਬੀਆਂ ਨੂੰ ਵੀ ਸਤਿਕਾਰਤ ਥਾਂ ਦਿੱਤੀ ਹੈ। ਉਨਾਂ ਕਿਹਾ ਕਿ ਟੀ.ਵੀ. 84 ਸਿੱਖ ਵਿਚਾਰਧਾਰਾ ਨੂੰ ਆਮ ਸਿੱਖਾਂ ਦੇ ਘਰਾਂ ਤੱਕ ਪਹੁੰਚਾਉਣ ਦਾ ਕੰਮ ਕਰ ਰਿਹਾ ਹੈ। ਸਾਨੂੰ ਸਿੱਖ ਝਰੋਖੇ ਵਿੱਚੋਂ ਗੱਲ ਨੂੰ ਸਮਝਾਉਣ ਵਾਲੇ ਮੀਡੀਆ ਦੀ ਸਖਤ ਲੋੜ ਹੈ। ਜਗਮੀਤ ਸਿੰਘ ਨੇ ਟੀ.ਵੀ. 84 ਦੇ ਸੰਸਥਾਪਕ ਮੈਂਬਰਾਂ, ਜਿਨਾਂ ਵਿੱਚ ਡਾ. ਅਮਰਜੀਤ ਸਿੰਘ, ਡਾ. ਰਣਜੀਤ ਸਿੰਘ ਅਤੇ ਹਰਦਿਆਲ ਸਿੰਘ ਸ਼ਾਮਲ ਹਨ, ਦਾ ਇਸ ਉੱਦਮ ਲਈ ਵਿਸ਼ੇਸ਼ ਧੰਨਵਾਦ ਕੀਤਾ। ਸਮਾਗਮ ਵਿੱਚ ਟੀ.ਵੀ. 84 ਵਲੋਂ ਤਿਆਰ ਕੀਤੀ ਗਈ ਇੱਕ ਡਾਕੂਮੈਂਟਰੀ ਦਾ ਵਿਸ਼ੇਸ਼ ਪ੍ਰਸਾਰਣ ਕੀਤਾ ਗਿਆ, ਜਿਸ ਵਿੱਚ ਚੈਨਲ ਦੇ ਮਿਸ਼ਨ ਬਾਰੇ ਚਰਚਾ ਕੀਤੀ ਗਈ।

ਇਸ ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਡਾ. ਅਮਰਜੀਤ ਸਿੰਘ, ਡਾ. ਪ੍ਰਿਤਪਾਲ ਸਿੰਘ, ਸੁਖਮਿੰਦਰ ਸਿੰਘ ਹੰਸਰਾ ਅਤੇ ਭਾਈ ਰੇਸ਼ਮ ਸਿੰਘ ਸ਼ਾਮਲ ਸਨ। ਸਿੱਖ ਕੌਮ ਦੀ ਅਜ਼ਾਦੀ ਅਤੇ ਮਨੁੱਖੀ ਹੱਕਾਂ ਲਈ ਅਵਾਜ਼ ਬੁਲੰਦ ਕਰ ਰਹੀਆਂ ਜਥੇਬੰਦੀਆਂ, ਅਦਾਰਿਆਂ ਅਤੇ ਪੰਥਕ ਸਖਸ਼ੀਅਤਾਂ ਨੂੰ ਸਨਮਾਨਤ ਕੀਤਾ ਗਿਆ, ਜਿਨਾਂ ਵਿੱਚ ਸ. ਜਗਮੀਤ ਸਿੰਘ, ਸ਼ਫਕਤ ਚੌਧਰੀ, ਡਾ. ਇਕਤਿਦਾਰ ਕਰਾਮਤ ਚੀਮਾ, ਡਾ. ਪ੍ਰਿਤਪਾਲ ਸਿੰਘ, ਸ. ਸੁਖਦੇਵ ਸਿੰਘ ਗਿੱਲ, ਸ. ਸਤਨਾਮ ਸਿੰਘ ਰਟੈਂਡਾ ਅਤੇ ਜਥੇਬੰਦੀਆਂ ਵਿੱਚੋਂ ਸਿੱਖਸ ਫਾਰ ਜਸਟਿਸ, ਸਿੱਖ ਯੂਥ ਆਫ ਅਮਰੀਕਾ, ਸ਼੍ਰੋਮਣੀ ਅਕਾਲੀ ਦਲ (ਅ), ਦੋਆਬਾ ਸਿੱਖ ਐਸੋਸੀਏਸ਼ਨ, ਯੂਨਾਈਟਿਡ ਸਿੱਖਸ, ਫਰੈਂਡਸ ਆਫ ਸਿੱਖ ਕੌਕਸ, ਪੰਥਕ ਸਿੱਖ ਸੋਸਾਇਟੀ ਆਫ ਨਿਊਯਾਰਕ, ਰੇਡੀਓ ਵੌਇਸ ਆਫ ਖਾਲਸਾ, ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਆਦਿ ਦੇ ਨਾਮ ਸ਼ਾਮਲ ਹਨ।

ਪੰਥਕ ਸੇਵਾ ਦੇ ਪਿੜ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਸਿੱਖ ਬੀਬੀਆਂ ਨੂੰ ਵੀ ਸਨਮਾਨਤ ਕੀਤਾ ਗਿਆ।

# ਅਮਰੀਕੀ ਪੰਜਾਬੀ ਕਵੀਆਂ ਨੇ ਸਜਾਇਆ ਧਾਰਮਿਕ ਕਵੀ ਦਰਬਾਰ

**ਫੇਅਰਫੀਲਡ (ਪ੍ਰਮਿੰਦਰ ਸਿੰਘ ਪ੍ਰਵਾਨਾ)-** ਸ੍ਰੀ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਵਿਖੇ ਗੁਰੂ ਹਰਿਰਾਏ ਜੀ ਦੇ ਪ੍ਰਕਾਸ਼ ਉਤਸਵ ਤੇ ਹਫਤਾਵਾਰੀ ਦੀਵਾਨ ਸਜਾਏ ਗਏ। ਅਮਰੀਕੀ ਪੰਜਾਬੀ ਕਵੀਆਂ ਵੱਲੋਂ ਵਿਸ਼ੇਸ਼ ਸੱਦੇ 'ਤੇ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰੂ ਜੀ ਦੇ ਜੀਵਨ ਅਤੇ ਇਤਿਹਾਸ 'ਤੇ ਰੌਸ਼ਨੀ ਪਾਉਂਦਿਆਂ ਦੱਸਿਆ ਕਿ ਗੁਰੂ ਹਰਿਰਾਏ ਜੀ ਸਿੱਖਾਂ ਦੇ ਸੱਤਵੇਂ ਗੁਰੂ ਹੋਏ ਹਨ। ਆਪ ਬਚਪਨ ਤੋਂ ਹੀ ਸੰਤ ਸੁਭਾਅ ਅਤੇ ਪ੍ਰਮੇਸ਼ਰ ਦੀ ਬੰਦਗੀ ਵਿਚ ਰਹਿਣ ਵਾਲੇ ਸਤਿ ਸੰਤੋਖ ਦੀ ਮੂਰਤ ਸਨ। 1644 ਵਿਚ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ। ਗੁਰੂ ਜੀ ਨਾਲ ਉੱਚ ਕੋਟੀ ਦੇ 2200 ਸਿੰਘ ਸੂਰਮੇ ਜਵਾਨਾਂ ਦੀ ਇਕ ਫੌਜੀ ਟੁਕੜੀ ਸੀ। ਕਿਸੇ ਸਵਾਲੀ ਜਾਂ ਸ਼ਰਨ ਆਏ ਨੂੰ ਕਦੇ ਨਹੀਂ ਮੋੜਦੇ ਸਨ। ਗੁਰੂ ਜੀ ਦੇ




ਖਜ਼ਾਨੇ ਵਿਚ ਕਈ ਦੁਰਲੱਭ ਅਤੇ ਕੀਮਤੀ ਚੀਜ਼ਾਂ ਜਮ੍ਹਾ ਹੋ ਗਈਆਂ ਸਨ। ਸ਼ਾਹ ਜਹਾਨ ਦਾ ਬੇਟਾ ਦਾਰਾ ਸ਼ਿਕੋਹ ਬਹੁਤ ਬਿਮਾਰ ਹੋ ਗਿਆ ਤਾਂ ਗੁਰੂ ਜੀ ਦੇ ਦਵਾਖਾਨੇ ਦੀ ਦਵਾਈ ਨਾਲ ਉਹ ਠੀਕ ਹੋ ਗਿਆ। ਫਿਰ ਔਰੰਗਜ਼ੇਬ ਵੱਲੋਂ ਉਤਰਾ-ਅਧਿਕਾਰੀ ਸਮੇਂ ਦਾਰਾ ਸ਼ਿਕੋਹ ਨੂੰ ਪੰਜਾਬ ਵੱਲ ਧੱਕ ਦਿੱਤਾ ਤਾਂ ਉਹ ਗੋਇੰਦਵਾਲ ਵਿਖੇ ਗੁਰੂ ਜੀ ਦੀ ਸ਼ਰਨ ਵਿਚ ਆਏ ਨੂੰ ਔਰੰਗਜ਼ੇਬ ਦੇ ਖੂਨੀ ਪੰਜੇ ਤੋਂ ਬਚਾਇਆ। ਆਪਣੇ ਪੁੱਤਰ ਰਾਮ ਰਾਏ ਦੀ ਗੁਰਬਾਣੀ ਉਚਾਰਨ ਦੀ ਗਲਤੀ ਨੂੰ ਮਾਫ ਨਾ ਕੀਤਾ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸਿੱਖ ਇਤਿਹਾਸ ਅਤੇ ਵਿਰਸੇ ਦੇ ਹਵਾਲੇ ਨਾਲ ਜੋਸ਼ੀਲੀਆਂ ਕਵਿਤਾਵਾਂ ਕਹੀਆਂ।

# ਦੂਜਾ ਵਿਸ਼ਵ ਪੱਧਰੀ ਮਹਾਨ ਮਿਸ਼ਨਰੀ ਮੇਲਾ ਅਤੇ ਵਿਚਾਰ ਗੋਸ਼ਟੀ 24 ਅਪ੍ਰੈਲ ਨੂੰ

**ਜਲੰਧਰ-** ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਜੀ ਦਾ 125ਵਾਂ ਜਨਮ ਦਿਹਾੜਾ ਪਿੰਡ ਤੇ ਡਾਕਖਾਨਾ ਰੰਧਾਵਾ ਮਸੰਦਾਂ, ਜਲੰਧਰ ਵਿਖੇ 24 ਅਪ੍ਰੈਲ ਨੂੰ ਬੜੀ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸ਼ੁਭ ਮੌਕੇ ਤੇ ਬਹੁਤ ਸਾਰੇ ਸਮਾਜ ਦਰਦੀ, ਬੁੱਧੀਜੀਵੀ ਅਤੇ ਮਿਸ਼ਨਰੀ ਕਲਾਕਾਰ ਆਪਣੇ ਵਿਚਾਰ ਅਤੇ ਗੀਤਾਂ ਰਾਹੀਂ




ਡਾ. ਸਾਹਿਬ ਦੇ ਮਿਸ਼ਨ ਦਾ ਗੁਣਗਾਨ ਕਰਨਗੇ। ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨਲ ਐਂਡ ਵੈਲਫੇਅਰ ਟਰੱਸਟ ਦੁਆਰਾ ਇਹ ਦੂਜਾ ਵਿਸ਼ਵ ਪੱਧਰੀ ਮਹਾਨ ਮਿਸ਼ਨਰੀ ਮੇਲਾ ਅਤੇ ਵਿਚਾਰ ਗੋਸ਼ਟੀ ਹੋਵੇਗੀ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ 91-98725-20704 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੀਤਕਾਰ 'ਦੇਵ ਘੋਲੀਏ' ਵਾਲੇ ਦੀ ਇਕ ਸੌ ਦਸ ਗੀਤਾਂ ਨਾਲ ਸ਼ਿੰਗਾਰੀ ਪਲੇਠੀ ਪੁਸਤਕ ਡਾ. ਰਘਬੀਰ ਕੌਰ ਵੱਲੋਂ ਰਿਲੀਜ਼

**ਫਰਿਜ਼ਨੋ-** ਪ੍ਰਸਿੱਧ ਲੇਖਕ ਜਗਤਾਰ ਗਿੱਲ ਦੀ ਪੇਸ਼ਕਸ਼ ਗੀਤਕਾਰ ਦੇਵ ਘੋਲੀਏ ਦੀ ਪਲੇਠੀ ਪੁਸਤਕ ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਵੱਲੋਂ ਕਰਵਾਏ ਬੀਤੇ 27 ਮਾਰਚ ਨੂੰ ਗਦਰੀ ਬਾਬਿਆਂ ਦੇ ਮੇਲੇ ਤੇ ਡਾ. ਰਘਬੀਰ ਕੌਰ, ਕਰਨਲ ਹਰਦੇਵ ਸਿੰਘ ਤੇ ਗੁਰਦੀਪ ਸਿੰਘ ਅਣਖੀ ਦੀ ਸਰਪ੍ਰਸਤੀ ਹੇਠ ਬੜੇ ਧੂਮ-ਧੜੱਕੇ ਨਾਲ ਰਿਲੀਜ਼ ਕੀਤੀ ਗਈ। ਇਹ ਪੁਸਤਕ ਜਿਸਦਾ ਨਾਂ 'ਢੋਲ ਪ੍ਰਦੇਸੀ' ਪਹਿਲਾਂ ਹੀ ਪੰਜਾਬ ਵਿਚ 22 ਫਰਵਰੀ ਨੂੰ ਪੰਜਾਬੀ ਸਾਹਿਤ ਸਭਾ ਮੋਗਾ ਵਿਖੇ ਡਾ. ਮਲਕੀਤ ਸਿੰਘ ਕਿੰਗਰਾ ਵੱਲੋਂ ਰਿਲੀਜ਼ ਕੀਤੀ ਜਾ ਚੁੱਕੀ ਹੈ, ਜਿਉਂ ਹੀ 'ਢੋਲ ਪ੍ਰਦੇਸੀ' ਪੁਸਤਕ ਪੰਜਾਬ ਵਿਚ ਪਾਠਕਾਂ ਦੇ ਹੱਥ ਲੱਗੀ ਤੇ 'ਦੇਵ ਘੋਲੀਏ' ਨੂੰ ਗੀਤਕਾਰ ਬਣਨ ਤੇ ਵਧ-ਾਈਆਂ ਦੇਣ ਦਾ ਤਾਂਤਾ ਲੱਗ ਗਿਆ। ਪੰਜਾਬ ਵਿਚੋਂ ਬਹੁਤੇ ਫੋਨ ਮਾਲਵਾ ਖੇਤਰ ਵਿਚੋਂ ਆਏ। ਅੱਜਕਲ੍ਹ ਪੰਜਾਬ ਦੀ ਨਵੀਂ ਉਭਰੀ ਗਾਇਕਾ ਗੁਰਜੀਤ ਕੌਰ ਮੱਲ੍ਹੀ ਜੋ ਪਟਿਆਲੇ ਨਾਲ ਸਬੰਧਤ ਹੈ, ਦੇਵ ਘੋਲੀਏ ਦੇ ਲਿਖੇ ਗੀਤ ਗਾ ਰਹੀ ਹੈ ਤੇ ਜਲਦੀ ਹੀ ਪਲੇਠੀ 'ਦੇਵ' ਦੇ ਲਿਖੇ ਗੀਤਾਂ ਦੀ ਸੀ. ਡੀ. ਮਾਰਕੀਟ ਵਿਚ ਲੈ ਕੇ ਆ ਰਹੀ ਹੈ ਜੋ ਦੀਵਾਲੀ ਤੱਕ ਆਉਣ ਦੀ ਸੰਭਾਵਨਾ ਹੈ, ਗੀਤਕਾਰੀ ਖੇਤਰ ਵਿਚ ਪਾਉਣ ਦਾ ਹੱਕ ਮੇਰੇ ਉਸਤਾਦ ਮੰਨੇ ਪ੍ਰਮੰਨੇ ਗੀਤਕਾਰ ਬਾਬੂ ਸਿੰਘ ਮਾਨ ਘਰਾੜਾਂ ਅਤੇ ਲੇਖਕ ਜਗਤਾਰ ਗਿੱਲ ਦਾ ਬਹੁਤ ਯੋਗਦਾਨ ਹੈ। ਬਾਕੀ ਹੋਰ ਵੀ ਦੋਸਤਾਂ, ਭੈਣਾਂ, ਭਰਾਵਾਂ ਦਾ ਧੰਨਵਾਦ ਹੈ, ਜਿਹਨਾਂ ਨੇ ਗੀਤਕਾਰ ਬਣਨ ਲਈ ਹੱਲਾਸ਼ੇਰੀ ਦਿੱਤੀ



ਗੀਤਕਾਰ ਦੇਵ ਘੋਲੀਆ ਖੁਰਦ, ਫਰਿਜ਼ਨੋ
559-232-7764

A & S Auto Repair & Services
Specializing in Brakes & Axles
ਬਰੇਕ ਅਤੇ ਐਕਸਲ ਰਿਪੇਅਰ ਅਤੇ ਸਰਵਿਸ ਕਰਨ ਦੇ ਮਾਹਿਰ
ਸਭ ਕਾਰਾਂ ਲਈ ਤੇਲ ਸਰਵਿਸ ਦੇ ਨਾਲ ਮੁਫਤ ਟਾਇਰ ਰੋਟੇਸਨ ਅਤੇ ਇੰਸਪੈਕਸ਼ਨ
10% of any repair of $ 75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673
9:00 AM to 6:00 PM Mon-Sat



Amarjit Sandhu

ਦੇਸ਼ ਦੁਆਬਾ

## ਪੰਜਾਬ ਵਿਚ ਵਧਦੀਆਂ ਅਪਰਾਧਿਕ ਘਟਨਾਵਾਂ

ਪੰਜਾਬ ਵਿਚ ਪਿਛਲੇ ਕੁਝ ਦਿਨਾਂ ਵਿਚ ਜਿਸ ਤੇਜ਼ੀ ਨਾਲ ਅਪਰਾਧਿਕ ਘਟਨਾਵਾਂ ਵਧੀਆਂ ਹਨ, ਉਹ ਚਿੰਤਾ ਦਾ ਵਿਸ਼ਾ ਹਨ। ਇਸ ਨਾਲ ਸਮਾਜ ਵਿਚ ਭੈਅ ਅਤੇ ਅਸਥਿਰਤਾ ਦਾ ਮਾਹੌਲ ਬਣਨ ਦੇ ਸ਼ੰਕਿਆਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਲੁਧਿਆਣਾ ਵਿਚ ਨਾਮਧਾਰੀ ਫਿਰਕੇ ਦੀ ਗੁਰੂ ਮਾਤਾ ਚੰਦ ਕੌਰ ਨੂੰ ਇਕ ਅਣਪਛਾਤੇ ਵਿਅਕਤੀ ਨੇ ਭੈਣੀ ਸਾਹਿਬ ਗੁਰਦੁਆਰੇ ਵਿਚ ਸੋਮਵਾਰ ਸਵੇਰੇ ਗੋਲੀ ਮਾਰ ਦਿੱਤੀ, ਜਿਸ ਕਾਰਨ ਉਹਨਾਂ ਦੀ ਮੌਤ ਹੋ ਗਈ। ਬੀਤੇ ਦਿਨੀਂ ਜਲੰਧਰ ਵਿਚ ਇਕ ਵਿਅਕਤੀ ਨੇ ਆਪਣੇ ਸਾਥੀਆਂ ਦੇ ਨਾਲ ਇਕ ਹੇਅਰ ਡ੍ਰੈਸਰ ਦੀਆਂ ਉਂਗਲੀਆਂ ਉਸੇ ਦੇ ਉਸਤਰੇ ਨਾਲ ਸਿਰਫ ਇਸ ਕਰਕੇ ਕੱਟ ਦਿੱਤੀਆਂ, ਕਿਉਂਕ ਉਸ ਕੋਲ ਵਾਲ ਕੱਟਣ ਦਾ ਵਕਤ ਨਹੀਂ ਸੀ। ਪਿਛਲੇ ਦਿਨੀਂ ਹੀ ਲੁਧਿਆਣਾ ਵਿਚ ਗੈਂਗਵਾਰ ਦੀ ਘਟਨਾ ਵੀ ਸਾਹਮਣੇ ਆਈ ਸੀ, ਜਿਸ ਵਿਚ ਕਰੀਬ ਅੱਧੀ ਦਰਜਨ ਬਦਮਾਸ਼ਾਂ ਨੇ ਇਕ ਨੌਜਵਾਨ ਨੂੰ ਭਜਾ-ਭਜਾ ਕੇ ਵੱਢ ਸੁੱਟਿਆ। ਸੂਬੇ ਵਿਚ ਗੰਭੀਰ ਅਪਰਾਧਿਕ ਘਟਨਾ ਤਾਂ ਹੋ ਹੀ ਰਹੀਆਂ ਹਨ, ਨਾਲ ਹੀ ਏ. ਟੀ. ਐਮ. ਲੁੱਟਣਾ ਅਤੇ ਚੈਨ ਸਨੈਚਿੰਗ ਵਰਗੀਆਂ ਘਟਨਾਵਾਂ ਦਾ ਸਿਲਸਿਲਾ ਵੀ ਨਹੀਂ ਰੁਕ ਰਿਹਾ ਹੈ। ਇਸ ਨਾਲ ਕਿਤੇ ਨਾ ਕਿਤੇ ਇਹੀ ਸੰਦੇਸ਼ ਜਾ ਰਿਹਾ ਹੈ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਬਹੁਤ ਚੰਗੀ ਨਹੀਂ ਹੈ ਅਤੇ ਅਪਰਾਧੀਆਂ ਵਿਚ ਪੁਲਿਸ ਅਤੇ ਕਾਨੂੰਨ ਦਾ ਕੋਈ ਭੈਅ ਨਹੀਂ ਹੈ। ਅਪਰਾਧੀ ਜਦੋਂ ਚਾਹੁਣ, ਜਿੱਥੇ ਚਾਹੁਣ ਘਟਨਾ ਨੂੰ ਅੰਜ਼ਾਮ ਦੇ ਕੇ ਨਿਕਲ ਜਾਂਦੇ ਹਨ ਅਤੇ ਕਾਰਵਾਈ ਦੇ ਨਾਂ ਤੇ ਪੁਲਿਸ ਬਾਅਦ ਵਿਚ ਲਕੀਰ ਕੁੱਟਣ ਵਾਲੀ ਕਾਰਵਾਈ ਹੀ ਕਰ ਪਾਉਂਦੀ ਹੈ। ਪੁਲਿਸ ਦੀ ਅਜਿਹੀ ਹਾਲਤ ਹੈ ਕਿ ਆਮ ਲੋਕੀ ਆਪਣੀ ਸ਼ਿਕਾਇਤ ਲੈ ਕੇ ਪੁਲਿਸ ਕੋਲ ਜਾਣਾ ਉਚਿਤ ਨਹੀਂ ਸਮਝਦੇ ਕਿਉਂਕਿ ਕਾਰਵਾਈ ਬਹੁਤ ਢਿੱਲੀ ਹੁੰਦੀ ਹੈ। ਪੰਜਾਬ ਵਿਚ ਗਰੀਬ ਅਤੇ ਦਲਿਤ ਵਰਗ ਦੇ ਲੋਕਾਂ ਤੇ ਵੀ ਅੱਤਿਆਚਾਰਾਂ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਅਪਰਾਧੀਆਂ ਦਾ ਨਿਸ਼ਾਨਾ ਹਾਲਾਂਕਿ ਗਰੀਬ ਅਤੇ ਅਮੀਰ ਸਾਰੇ ਬਣ ਰਹੇ ਹਨ, ਪਰ ਹੁਣ ਅਪਰਾਧੀਆਂ ਦੇ ਹੌਸਲੇ ਇੰਨੇ ਵੱਧ ਗਏ ਹਨ ਕਿ ਉਹ ਪੁਲਿਸ ਤੇ ਵੀ ਹਮਲੇ ਕਰਨ ਲੱਗੇ ਹਨ। ਸ਼ਰਾਬ ਅਤੇ ਨਸ਼ਿਆਂ ਦਾ ਮਾਫੀਆ ਇੰਨਾ ਤਾਕਤਵਰ ਹੋ ਗਿਆ ਹੈ ਕਿ ਉਸ ਨੂੰ ਹੱਥ ਪਾਉਣਾ ਹੁਣ ਸਿਸਟਮ ਦੇ ਵੱਸ ਤੋਂ ਬਾਹਰ ਦੀ ਗੱਲ ਜਾਪਦੀ ਹੈ। ਅਜਿਹੀ ਸਥਿਤੀ ਵਿਚ ਪੰਜਾਬ ਦੇ ਸ਼ਾਂਤਮਈ ਵਿਕਾਸ ਦੀਆਂ ਸੰਭਾਵਨਾਵਾਂ ਘਟਦੀਆਂ ਜਾਣਗੀਆਂ ਅਤੇ ਸਮਾਜਿਕ ਪੱਧਰ ਤੇ ਭੈਅ ਅਤੇ ਚਿੰਤਾ ਦਾ ਮਾਹੌਲ ਵਧਦਾ ਜਾਂਦਾ ਹੈ। ਇਸ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਲਾਜ਼ਮੀ ਹਨ। ਸਿਰਫ ਸੜਕਾਂ ਤੇ ਨਾਕੇ ਲਗਾਉਣਾ ਅਤੇ ਵਹੀਕਲਾਂ ਦੇ ਚਲਾਨ ਕੱਟਣ ਨਾਲ ਹੀ ਕਾਨੂੰਨ ਵਿਵਸਥਾ ਦਰੁੱਸਤ ਨਹੀਂ ਹੁੰਦੀ, ਬਲਕਿ ਸਮਾਜ ਵਿਚ ਲੁਕੇ ਅਪਰਾਧੀ ਅਨਸਰਾਂ ਦੀ ਭਾਲ ਜ਼ਰੂਰੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਕੁਮਾਰ ਸਵਾਮੀ ਦੇ ਦਾਅਵਿਆਂ ਦੀ ਅਸਲੀਅਤ



ਮੇਘ ਰਾਜ ਮਿੱਤਰ
+91-98887-87440

ਚੁਹਾਨਕੇ ਕਲਾਂ ਜ਼ਿਲ੍ਹਾ ਬਰਨਾਲਾ ਦਾ ਇੱਕ ਛੋਟਾ ਜਿਹਾ ਪਿੰਡ ਹੈ। ਉਥੋਂ ਦਾ ਵਸਨੀਕ ਚਰਨਜੀਤ ਮੇਰੇ ਕੋਲ ਆਇਆ ਤੇ ਕਹਿਣ ਲੱਗਿਆ, "ਮਿੱਤਰ ਸਾਹਿਬ! ਸਾਡੇ ਪਰਵਾਰ ਵਿੱਚ ਇੱਕ ਸਦੀਆਂ ਪੁਰਾਣਾ ਦਿਮਾਗ਼ੀ ਨੁਕਸ ਹੈ। ਇਹ ਬੀਮਾਰੀ ਸਾਡੀ ਪੀੜ੍ਹੀ ਦਰ ਪੀੜ੍ਹੀ ਚਲਦੀ ਰਹਿੰਦੀ ਹੈ। ਜਦੋਂ ਸਾਡਾ ਕੋਈ ਬੱਚਾ 7-8 ਸਾਲ ਦਾ ਹੋਣ ਲੱਗਦਾ ਹੈ ਤਾਂ ਉਸਦੇ ਪੈਰ ਲੜ-ਖੜਾਉਣੇ ਸ਼ੁਰੂ ਕਰ ਦਿੰਦੇ ਹਨ। ਜਿਉਂ-ਜਿਉਂ ਉਹ ਵੱਡਾ ਹੁੰਦਾ ਜਾਂਦਾ ਹੈ, ਉਸਦਾ ਰੋਗ ਵੀ ਵਧਦਾ ਜਾਂਦਾ ਹੈ। ਹੌਲੀ-ਹੌਲੀ ਉਸਨੂੰ ਲੱਤਾਂ ਤੇ ਪੈਰਾਂ ਦਾ ਅਧਰੰਗ ਹੋ ਜਾਂਦਾ ਹੈ। ਅੱਜ ਵੀ ਸਾਡੇ ਪਰਵਾਰ ਵਿੱਚ ਅਸੀਂ ਇਸ ਬੀਮਾਰੀ ਦੇ ਤਿੰਨ ਮਰੀਜ਼ ਹਾਂ। ਦਿੱਲੀ ਦੇ ਵੱਡੇ ਤੋਂ ਵੱਡੇ ਹਸਪਤਾਲਾਂ ਤੋਂ ਅਸੀਂ ਇਲਾਜ ਕਰਵਾ ਚੁੱਕੇ ਹਾਂ। ਪਰ ਸਾਡੀ ਇਹ ਅਨੁਵੰਸ਼ਿਕ ਬੀਮਾਰੀ ਅੱਜ ਤੱਕ ਕਿਸੇ ਤੋਂ ਵੀ ਠੀਕ ਨਹੀਂ ਹੋਈ। ਮੈਂ ਸੁਣਿਆ ਹੈ ਕਿ ਤਰਕਸ਼ੀਲ ਸੁਸਾਇਟੀ ਨੇ ਕੁਮਾਰ ਸਵਾਮੀ ਦੇ ਲਾ-ਇਲਾਜ ਰੋਗਾਂ ਦੇ ਠੀਕ ਕਰਨ ਦੇ ਦਾਅਵੇ ਲਈ ਦਸ ਮਰੀਜ਼ ਅਧਰੰਗ ਦੇ ਪੇਸ਼ ਕਰਨੇ ਹਨ। ਜੇ ਅਜਿਹਾ ਹੋਵੇ ਤਾਂ ਸਾਡੇ ਪਰਵਾਰ ਦੇ ਤਿੰਨੇ ਮਰੀਜ਼ਾਂ ਨੂੰ ਉਸ ਲਿਸਟ ਵਿੱਚ ਜ਼ਰੂਰ ਪਾ ਦੇਣਾ।'' ਮੈਂ ਚਰਨਜੀਤ ਨੂੰ ਕਿਹਾ ਕਿ "ਚਰਨਜੀਤ, ਕੁਮਾਰ ਸਵਾਮੀ ਦੇ ਖ਼ੁਦ ਐਨਕਾਂ ਲੱਗੀਆਂ ਹੋਈਆਂ ਹਨ। ਉਸ ਦੁਆਰਾ ਸਟੇਜ 'ਤੇ ਬਿਠਾਏ ਗਏ ਬਰਨਾਲੇ ਦੇ ਤਿੰਨੇ ਡਾਕਟਰਾਂ ਦੀ ਵੀ ਨਿਗ੍ਹਾ ਕਮਜ਼ੋਰ ਹੈ। ਜੇ ਕੁਮਾਰ ਸਵਾਮੀ ਆਪਣੀਆਂ ਤੇ ਆਪਣੇ ਵਿਸ਼ੇਸ਼ ਮਹਿਮਾਨਾਂ ਦੀਆਂ ਬੀਜ ਮੰਤਰਾਂ ਰਾਹੀਂ ਐਨਕਾਂ ਨਹੀਂ ਉਤਰਵਾ ਸਕਦਾ ਤਾਂ ਇਹ ਤੁਹਾਡੇ ਪਰਵਾਰ ਨੂੰ ਕਿਵੇਂ ਠੀਕ ਕਰ ਸਕਦਾ ਹੈ?'' ਮੇਰੇ ਇਸ ਜੁਆਬ ਤੇ ਚਰਨਜੀਤ ਤਾਂ ਚਲਿਆ ਗਿਆ ਪਰ ਮੇਰੇ ਮਨ ਵਿਚ ਕੁਝ ਸ਼ੰਕੇ ਜ਼ਰੂਰ ਖੜ੍ਹੇ ਕਰ ਗਿਆ।''

### ਡਾਕਟਰ ਅੰਧ-ਵਿਸ਼ਵਾਸੀ ਕਿਉਂ ਹੋ ਜਾਂਦੇ ਹਨ?

ਕਈ ਡਾਕਟਰਾਂ ਵੱਲੋਂ ਅੰਧ-ਵਿਸ਼ਵਾਸਾਂ ਦਾ ਪ੍ਰਚਾਰ ਕਰਨਾ ਡਾਕਟਰੀ ਕਿੱਤੇ ਦੀ ਲੋੜ ਹੁੰਦੀ ਹੈ। ਕਿਉਂਕਿ ਜਿੱਥੇ ਕਿਤੇ ਉਨ੍ਹਾਂ ਦੀ ਯੋਗਤਾ ਨਾਕਾਮ ਹੋ ਜਾਂਦੀ ਹੈ ਤਾਂ ਉਥੇ ਹੀ ਉਹ ਕਹਿ ਛੱਡਦੇ ਹਨ ਕਿ "ਕਰਨ ਵਾਲਾ ਤਾਂ ਉਹ ਹੈ, ਮਨੁੱਖ ਦੇ ਹੱਥ ਵੱਸ ਤਾਂ ਕੁਝ ਵੀ ਨਹੀਂ" ਜੇ ਉਹ ਅਜਿਹਾ ਨਾ ਕਹਿਣ ਤਾਂ ਲੋਕਾਂ ਨੇ ਡਾਂਗਾਂ ਕੱਢ ਲੈਣੀਆਂ ਨੇ। ਉਂਝ ਵੀ ਬਹੁਤ ਸਾਰੇ ਵਿਅਕਤੀ ਡਾਕਟਰੀ ਕਿੱਤੇ ਵਿਚ ਅਜਿਹੇ ਆ ਵੜਦੇ ਹਨ, ਜਿਨ੍ਹਾਂ ਨੇ ਆਪਣੀ ਪੜ੍ਹਾਈ ਨੂੰ ਨਿਜੀ ਜ਼ਿੰਦਗੀ ਨਾਲ ਨਹੀਂ ਜੋੜਿਆ ਹੁੰਦਾ। ਅਜਿਹੇ ਵਿਅਕਤੀਆਂ ਦੀ ਸੋਚ ਵਿਗਿਆਨਕ ਨਹੀਂ ਹੁੰਦੀ। ਉਹ ਹਰੇਕ ਘਟਨਾ ਦਾ ਕਾਰਨ ਨਾਲ ਸਬੰਧ ਜੋੜਨਾ ਨਹੀਂ ਜਾਣਦੇ। ਕਈ ਵਾਰੀ ਅਜਿਹੇ ਵਿਅਕਤੀ ਆਪਣੀ ਸੰਸਥਾ ਦੇ ਵਿਰੋਧ ਵਿਚ ਵੀ ਭੁਗਤ ਜਾਂਦੇ ਹਨ। ਭਾਰਤ ਦੀ ਮੈਡੀਕਲ ਐਸੋਸੀਏਸ਼ਨ ਨੀਮ-ਹਕੀਮਾਂ ਦੁਆਰਾ ਛਾਪੇ ਇਸ਼ਤਿਹਾਰਾਂ ਦਾ ਵਿਰੋਧ ਕਰਦੀ ਹੈ, ਪਰ ਉਹ ਜਾਣੇ ਜਾਂ ਅਣਜਾਣੇ ਇਸ਼ਤਿਹਾਰ ਛਾਪਣ ਵਾਲਿਆਂ ਦੇ ਹੱਕ ਵਿਚ ਹੀ ਜਾ ਖੜ੍ਹਦੇ ਹਨ। ਅਫ਼ਸੋਸ ਉੱਥੇ ਇਸ ਤੋਂ ਵੀ ਵੱਧ ਹੁੰਦਾ ਹੈ, ਜਿੱਥੇ ਸੂਬੇ ਦਾ ਸਾਬਕਾ ਸਿਹਤ ਮੰਤਰੀ ਅਜਿਹੇ ਬਾਬਿਆਂ ਦੇ ਹੱਕ ਵਿਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੰਦਾ ਹੈ। ਹੁਣ ਤੁਸੀਂ ਹੀ ਸੋਚੋ ਅਜਿਹੇ ਸਿਹਤ ਮੰਤਰੀ ਦੀ ਅਗਵਾਈ ਵਿਚ ਕੰਮ ਕਰਨ ਵਾਲਾ ਸਿਹਤ ਮੰਤਰਾਲਾ ਕਿਵੇਂ ਲੋਕਾਂ ਦੀ ਸਿਹਤ ਦਾ ਖ਼ਿਆਲ ਰੱਖੇਗਾ?

### ਕੀ ਬੀਜ ਮੰਤਰਾਂ ਨਾਲ ਇਲਾਜ ਸੰਭਵ ਹੈ?

ਨਿੱਕੇ ਹੁੰਦੇ ਪਿੰਡ ਵਿੱਚ ਰਹਿੰਦਿਆਂ ਵੇਖਿਆ ਕਿ ਜਦੋਂ ਮੇਰੀ ਮਾਂ ਦੀ ਮੱਝ ਨਹੀਂ ਸੀ ਮਿਲਦੀ ਤਾਂ ਉਹ ਗੁੜ ਦੀ ਰੋੜੀ ਦੇ ਕੇ ਕਿਸੇ ਸਿਆਣੇ ਤੋਂ ਉਸ 'ਤੇ ਬੀਜ ਮੰਤਰ ਫੁਕਵਾ ਕੇ ਲਿਆਉਣ ਲਈ ਕਹਿ ਦਿੰਦੀ ਸੀ। ਦੋ-ਚਾਰ ਵਾਰ ਤਾਂ ਮੈਂ ਇਹ ਮੰਤਰ ਫੁਕਵਾ ਕੇ ਲੈ ਆਇਆ ਤੇ ਗੁੜ ਖਾ ਕੇ ਮੱਝ ਮਿਲ ਵੀ ਪੈਂਦੀ ਸੀ। ਇੱਕ ਵਾਰ ਉਹ ਸਿਆਣਾ ਘਰ ਨਾ ਮਿਲਿਆ ਤਾਂ ਮੈਂ ਮਾਂ ਨੂੰ ਝੂਠ ਹੀ ਕਹਿ ਦਿੱਤਾ "ਗੁੜ ਕਰਵਾ ਲਿਆਇਆ ਹਾਂ' ਤੇ ਮੱਝ ਫਿਰ ਵੀ ਮਿਲ ਪਈ। ਇਸ ਤਰ੍ਹਾਂ 25 ਕੁ ਵਰ੍ਹੇ ਪਹਿਲਾਂ ਟੈਲੀਵਿਜ਼ਨ ਤੇ ਸੀਰੀਅਲ 'ਰਮਾਇਣ' ਦੇ ਪਾਤਰਾਂ ਨੂੰ ਵੇਖਦੇ ਸਾਂ ਕਿ ਕਿਵੇਂ ਉਹ ਤੀਰ ਛੱਡਣ ਤੋਂ ਪਹਿਲਾਂ ਮੂੰਹ ਵਿੱਚ ਮੰਤਰ ਪੜ੍ਹਦੇ ਸਨ। ਸੋ ਅਜਿਹੀਆਂ ਘਟਨਾਵਾਂ ਹਰੇਕ ਵਿਅਕਤੀ ਦੀ ਜ਼ਿੰਦਗੀ ਵਿਚ ਵਾਪਰਦੀਆਂ ਹਨ। ਸਬਕ ਤੇ ਸੁਆਲ ਅਜਿਹੀਆਂ ਘਟਨਾਵਾਂ ਵਿੱਚ ਹੀ ਪਏ ਹੁੰਦੇ ਹਨ। ਤਰਕਸ਼ੀਲ ਲਹਿਰ ਦੇ ਇਕੱਤੀ ਵਰ੍ਹਿਆਂ ਦੌਰਾਨ ਮੈਂ ਬਹੁਤ ਸਾਰੇ ਵਿਅਕਤੀਆਂ ਨੂੰ ਟੂਣਿਆਂ ਰਾਹੀਂ ਬੀਮਾਰ ਅਤੇ ਹਥੌਲਿਆਂ ਜਾਂ ਮੰਤਰਾਂ ਰਾਹੀਂ ਠੀਕ ਹੁੰਦੇ ਵੀ ਤੱਕਿਆ ਹੈ। ਇਸ ਲਈ ਮੈਂ ਇਹ ਨਹੀਂ ਕਹਿ ਸਕਦਾ ਕਿ ਬੀਜ ਮੰਤਰਾਂ ਦਾ ਮਨੁੱਖੀ ਮਨਾਂ ਉੱਪਰ ਬਿਲਕੁਲ ਵੀ ਪ੍ਰਭਾਵ ਨਹੀਂ ਹੁੰਦਾ। ਇਹ ਜਾਣੀ-ਪਹਿਚਾਣੀ ਸਚਾਈ ਹੈ ਕਿ ਮਨੁੱਖੀ ਮਨ ਪ੍ਰਭਾਵ ਕਬੂਲਦਾ ਹੈ। ਇਸ ਵਰਤਾਰੇ ਨੂੰ ਵਿਗਿਆਨਕ ਭਾਸ਼ਾ ਵਿੱਚ (6 8ਕ ਕਿਹਾ ਜਾਂਦਾ ਹੈ।

ਸਰੀਰ ਵਿਚ ਬਹੁਤ ਸਾਰੀਆਂ ਬੀਮਾਰੀਆਂ ਅਜਿਹੀਆਂ ਹੁੰਦੀਆਂ ਹਨ, ਜਿਹੜੀਆਂ ਕਿਸੇ ਬੈਕਟੀਰੀਆ ਜਾਂ ਵਾਇਰਸ ਕਾਰਨ ਪੈਦਾ ਹੁੰਦੀਆਂ ਹਨ। ਉਸ ਬੈਕਟੀਰੀਆ ਜਾਂ ਵਾਇਰਸਾਂ ਨੂੰ ਕੀ ਮੰਤਰਾਂ ਦੇ ਜਾਪ ਰਾਹੀਂ ਬਾਹਰ ਕੱਢਿਆ ਜਾ ਸਕਦਾ ਹੈ? ਇਹ ਅਸੰਭਵ ਹੈ। ਕੁਝ ਬੀਮਾਰੀਆਂ ਮਿਆਦੀ ਹੁੰਦੀਆਂ ਹਨ। ਆਪਣੀ ਮਿਆਦ ਪੁੱਗਣ 'ਤੇ ਉਹਨਾਂ ਬੀਮਾਰੀਆਂ ਨੇ ਖੁਦ-ਬ-ਖੁਦ ਠੀਕ ਹੋ ਹੀ ਜਾਣਾ ਹੁੰਦਾ ਹੈ ਕਿਉਂਕਿ ਇਸ ਸਮੇਂ ਦੌਰਾਨ ਸਰੀਰ ਦਾ ਇਮੂਅਨ ਸਿਸਟਮ ਮਜ਼ਬੂਤ ਹੋ ਜਾਂਦਾ ਹੈ। ਉਂਝ ਵੀ ਸਰੀਰ ਨੂੰ ਪੈਦਾ ਹੋਣ ਵਾਲੀਆਂ 99 ਫ਼ੀਸਦੀਬਿਮਾਰੀਆਂ ਵਿਚ ਮੌਤ ਹੋਣੀ ਹੀ ਨਹੀਂ ਹੁੰਦੀ। ਸਿਰਫ਼ ਇੱਕ ਪ੍ਰਤੀਸ਼ਤ ਬੀਮਾਰੀਆਂ ਹੀ ਮੌਤ ਦਾ ਕਾਰਨ ਬਣਦੀਆਂ ਹਨ। ਬਹੁਤ ਸਾਰੇ ਵਿਅਕਤੀ ਕਿਸੇ ਸੰਤ ਕੋਲ ਜਾਣ ਤੋਂ ਪਹਿਲਾਂ ਹੀ ਆਪਣਾ ਡਾਕਟਰੀ ਇਲਾਜ ਵੀ ਕਰਵਾ ਚੁੱਕੇ ਹੁੰਦੇ ਹਨ, ਜਿਸ ਨਾਲ ਉਹਨਾਂ ਦੀ ਬੀਮਾਰੀ ਜੇ ਖ਼ਤਮ ਨਹੀਂ ਹੋਣੀ ਹੁੰਦੀ ਤਾਂ ਘਟ ਜ਼ਰੂਰ ਗਈ ਹੁੰਦੀ ਹੈ ਤੇ ਕੁਝ ਸਮਾਂ ਪਾਕੇ ਉਸਨੇ ਖ਼ਤਮ ਹੋ ਹੀ ਜਾਣਾ ਹੁੰਦਾ ਹੈ। ਸੋ ਕੁਮਾਰ ਸਵਾਮੀ ਜੀ ਨੇ ਲੋਕਾਂ ਦੀ ਉਪਰੋਕਤ ਮਾਨਸਿਕਤਾ ਨੂੰ ਸਮਝਿਆ ਹੈ ਅਤੇ ਆਪਣੇ ਧੰਦੇ ਦੀ ਉਸਾਰੀ ਇਸ ਉੱਪਰ ਕੀਤੀ ਹੈ।

### ਇਸ ਤਰ੍ਹਾਂ ਬੁਣਿਆ ਜਾਂਦਾ ਹੈ ਜਾਲ

ਕੁਮਾਰ ਸਵਾਮੀ ਜੀ ਨੇ ਭਾਰਤ ਦੇ ਬਹੁਤ ਵੱਡੇ-ਵੱਡੇ ਸਿਆਸਤਦਾਨਾਂ ਦਾ ਆਸ਼ੀਰਵਾਦ ਹਾਸਲ ਕੀਤਾ ਹੋਇਆ ਹੈ। ਇਹਨਾਂ ਵਿਚ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ, ਮੈਂਬਰ ਪਾਰਲੀਮੈਂਟ ਅਤੇ ਸਾਬਕਾ ਰਾਸ਼ਟਰਪਤੀ ਸਭ ਸ਼ਾਮਿਲ ਹਨ। ਸਵਾਮੀ ਜੀ ਇਹਨਾਂ ਦੀਆਂ ਤਸਵੀਰਾਂ ਤੇ ਵਿਚਾਰ ਆਪਣੇ ਇਸ਼ਤਿਹਾਰਾਂ ਵਿਚ ਛਾਪ ਕੇ ਸਾਧਾਰਣ ਜਨਤਾ ਵਿਚ ਆਪਣੀ ਦਿੱਖ ਵੱਡੀ ਵੀ ਕਰਦੇ ਹਨ ਤੇ ਉਨ੍ਹਾਂ ਦੀ ਚਾਪਲੂਸੀ ਵੀ ਅਤੇ ਨਾਲ ਹੀ ਉਨ੍ਹਾਂ ਉਤੇ ਆਪਣੀ ਪਹੁੰਚ ਵਾਲੇ ਵਿਅਕਤੀਆਂ ਨਾਲ ਬਣਦੀ ਹੋਣ ਦਾ ਰੋਹਬ ਪਾਉਂਦੇ ਹਨ। ਸਮਾਗਮ ਦਾ ਸਮਾਂ ਅਤੇ ਸਥਾਨ ਨਿਸ਼ਚਿਤ ਕਰਕੇ ਕੁੱਝ ਅਖ਼ਬਾਰਾਂ ਵਿੱਚ ਦੋ-ਦੋ ਸਫ਼ਿਆਂ ਦੇ ਇਸ਼ਤਿਹਾਰ ਛਪਵਾਉਂਦੇ ਹਨ। ਸਵਾਮੀ ਜੀ ਨੂੰ ਇਸਦਾ ਦੂਹਰਾ ਫ਼ਾਇਦਾ ਹੁੰਦਾ ਹੈ। ਇੱਕ ਤਾਂ ਉਹਨਾਂ ਦੇ ਗਾਹਕਾਂ ਦੀ ਗਿਣਤੀ ਵਧ ਜਾਂਦੀ ਹੈ। ਦੂਸਰਾ, ਉਹਨਾਂ ਦੀ ਨੁਕਤਾਚੀਨੀ ਕਾਰਨ ਵਾਲਿਆਂ ਦੀਆਂ ਖ਼ਬਰਾਂ ਵੀ ਨਹੀਂ ਛਪਦੀਆਂ। ਇਕੱਠ ਵਾਲੇ ਦਿਨ ਸਵਾਮੀ ਜੀ ਸਟੇਜ 'ਤੇ ਮੁਹਤਬਰ ਵਿਅਕਤੀਆਂ ਨੂੰ ਬਿਠਾ ਲੈਂਦੇ ਹਨ। ਠੀਕ ਹੋਣ ਦਾ ਦਾਅਵਾ ਕਰਨ ਵਾਲੇ ਵਿਅਕਤੀਆਂ ਨੂੰ ਇਸ ਦਿਨ ਵਿਸ਼ੇਸ਼ ਰੂਪ ਵਿੱਚ ਬੁਲਾਇਆ ਜਾਂਦਾ ਹੈ ਤੇ ਉਹਨਾਂ ਨੂੰ ਵਾਰ-ਵਾਰ ਕੈਮਰਿਆਂ ਤੇ ਜਨਤਾ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਜੇ ਕੋਈ ਇਹ ਕਹਿ ਦੇਵੇ ਕਿ "ਮੇਰੇ ਅਠੱਤੀ ਹਜ਼ਾਰ ਰੁਪਏ ਖ਼ਰਚ ਹੋ ਚੁੱਕੇ ਹਨ, ਮੈਂ ਹੁਣ ਤੱਕ ਠੀਕ ਨਹੀਂ ਹੋਇਆ।'' ਅਜਿਹੇ ਵਿਅਕਤੀਆਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਂਦਾ ਹੈ। ਸਵਾਮੀ ਜੀ ਦੇ ਅਮਲੇ ਫੈਲੇ ਵਿੱਚ ਸੈਂਕੜੇ ਤਨਖ਼ਾਹਦਾਰ ਵਿਅਕਤੀ ਸ਼ਾਮਿਲ ਹੁੰਦੇ ਹਨ। ਇਨ੍ਹਾਂ ਵਿਚ 20-25 ਉਹਨਾਂ ਦੇ ਸਕਿਉਰਟੀਗਾਰਡ ਐਨੇ ਹੀ ਸਟਾਲਾਂ ਲਾਉਣ ਵਾਲੇ, ਪਰਚੀਆਂ ਕੱਟਣ ਵਾਲੇ ਤੇ ਹੋਰ ਪ੍ਰਬੰਧਕ ਹੁੰਦੇ ਹਨ। ਸਭ ਆਪਣੀਆਂ-ਆਪਣੀਆਂ ਡਿਊਟੀਆਂ 'ਤੇ ਬਿਰਾਜਮਾਨ ਹੋ ਜਾਂਦੇ ਹਨ।

ਇਸ ਤੋਂ ਬਾਅਦ ਬੀਮਾਰੀਆਂ ਦੇ ਮਰੀਜ਼ਾਂ ਦੀਆਂ ਪਰਚੀਆਂ ਕੱਟਣ ਦਾ ਸਿਲਸਿਲਾ ਸ਼ੁਰੂ ਕੀਤਾ ਜਾਂਦਾ ਹੈ। ਗਿਆਰਾਂ ਸੌ, ਇਕੱਤੀ ਸੌ, ਇਕਵੰਜਾ ਸੌ ਅਤੇ ਗਿਆਰਾਂ ਹਜ਼ਾਰ ਦੀਆਂ ਪਰਚੀਆਂ ਤੁਰੰਤ ਕੱਟ ਦਿੱਤੀਆਂ ਜਾਂਦੀਆਂ ਹਨ। ਪਰਚੀਆਂ ਕੱਟਣ ਦਾ ਸਿਲਸਿਲਾ ਦੋ ਦਿਨ ਚਲਾਇਆ ਜਾਂਦਾ ਹੈ। ਇਸ ਤੋਂ ਬਾਅਦ ਮਰੀਜ਼ਾਂ ਨੂੰ ਅਗਲੇ ਦਿਨ ਕਿਸੇ ਮੈਰਿਜ਼ ਪੈਲੇਸ ਵਿੱਚ ਆਉਣ ਲਈ ਧੂਫ਼, ਆਸਣ, ਮਾਲਾ ਆਦਿ ਸਮੱਗਰੀਆਂ ਬਾਹਰ ਲੱਗੀਆਂ ਆਪਣੀਆਂ ਹੀ ਸਟਾਲਾਂ ਤੋਂ ਖ਼ਰੀਦਣ ਲਈ ਹਦਾਇਤ ਕਰ ਦਿੱਤੀ ਜਾਂਦੀ ਹੈ। ਇੱਕ ਵਿਸ਼ੇਸ਼ ਕਿਸਮ ਦੀ ਲੱਕੜ 'ਉਧ' ਵੀ ਇੱਕ ਦੋ ਗ੍ਰਾਮ ਖ਼ਰੀਦਣ ਲਈ ਕਿਹਾ ਜਾਂਦਾ ਹੈ, ਜਿਸ ਦਾ ਮੁੱਲ ਤਿੰਨ ਲੱਖ ਪ੍ਰਤੀ ਕਿਲੋਗ੍ਰਾਮ ਹੁੰਦਾ ਹੈ। ਇਹ ਸਮੱਗਰੀ ਲੈ ਕੇ ਜਦੋਂ ਕੋਈ ਮਰੀਜ਼ ਅਗਲੇ ਦਿਨ ਦੇ ਇਕੱਠ ਵਿੱਚ ਪੁੱਜਦਾ ਹੈ ਤਾਂ ਉਸਨੂੰ ਕੁੱਝ ਮੰਤਰ ਪੜ੍ਹਵਾਏ ਜਾਂਦੇ ਹਨ ਤੇ ਨਾਲ ਹੀ ਦੋ-ਚਾਰ ਹਜ਼ਾਰ ਰੁਪਏ ਦੀ ਦਵਾਈ ਮੜ੍ਹ ਦਿੱਤੀ ਜਾਂਦੀ ਹੈ। ਇਸ ਸਮੇਂ ਇੱਕੀ ਹਜ਼ਾਰ, ਇਕੱਤੀ ਹਜ਼ਾਰ ਜਾਂ ਹੋਰ ਵੱਡੀ ਰਾਸ਼ੀ ਨਾਲ ਪਾਠ ਕਰਨ ਦੇ ਪੈਸੇ ਵੀ ਸਵਾਮੀ ਜੀ ਲੈ ਲੈਂਦੇ ਹਨ। ਅੰਦਾਜ਼ੇ ਮੁਤਾਬਕ, ਜੋ ਵੀ ਵਿਅਕਤੀ ਬਾਬਾ ਜੀ ਦੇ ਪਾਸ ਪੁੱਜ ਜਾਂਦਾ ਹੈ। ਉਹ ਚਾਲੀ-ਪੰਜਾਹ ਹਜ਼ਾਰ ਰੁਪਏ ਖ਼ਰਚ ਕੇ ਬਹੁਤੀਆਂ ਹਾਲਤਾਂ ਵਿਚ ਆਪਣੀ ਬੀਮਾਰੀ ਸਮੇਤ ਹੀ ਵਾਪਸ ਮੁੜ ਆਉਂਦਾ ਹੈ। ਇਸ ਤਰ੍ਹਾਂ ਬਰਨਾਲੇ ਦੇ ਇਕੱਲੇ ਸਮਾਗਮ ਵਿਚ ਹੀ ਹਜ਼ਾਰਾਂ ਅਜਿਹੇ ਵਿਅਕਤੀ ਸ਼ਾਮਿਲ ਸਨ, ਜਿਨ੍ਹਾਂ ਨੇ ਕੁਮਾਰ ਸਵਾਮੀ ਤੋਂ ਦਵਾਈਆਂ ਤੇ ਪਾਠ ਮੁੱਲ ਖ਼ਰੀਦੇ।

### ਡਰਾਓ ਤੇ ਲੁੱਟੋ

ਕੁਮਾਰ ਸਵਾਮੀ ਜੀ ਆਪਣੇ ਧੰਦੇ ਵਿਚੋਂ ਵੱਧ ਤੋਂ ਵੱਧ ਪੈਸਾ ਕਮਾਉਣ ਲਈ ਮਰੀਜ਼ਾਂ ਨੂੰ ਬੀਮਾਰੀਆਂ ਦੀ ਭਿਆਨਕਤਾ ਦਾ ਡਰ ਵੀ ਉਹਨਾਂ ਦੇ ਮਨਾਂ ਵਿਚ ਬਿਠਾਉਂਦੇ ਹਨ। ਕਿਉਂਕਿ ਉਹ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹਨ ਕਿ ਜਿਨ੍ਹਾਂ ਵੱਧ ਕਿਸੇ ਮਰੀਜ਼ ਨੂੰ ਡਰਾਇਆ ਜਾਵੇਗਾ, ਓਨੇ ਜ਼ਿਆਦਾ ਹੀ ਪੈਸੇ ਚੜ੍ਹਨਗੇ। ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚ ਹੀ ਉਸਨੇ ਬਹੁਤ ਸਾਰੀਆਂ ਥਾਵਾਂ 'ਤੇ ਸਮਾਗਮ ਕੀਤੇ ਹਨ। ਇਸ ਤਰ੍ਹਾਂ ਇਹਨਾਂ ਸਮਾਗਮਾਂ ਰਾਹੀਂ ਉਸਨੇ ਲੋਕਾਂ ਤੋਂ ਕਰੋੜਾਂ ਰੁਪਏ ਠੱਗ ਲਏ ਹਨ। ਉਹਨਾਂ ਦੇ ਮੰਤਰ ਪੜ੍ਹਨ ਜਾਂ ਦੱਸਣ ਜਾਂ ਪਾਠ ਕਰਨ ਕਰਕੇ ਐਨਾ ਪੈਸਾ ਮਰੀਜ਼ਾਂ ਤੋਂ ਵਸੂਲਣਾ ਕੀ ਜਾਇਜ਼ ਹੈ? ਜੋ ਠੀਕ ਨਹੀਂ ਹੋਏ, ਉਹਨਾਂ ਦੇ ਪੈਸੇ ਰੱਖਣੇ ਤਾਂ ਕਿਸੇ ਪੱਖੋਂ ਵੀ ਠੀਕ ਨਹੀਂ।

ਪੰਜਾਬ ਸਰਕਾਰ ਨੂੰ ਇਸ ਗੱਲ ਦੀ ਪੜਤਾਲ ਕਰਵਾਉਣੀ ਚਾਹੀਦੀ ਹੈ। ਕਿਉਂਕਿ ਸਵਾਮੀ ਜੀ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੇ ਨਾਂ 'ਤੇ ਤਸਵੀਰ ਦੀ ਵਰਤੋਂ ਬੀਮਾਰ ਲੋਕਾਂ ਨੂੰ ਠੱਗਣ ਲਈ ਕੀਤੀ ਹੈ। ਇਸ ਗੱਲੋਂ ਮੈਨੂੰ ਆਪਣੇ ਲੋਕਾਂ ਦੀ ਸੋਚ 'ਤੇ ਵੀ ਅਫ਼ਸੋਸ ਹੁੰਦਾ ਹੈ ਕਿ ਉਹ ਅਜਿਹੇ ਸਿਆਸਤਦਾਨਾਂ ਨੂੰ ਆਪਣੇ ਦੇਸ਼ ਦੀ ਵਾਂਗਡੋਰ ਸੰਭਾਲ ਦਿੰਦੇ ਹਨ, ਜਿਹੜੇ ਅਣਜਾਣਪੁਣੇ ਵਿਚ ਜਾਂ ਜਾਣਬੁੱਝ ਕੇ ਖਾਲੀ ਹੈ, ਦੀ ਦੁਹਾਈ ਪਾਏ ਜਾਣ ਵਾਲੇ ਖ਼ਜ਼ਾਨੇ ਦਾ ਮੂੰਹ ਅਜਿਹੇ ਜਨਤਕ ਠੱਗਾਂ ਲਈ ਖੋਲ੍ਹ ਦਿੰਦੇ ਹਨ, ਜਿਹੜੇ ਸ਼ਹਿਰ-ਸ਼ਹਿਰ ਜਾ ਕੇ ਲੋਕਾਂ ਨੂੰ ਆਪਣੀ ਚਲਾਕੀ ਨਾਲ ਠੱਗਣਾ ਸ਼ੁਰੂ ਕਰ ਦਿੰਦੇ ਹਨ। ਨਵਜੋਤ ਸਿੱਧੂ ਜੀ ਅੰਮ੍ਰਿਤਸਰ ਤੋਂ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਮੈਂਬਰ ਪਾਰਲੀਮੈਂਟ ਹਨ। ਉਨ੍ਹਾਂ ਨੇ ਆਪਣੀ ਪਾਰਲੀਮੈਂਟਰੀ ਕੋਟੇ ਵਿਚੋਂ ਸਵਾਮੀ ਜੀ ਨੂੰ ਪੰਜਾਹ ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਹੋਇਆ ਸੀ। ਬਾਦਲ ਸਾਹਿਬ ਨੇ ਵੀ ਕੁਮਾਰ ਸਵਾਮੀ ਨੂੰ ਸਰਕਾਰੀ ਜ਼ਮੀਨ ਦੇਣ ਦੇ ਨਾਲ-ਨਾਲ ਹਰ ਕਿਸਮ ਦੀ ਸਹਾਇਤਾ ਦੇਣ ਦੀ ਬਚਨਬੱਧਤਾ ਦੁਹਰਾਈ ਹੈ। ਜੇ ਉਨ੍ਹਾਂ ਨੂੰ ਸਵਾਮੀ ਜੀ 'ਤੇ ਇੰਨਾ ਹੀ ਵਿਸ਼ਵਾਸ ਹੈ ਤਾਂ ਫਿਰ ਉਹ ਆਪਣਾ ਇਲਾਜ ਅਮਰੀਕਾ ਵਿਚ ਕਰਵਾਉਣ ਲਈ ਕਿਉਂ ਜਾਂਦੇ ਹਨ? ਇਨ੍ਹਾਂ ਸਾਰੀਆਂ ਗੱਲਾਂ ਦਾ ਜ਼ਿਕਰ ਸਵਾਮੀ ਜੀ ਦੇ ਇਸ਼ਤਿਹਾਰਾਂ ਵਿਚ ਦਰਜ ਹੈ। ਕੀ ਅਜਿਹੇ ਧੰਦੇਬਾਜ਼ਾਂ ਨੂੰ ਸਰਕਾਰੀ ਫ਼ੰਡਾਂ ਦੇ ਵੱਡੇ ਗੱਫ਼ੇ ਦੇਣਾ ਜਨਤਕ ਫ਼ੰਡਾਂ ਦਾ ਦੁਰਉਪਯੋਗ ਨਹੀਂ? ਇੱਕ ਪਾਸੇ ਸਰਕਾਰ ਵੱਲੋਂ ਅਣ-ਰਜਿ. ਮੈਡੀਕਲ ਪ੍ਰੈਕਟੀਸ਼ਨਰਾਂ ਦੇ ਕਲੀਨਿਕਾਂ 'ਤੇ ਲਗਾਤਾਰ ਪੰਜ-ਸੱਤ ਵਰ੍ਹਿਆਂ ਤੋਂ ਛਾਪੇ ਮਾਰੇ ਜਾ ਰਹੇ ਹਨ ਅਤੇ ਅਜਿਹੇ ਨੀਮ-ਹਕੀਮਾਂ ਦੁਆਰਾ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ 'ਤੇ ਵੀ ਪੂਰਨ ਪਾਬੰਦੀ ਹੈ। ਪਰ ਦੂਸਰੇ ਪਾਸੇ, ਸਰਕਾਰੀ ਛੱਤਰ ਛਾਇਆ ਹੇਠ ਨੀਮ-ਹਕੀਮੀ ਦਾ ਇਹ ਧੰਦਾ ਵੱਡੀ ਇਸ਼ਤਿਹਾਰਬਾਜ਼ੀ ਰਾਹੀਂ ਚਲਾਇਆ ਜਾ ਰਿਹਾ ਹੈ। ਕੀ ਪੰਜਾਬ ਸਰਕਾਰ ਦਾ ਇਹ ਦੂਹਰਾ ਮਿਆਰ ਨਹੀਂ?

### ਬਾਬਾ ਜੀ ਦੇ ਦਾਅਵੇ

ਬਾਬਾ ਜੀ ਦਾਅਵੇ ਵੀ ਬਹੁਤ ਵੱਡੇ-ਵੱਡੇ ਕਰ ਰਹੇ ਹਨ। ਆਪਣੇ ਇਸ਼ਤਿਹਾਰਾਂ ਵਿਚ ਉਹ ਲਿਖਦੇ ਹਨ ਕਿ ਉਹ ਅਮਰੀਕਾ ਅਤੇ ਭਾਰਤ ਦੇ ਰਾਸ਼ਟਰਪਤੀਆਂ ਦੇ ਡਾਕਟਰ ਰਹੇ ਹਨ ਅਤੇ ਮਨਮੋਹਨ ਸਿੰਘ ਵੀ ਉਸ ਦੇ ਬੀਜ ਮੰਤਰਾਂ ਨਾਲ ਭਾਰਤ ਦਾ ਦੂਜੀ ਵਾਰ ਪ੍ਰਧਾਨ ਮੰਤਰੀ ਬਣਿਆ ਸੀ। ਤਰਕਸ਼ੀਲ ਸੁਸਾਇਟੀ ਉਸ ਦੇ ਇਸ ਦਾਅਵੇ ਦਾ ਵੀ ਪੜਤਾਲ ਕਰ ਰਹੀ ਹੈ।

### ਸਾਡੀ ਚੁਣੌਤੀ

ਸਵਾਮੀ ਜੀ ਦੀ ਕਰਾਮਾਤ 'ਤੇ ਜੇ ਕਿਸੇ ਨੂੰ ਜ਼ਿਆਦਾ ਵਿਸ਼ਵਾਸ ਹੋਵੇ ਤਾਂ ਉਹਨਾਂ ਨੂੰ ਗੂੰਗਿਆਂ, ਬੋਲਿਆਂ, ਅੰਨ੍ਹਿਆਂ ਦੇ ਸਕੂਲਾਂ ਵਿੱਚ ਜਾਂ ਅੰਮ੍ਰਿਤਸਰ ਦੇ ਪਾਗਲਖ਼ਾਨੇ ਵਿਚ ਲਿਜਾ ਕੇ ਪਰਖ ਕੀਤੀ ਜਾ ਸਕਦੀ ਹੈ। ਮੈਨੂੰ ਸੌ ਫ਼ੀ ਸਦੀ ਯਕੀਨ ਹੈ ਕਿ ਕੁਮਾਰ ਸਵਾਮੀ ਦੇ ਦਾਅਵੇ ਦਸ ਪ੍ਰਤੀਸ਼ਤ ਵੀ ਸਹੀ ਨਹੀਂ ਹੋਣਗੇ।

ਅੰਤ ਵਿਚ ਮੈਂ ਤਰਕਸ਼ੀਲ ਸੁਸਾਇਟੀ (ਰਜਿ.) ਵੱਲੋਂ 'ਬਾਬਾ ਜੀ' ਨੂੰ ਇਹ ਪੇਸ਼ਕਸ਼ ਦੁਹਰਾਉਂਦਾ ਹਾਂ ਕਿ ਉਹ ਸਾਡੇ ਦੁਆਰਾ ਦਿੱਤੇ ਪੋਲੀਓ, ਅਧਰੰਗ ਅਤੇ ਸ਼ੂਗਰ ਦੇ ਦਸ-ਦਸ ਮਰੀਜ਼ ਇੱਕ ਮਹੀਨੇ ਦੇ ਅੰਦਰ-ਅੰਦਰ ਆਪਣੇ ਬੀਜ ਮੰਤਰਾਂ ਦੀ ਸ਼ਕਤੀ ਨਾਲ ਠੀਕ ਕਰ ਦੇਣ, ਤਾਂ ਸੁਸਾਇਟੀ ਬਾਬਾ ਜੀ ਨੂੰ ਇੱਕ ਕਰੋੜ ਰੁਪਏ ਦਾ ਇਨਾਮ ਦੇਣ ਲਈ ਬਚਨਬੱਧ ਹੋਵੇਗੀ। ਇਸ ਵਿਚ 10% ਅਸਫ਼ਲਤਾ ਵੀ ਮੁਆਫ਼ ਹੋਵੇਗੀ, ਪਰ ਇਸ ਸਭ ਲਈ ਦੋਹਾਂ ਧਿਰਾਂ ਵਿਚ ਇੱਕ ਲਿਖਤੀ ਇਕਰਾਰਨਾਮਾ ਕਰਨਾ ਹੋਵੇਗਾ ਅਤੇ ਬਾਬਾ ਜੀ ਇਹ ਦੱਸਣਗੇ ਕਿ ਅਸਫ਼ਲ ਰਹਿਣ ਦੀ ਹਾਲਤ ਵਿਚ ਉਹ ਕੀ ਸਜ਼ਾ ਕਬੂਲਣਗੇ?

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਕੂਲ ਦੇ ਨਲਕੇ ਤੋਂ ਪਾਣੀ ਨਹੀਂ ਪੀ ਸਕਦੇ 92 ਫੀਸਦੀ ਦਲਿਤ ਬੱਚੇ

## ਕਲਾਸ ਵਿਚ ਅੱਗੇ ਨਹੀਂ ਬੈਠਣ ਦਿੱਤਾ ਜਾਂਦਾ, ਗੈਰਦਲਿਤ ਟੀਚਰਾਂ ਦਾ ਵਿਵਹਾਰ ਠੀਕ ਨਹੀਂ, ਬੱਚਿਆਂ ਨਾਲ ਕਰਦੇ ਹਨ ਭੇਦਭਾਵ

**ਭੋਪਾਲ–** ਸਦੀਆਂ ਤੋਂ ਜਾਤੀ ਆਧਾਰਿਤ ਭੇਦਭਾਵ ਦੀ ਸਥਿਤੀ 'ਚ ਸੁਧਾਰ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਮੱਧ ਪ੍ਰਦੇਸ਼ ਵਿਚ ਚਾਈਲਡ ਰਾਈਟ ਆਬਜ਼ਰਵੇਟਰੀ ਐਂਡ ਮੱਧ ਪ੍ਰਦੇਸ਼ ਦਲਿਤ ਮੁਹਿੰਮ ਸੰਸਥਾ ਵੱਲੋਂ ਕੀਤੇ ਗਏ ਨਵੇਂ ਸਰਵੇਖਣ ਇਸੇ ਤਸਵੀਰ ਨੂੰ ਸਾਹਮਣੇ ਲਿਆਉਂਦੇ ਹਨ।

ਸਰਵੇ ਮੁਤਾਬਕ 92 ਫੀਸਦੀ ਦਲਿਤ ਬੱਚੇ ਸਕੂਲ ਵਿਚ ਖੁਦ ਪਾਣੀ ਲੈ ਕੇ ਨਹੀਂ ਪੀ ਸਕਦੇ, ਕਿਉਂਕਿ ਉਹਨਾਂ ਨੂੰ ਸਕੂਲ ਦੇ ਹੈਂਡਪੰਪ ਅਤੇ ਟੈਂਕੀ ਨੂੰ ਹੱਥ ਲਗਾਉਣ ਦੀ ਪਾਬੰਦੀ ਹੈ। 57 ਫੀਸਦੀ ਬੱਚਿਆਂ ਦਾ ਕਹਿਣਾ ਹੈ ਕਿ ਉਹ ਉਸ ਸਮੇਂ ਹੀ ਪਾਣੀ ਪੀ ਪਾਉਂਦੇ ਹਨ, ਜਦੋਂ ਗੈਰ ਦਲਿਤ ਬੱਚੇ ਉਹਨਾਂ ਨੂੰ ਉਪਰ ਤੋਂ ਪਾਣੀ ਪਿਲਾਉਂਦੇ ਹਨ।

28 ਫੀਸਦੀ ਬੱਚਿਆਂ ਦੇ ਮਾਤਾ-ਪਿਤਾ ਦਾ ਕਹਿਣਾ ਹੈ ਸੀ ਕਿ ਪਿਆਸ ਲੱਗਣ 'ਤੇ ਉਹਨਾਂ ਦੇ ਬੱਚੇ ਘਰ ਆ ਕੇ ਪਾਣੀ ਪੀਂਦੇ ਹਨ, ਜਦਕਿ 15 ਫੀਸਦੀ ਬੱਚਿਆਂ ਨੂੰ ਸਕੂਲ ਵਿਚ ਪਿਆਸਾ ਰਹਿਣਾ ਪੈਂਦਾ ਹੈ। ਕਲਾਸ ਵਿਚ ਅੱਗੇ ਬੈਠਣ ਨਹੀਂ ਦਿੱਤਾ ਜਾਂਦਾ। ਸਰਵੇਖਣ ਮੁਤਾਬਕ 93 ਫੀਸਦੀ ਬੱਚਿਆਂ ਨੂੰ ਕਲਾਸ ਵਿਚ ਅੱਗੇ ਦੀ ਲਾਈਟ ਵਿਚ ਨਹੀਂ ਬੈਠਣ ਦਿੱਤਾ ਜਾਂਦਾ। ਇਸਦੇ ਮੁਤਾਬਕ 79 ਫੀਸਦੀ ਬੱਚੇ ਪਿੱਛੇ ਦੀ ਲਾਈਨ ਵਿਚ, ਜਦਕਿ 14 ਫੀਸਦੀ ਬੱਚੇ ਵਿਚਕਾਰ ਦੀ ਲਾਈਨ ਵਿਚ ਬੈਠਦੇ ਹਨ। 88 ਫੀਸਦੀ ਬੱਚਿਆਂ ਮੁਤਾਬਕ, ਉਹਨਾਂ ਨੂੰ ਟੀਚਰਾਂ ਦੇ ਭੇਦਭਾਵ ਦਾ ਸ਼ਿਕਾਰ ਹੋਣਾ ਪੈਂਦਾ ਹੈ। 23 ਫੀਸਦੀ ਬੱਚਿਆਂ ਦਾ ਕਹਿਣਾ ਹੈ ਕਿ ਗੈਰ ਦਲਿਤ ਦੇ ਮੁਕਾਬਲੇ ਟੀਚਰ ਉਹਨਾਂ ਨਾਲ ਜ਼ਿਆਦਾ ਸਖਤੀ ਨਾਲ ਪੇਸ਼ ਆਉਂਦੇ ਹਨ। 42 ਫੀਸਦੀ ਬੱਚਿਆਂ ਨੇ ਕਿਹਾ, ਟੀਚਰ ਉਹਨਾਂ ਨੂੰ ਜਾਤੀ ਆਧਾਰਿਤ ਨਾਂ ਨਾਲ ਆਵਾਜ਼ ਦਿੰਦੇ ਹਨ। ਇਸੇ ਤਰ੍ਹਾਂ 44 ਫੀਸਦੀ ਬੱਚਿਆਂ ਨੇ ਕਿਹਾ ਕਿ ਗੈਰ ਦਲਿਤ ਬੱਚੇ ਵੀ ਉਹਨਾਂ ਦੇ ਨਾਲ ਭੇਦਭਾਵ ਕਰਦੇ ਹਨ। 82 ਫੀਸਦੀ ਬੱਚਿਆਂ ਮੁਤਾਬਕ ਮਿਡ ਡੇ ਮੀਲ ਲਈ ਉਨ੍ਹਾਂ ਨੂੰ ਅਲੱਗ ਲਾਈਨ ਵਿਚ ਬਿਠਾਇਆ ਜਾਂਦਾ ਹੈ। ਸੰਸਥਾ ਨੇ ਸੂਬੇ ਦੇ ਪੰਜ ਮੁੱਖ ਖੇਤਰਾਂ ਬਘੇਲਖੰਡ, ਬੁੰਦੇਲਖੰਡ, ਚੰਬਲ, ਮਹਾਕੌਸ਼ਲ ਤੇ ਨਿਮਾੜ ਦੇ 10 ਜ਼ਿਲ੍ਹਿਆਂ ਦੇ 30 ਪਿੰਡਾਂ ਦੇ 412 ਦਲਿਤ ਪਰਿਵਾਰਾਂ ਦਾ ਸਰਵੇਖਣ ਕੀਤਾ ਗਿਆ। ਇਸ ਦੌਰਾਨ ਇਹਨਾਂ ਪਿੰਡਾਂ ਦੇ ਦਲਿਤ ਸਰਪੰਚ, ਸਿੱਖਿਅਕ, ਅਧਿਕਾਰੀ ਅਤੇ ਕਰਮਚਾਰੀ ਨਾਲ ਵੀ ਗੱਲਬਾਤ ਕੀਤੀ ਗਈ।

**ਗੁਜਰਾਤ ਵਿਚ 13 ਮੰਦਰਾਂ 'ਚ ਦਾਖਲ ਨਹੀਂ ਹੋ ਸਕਦੇ ਦਲਿਤ**

ਅਹਿਮਦਾਬਾਦ- ਇਕ ਪਾਸੇ ਜਿੱਥੇ ਦੇਸ਼ ਨੂੰ ਵਿਕਾਸ ਤੇ ਡਿਜੀਟਲ ਇੰਡੀਆ ਦੀ ਰਾਹ ਵੱਲ ਲੈ ਜਾਣ ਦੇ ਦਾਅਵੇ ਕੀਤੇ ਜਾ ਰਹੇ ਹਨ, ਉਥੇ ਇਸੇ ਦੇਸ਼ ਵਿਚ ਛੋਟੀ ਜਾਤ ਵਾਲੇ ਹੋਣ ਕਾਰਨ ਦਲਿਤਾਂ ਨੂੰ ਅਣਮਨੁੱਖੀ ਮਾਹੌਲ ਦਾ ਸਾਹਮਣਾ ਕਰਨਾ ਪੈਂਦਾ ਹੈ। ਜਾਤੀ ਭੇਦਭਾਵ ਦੇ ਸ਼ਿਕਾਰ ਦਲਿਤਾਂ ਦੀ ਪੀ. ਐਮ. ਨਰਿੰਦਰ ਮੋਦੀ ਦੇ ਜੱਦੀ ਸੂਬੇ ਗੁਜਰਾਤ ਵਿਚ ਵੀ ਮਾੜੀ ਹਾਲਤ ਹੈ। ਆਰਥਿਕ ਤੇ ਸਮਾਜਿਕ ਤੌਰ 'ਤੇ ਪੱਛੜੇ ਦਲਿਤਾਂ ਦੀ ਇੱਥੇ ਦੇ ਮੰਦਰਾਂ ਵਿਚ ਦਾਖਲ ਹੋਣ 'ਤੇ ਵੀ ਪਾਬੰਦੀ ਹੈ। ਇਹ ਗੱਲ ਸਰਕਾਰ ਵੱਲੋਂ ਬੀਤੇ ਦਿਨੀਂ ਵਿਧਾਨ ਸਭਾ ਵਿਚ ਵੀ ਸਵੀਕਾਰ ਕੀਤੀ ਗਈ।

ਗੁਜਰਾਤ ਵਿਚ ਅਜਿਹੇ 13 ਮੰਦਰ ਹਨ, ਜਿੱਥੇ ਦਲਿਤ ਦਾਖਲ ਨਹੀਂ ਹੋ ਸਕਦੇ। ਇਹ ਗੱਲ ਗੁਜਰਾਤ ਵਿਧਾਨ ਸਭਾ ਵਿਚ ਸੂਬੇ ਦੇ ਗ੍ਰਹਿ ਮੰਤਰੀ ਨੇ ਇਕ ਸਵਾਲ ਦੇ ਜਵਾਬ ਵਿਚ ਕਹੀ। ਮੰਤਰੀ ਨੇ ਦੱਸਿਆ ਕਿ ਸੂਬੇ ਦੇ ਜਿਹੜੇ 13 ਮੰਦਰ ਹਨ, ਉਹਨਾਂ ਵਿਚ ਅਹਿਮਦਾਬਾਦ ਪੇਂਡੂ ਖੇਤਰ ਦਾ ਇਕ, ਭਰੂਚ ਦੇ ਤਿੰਨ, ਦੇਵਭੂਮੀ ਦਵਾਰਕਾ ਦਾ ਇਕ, ਗਿਰ-ਸੋਮਨਾਥ ਦੇ ਦੋ, ਪੋਰਬੰਦਰ ਦਾ ਇਕ ਅਤੇ ਇਸ ਤੋਂ ਇਲਾਵਾ ਬਨਾਸਕਾਂਠਾ ਦਾ ਇਕ ਮੰਦਰ ਸ਼ਾਮਲ ਹੈ।

ਸੂਬੇ ਵਿਚ ਦਲਿਤਾਂ ਨਾਲ ਭੇਦਭਾਵ ਦਾ ਉਦਾਹਰਣ ਹਾਲ ਵਿਚ ਉਦੋਂ ਸਾਹਮਣੇ ਆਇਆ ਸੀ, ਜਦੋਂ ਜਾਮ ਨਗਰ ਦੇ ਇਕ ਮੰਦਰ ਦੇ ਬਾਹਰ ਦਲਿਤਾਂ ਨੂੰ ਦਾਖਲ ਹੋਣ ਤੋਂ ਰੋਕਣ ਦਾ ਪੋਸਟਰ ਲਗਾ ਦਿੱਤਾ ਸੀ। ਇਸ ਵਿਚ ਲਿਖਿਆ ਸੀ ਕਿ ਮੰਦਰ ਦੇ ਅੰਦਰ ਦਲਿਤ, ਮੁਸਲਮਾਨ, ਬੁਨਕਰ ਤੇ ਕੋਲੀ ਸਮਾਜ ਦੇ ਲੋਕ ਦਾਖਲ ਨਾ ਹੋਣ।

**ਪਿੰਡਾਂ 'ਚ ਦਲਿਤ ਬੱਚਿਆਂ ਦੇ ਆਧੁਨਿਕ ਨਾਂ ਰੱਖਣ 'ਤੇ ਹੁੰਦੀ ਹੈ ਕੁੱਟਮਾਰ**

ਸਰਵੇ ਵਿਚ ਸ਼ਾਮਲ ਸਾਰੇ ਪਿੰਡਾਂ ਵਿਚ ਦਲਿਤਾਂ ਦੇ ਨਾਲ ਛੂਤਛਾਤ ਦੀ ਪ੍ਰੰਪਰਾ ਹੈ। 50 ਫੀਸਦੀ ਪਿੰਡਾਂ ਵਿਚ ਦਲਿਤ ਬੱਚਿਆਂ ਦੇ ਆਧੁਨਿਕ ਨਾਂ ਰੱਖਣ 'ਤੇ ਗੈਰਦਲਿਤ ਉਨ੍ਹਾਂ ਨਾਲ ਕੁੱਟਮਾਰ ਕਰ ਦਿੰਦੇ ਹਨ। ਬੁੰਦੇਲਖੰਡ ਵਿਚ ਸਭ ਤੋਂ ਜ਼ਿਆਦਾ ਛੂਆਛਾਤ ਹੈ। ਚਾਈਲਡ ਰਾਈਟ ਆਬਜ਼ਰਵੇਟਰੀ ਦੀ ਪ੍ਰਧਾਨ ਨਿਰਮਲਾ ਦਾ ਕਹਿਣਾ ਹੈ ਕਿ ਸਕੂਲਾਂ ਵਿਚ ਹੋਣ ਵਾਲੇ ਮਾੜੇ ਵਿਵਹਾਰ ਅਤੇ ਭੇਦਭਾਵ ਕਰਕੇ ਕਈ ਹੋਣਹਾਰ ਦਲਿਤ ਬੱਚੇ ਵਿਚੋਂ ਹੀ ਪੜ੍ਹਾਈ ਛੱਡ ਦਿੰਦੇ ਹਨ। ਅੰਕੜੇ ਦੱਸਦੇ ਹਨ ਕਿ ਪੜ੍ਹਾਈ ਵਿਚ ਹੁਸ਼ਿਆਰ ਹੋਣ ਤੋਂ ਬਾਅਦ ਵੀ ਦਲਿਤ ਬੱਚਿਆਂ ਨੂੰ ਸਕੂਲ ਵਿਚ ਸਭ ਤੋਂ ਪਿੱਛੇ ਬੈਠਣ ਲਈ ਮਜਬੂਰ ਕੀਤਾ ਜਾਂਦਾ ਹੈ।

# 2 ਲੱਖ ਤੋਂ ਵੱਧ ਕੇ 24 ਲੱਖ ਹੋ ਸਕਦੀ ਹੈ ਆਈ.ਆਈ.ਟੀ.ਦੀ ਫੀਸ

**ਕਾਨ੍ਹਪੁਰ–** ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (ਆਈ. ਆਈ. ਐਮ.) ਵਾਂਗ ਹੀ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ. ਆਈ. ਟੀ.) ਦੀ ਫੀਸ ਵਿਚ ਭਾਰੀ ਵਾਧੇ ਦਾ ਖਾਕਾ ਤਿਆਰ ਕਰ ਲਿਆ ਗਿਆ ਹੈ। ਬੀ. ਟੈਕ ਦੀ ਸਲਾਨਾ ਫੀਸ 6 ਲੱਖ ਰੁਪਏ ਕਰਨ ਦਾ ਪ੍ਰਸਤਾਵ ਹੈ। ਇਹ ਮਾਮਲਾ ਆਈ. ਆਈ. ਟੀ. ਕੌਂਸਲ ਦੀ ਮੀਟਿੰਗ ਵਿਚ ਵੀ ਲਿਆ ਜਾ ਰਿਹਾ ਹੈ। ਮੀਟਿੰਗ ਮਈ ਵਿਚ ਹੋਵੇਗੀ।

ਆਈ. ਆਈ. ਟੀ. ਕੌਂਸਲ ਦੀ ਮਨਜ਼ੂਰੀ ਮਿਲੀ ਤਾਂ ਆਈ. ਆਈ. ਟੀ. ਤੋਂ ਬੀਟੈਕ ਦੀ ਚਾਰ ਸਾਲ (ਅੱਠ ਸਮੈਸਟਰ) ਦੀ ਪੜਾਈ ਤੇ 24 ਲੱਖ ਰੁਪਏ ਖਰਚ ਕਰਨੇ ਪੈਣਗੇ। ਹਾਲੇ 2 ਲੱਖ ਰੁਪਏ ਫੀਸ ਵਿਚ ਪੜ੍ਹਾਈ ਪੂਰੀ ਹੋ ਜਾਂਦੀ ਹੈ। ਆਈ. ਆਈ. ਟੀ. ਤੋਂ ਬੀ ਟੈਕ ਕਰਨ ਵਾਲੇ ਵਿਦਿਆਰਥੀਆਂ ਤੋਂ ਇਕ ਸਮੈਸਟਰ (ਛੇ ਮਹੀਨੇ ਦੀ ਪੜ੍ਹਾਈ) ਦੀ 25 ਹਜ਼ਾਰ ਰੁਪਏ ਫੀਸ ਲਈ ਜਾ ਰਹੀ ਹੈ। ਸਾਲਾਨਾ ਫੀਸ 50 ਹਜ਼ਾਰ ਰੁਪਏ ਬੈਠਦੀ ਹੈ।

**ਆਈ. ਆਈ. ਐਮ. ਦੀ ਫੀਸ ਹੈ ਸਾਢੇ 18 ਲੱਖ**

ਸੂਤਰਾਂ ਦੇ ਮੁਤਾਬਕ ਆਈ. ਆਈ. ਐਮ. ਅਹਿਮਦਾਬਾਦ ਦੀ ਪੀ. ਜੀ. ਪੀ. ਅਤੇ ਪੀ. ਜੀ. ਪੀ.- ਏ. ਬੀ. ਐਮ. ਦੀ ਫੀਸ 16.60 ਲੱਖ ਅਤੇ 18.50 ਲੱਖ ਰੁਪਏ ਹੈ। ਹੋਰ ਆਈ. ਆਈ. ਐਮ. ਦੀ ਫੀਸ ਵੀ ਜ਼ਿਆਦਾ ਹੈ। ਇਸੇ ਆਧਾਰ 'ਤੇ ਆਈ. ਆਈ. ਟੀ. ਆਪਣਾ ਫੀਸ ਢਾਂਚਾ ਬਣਾਉਣਾ ਚਾਹੁੰਦੀ ਹੈ। ਆਈ. ਆਈ. ਟੀ. ਨੂੰ ਸਿੱਖਿਆ ਖੁਦਮੁਖਤਿਆਰੀ ਮਿਲੀ ਹੈ। ਕੌਂਸਲ ਆਪਣੇ ਹਿਸਾਬ ਨਾਲ ਨਿਯਮ ਬਣਾ ਸਕਦੀ ਹੈ।

# ਪ੍ਰਭੂ ਯਿਸੂ ਦਾ ਕਫਨ



ਫਰੈਡੀ ਜੋਜ਼ਫ

ਪ੍ਰਭੂ ਯਿਸੂ ਦਾ ਕਫਨ ਫਲਸਤੀਨ ਦੇ ਸ਼ਹਿਰ ਟੁਰੀਨ ਦੇ ਇਕ ਚਰਚ ਵਿਚ ਪਿਆ ਹੈ ਜਿਸ ਉਤੇ ਪ੍ਰਭੂ ਯਿਸੂ ਦੀ ਤਸਵੀਰ ਛਪੀ ਹੋਈ ਹੈ। ਜਿਸ ਸਮੇਂ ਪ੍ਰਭੂ ਯਿਸੂ ਮਰ ਕੇ ਜ਼ਿੰਦਾ ਹੋਏ ਤਾਂ ਉਨ੍ਹਾਂ ਦੇ ਸਾਰੇ ਸਰੀਰ ਦੀ ਤਸਵੀਰ ਉਨ੍ਹਾਂ ਦੇ ਕਫਨ ਉਤੇ ਛਪ ਗਈ। ਕਈ ਸਾਲ ਇਹ ਬਹਿਸ ਚਲਦੀ ਰਹੀ ਹੈ ਕਿ ਇਹ ਤਸਵੀਰ ਸਿਆਹੀ ਨਾਲ ਬਣਾਈ ਗਈ ਹੈ ਪਰ ਸਾਇੰਸਦਾਨਾਂ ਵਲੋਂ ਬਰੀਕੀ ਨਾਲ ਕੀਤੀ ਜਾਂਚ ਤੋਂ ਪਤਾ ਲਗਾ ਕਿ ਇਹ ਤਸਵੀਰ ਸਿਆਹੀ ਨਾਲ ਨਹੀਂ ਬਲਕਿ ਖੂਨ ਅਤੇ ਪਸੀਨੇ ਨਾਲ ਬਣੀ ਹੋਈ ਹੈ। ਸਾਇੰਸਦਾਨਾਂ ਨੇ ਦੱਸਿਆ ਕਿ ਜਦ ਉਹ ਜ਼ਿੰਦਾ ਹੋਏ ਹੋਣਗੇ ਤਾਂ ਉਨ੍ਹਾਂ ਦਾ ਸਰੀਰ ਇੰਨਾਂ ਜਲਾਲੀ ਹੋ ਗਿਆ ਹੋਵੇਗਾ ਕਿ ਰੇਡੀਏਸ਼ਨ ਨਾਲ ਉਨ੍ਹਾਂ ਦੇ ਸਾਰੇ ਸਰੀਰ ਦੀ ਤਸਵੀਰ ਉਨ੍ਹਾਂ ਦੇ ਕਫਨ ਉਤੇ ਆ ਗਈ ਹੈ।

ਸੰਸਾਰ ਭਰ ਤੇ ਮੌਜੂਦ ਪ੍ਰਭੂ ਯਿਸੂ ਦੀਆਂ ਤਸਵੀਰਾਂ ਦਾ ਅਧਾਰ ਕਿਸੇ ਆਰਟਿਸਟ ਦੀ ਕਲਪਨਾ ਨਹੀਂ ਬਲਕਿ ਇਹ ਤਸਵੀਰ ਹੈ ਜੋ ਕਿ ਉਨ੍ਹਾਂ ਦੇ ਕਫਨ ਉਤੇ ਛਪੀ ਹੋਈ ਹੈ।

ਜਿਸ ਸਮੇਂ ਕੈਮਰੇ ਦੀ ਈਜਾਦ ਹੋਈ ਤਾਂ ਇਕ ਸਾਇੰਸਦਾਨ ਨੇ ਕਫਨ ਦੀ ਫੋਟੋ ਲਈ ਤਾਂ ਇਹ ਫੋਟੋ ਥਰੀ ਡਾਈਮੈਨਸ਼ਨ ਆ ਗਈ ਜਿਸ ਤੇ ਇਹ ਸਾਇੰਸ-ਦਾਨ ਹੈਰਾਨ ਰਹਿ ਗਿਆ। ਥਰੀ ਡਾਇਮੈਨਸ਼ਨ ਫੋਟੋਆਂ ਦਾ ਪ੍ਰਿਤ ਇਥੋਂ ਹੀ ਪਈ।

ਪ੍ਰਭੂ ਯਿਸੂ ਦਾ ਕਫਨ ਮਲਮਲ ਦਾ ਹੈ ਅਤੇ ਇਹ ਕਪੜਾ ਭਾਰਤ ਵਿਚ ਬਣਿਆ ਹੋਇਆ ਹੈ। ਉਸ ਸਮੇਂ ਭਾਰਤ ਦੀ ਮਲਮਲ ਸੰਸਾਰ ਭਰ ਵਿਚ ਵਰਤੀ ਜਾਂਦੀ ਸੀ। ਇਹ ਕਫਨ ਸਮੇਂ ਸਮੇਂ ਤੇ ਲੋਕਾਂ ਦੇ ਦਰਸ਼ਨ ਲਈ ਰੱਖਿਆ ਜਾਂਦਾ ਹੈ।

**ਪ੍ਰਭੂ ਯਿਸੂ ਦਾ ਰੁਮਾਲ**

ਪ੍ਰਭੂ ਯਿਸੂ ਦਾ ਉਹ ਰੁਮਾਲ ਅੱਜ ਵੀ ਟੁਰੀਨ ਦੇ ਇਕ ਚਰਚ ਵਿਚ ਮੌਜੂਦ ਹੈ ਜਿਸ ਉਤੇ ਪ੍ਰਭੂ ਯਿਸੂ ਦੇ ਚਿਹਰੇ ਦੀ ਫੋਟੋ ਛਪੀ ਹੈ। ਦਸਿਆ ਜਾਂਦਾ ਹੈ ਕਿ ਜਿਸ ਸਮੇਂ ਪ੍ਰਭੂ ਯਿਸੂ ਸਲੀਬ ਚੁਕੀ ਜਾ ਰਹੇ ਸਨ। ਇਸ ਦੁੱਖ ਦੀ ਸਥਿਤੀ ਵਿਚ ਉਨ੍ਹਾਂ ਨੂੰ ਬਹੁਤ ਪਸੀਨਾ ਆਇਆ ਹੋਇਆ ਸੀ। ਇਕ ਔਰਤ ਨੇ ਉਸਨੂੰ ਪਸੀਨਾ ਪੂੰਝਣ ਲਈ ਇਕ ਰੁਮਾਲ ਦਿਤਾ। ਇਸ ਰੁਮਾਲ ਨਾਲ ਪ੍ਰਭੂ ਯਿਸੂ ਨੇ ਜਦ ਮੂੰਹ ਪੂੰਝਿਆ ਤਾਂ ਉਨ੍ਹਾਂ ਦੇ ਚਿਹਰੇ ਦੀ ਤਸਵੀਰ ਇਸ ਰੁਮਾਲ ਉਤੇ ਛਪ ਗਈ। ਇਹ ਰੁਮਾਲ ਅੱਜ ਵੀ ਸਮੇਂ ਸਮੇਂ ਤੇ ਲੋਕਾਂ ਦੇ ਦਰਸ਼ਨ ਲਈ ਰੱਖਿਆ ਜਾਂਦਾ ਹੈ।

# ਪ੍ਰਦੂਸ਼ਣ ਕਾਰਨ ਕਾਲਾ ਪੈ ਰਿਹਾ ਹੈ ਸ੍ਰੀ ਹਰਿਮੰਦਰ ਸਾਹਿਬ ਦਾ ਸੋਨਾ

**ਅੰਮ੍ਰਿਤਸਰ–** 'ਅੰਮ੍ਰਿਤਸਰ-ਸਿਫਤੀ ਦਾ ਘਰ' ਵਿੱਚ ਲਗਾਤਾਰ ਵੱਧ ਰਹੇ ਪ੍ਰਦੂਸ਼ਣ ਕਾਰਨ ਇਤਿਹਾਸਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿੱਚ ਲੱਗੇ ਸੋਨੇ ਦੀ ਚਮਕ ਅਤੇ ਪੁਰਾਣੇ ਸੰਗਮਰਮਰ ਪੱਥਰ ਦੀ ਦਿੱਖ ਪ੍ਰਭਾਵਿਤ ਹੋ ਰਹੀ ਹੈ। ਇੱਥੇ ਵੱਧ ਰਹੇ ਪ੍ਰਦੂਸ਼ਣ ਦਾ ਵੱਡਾ ਕਾਰਨ ਚਲ ਰਹੇ ਉਸਾਰੀ ਕਾਰਜ, ਵਾਹਨਾਂ ਅਤੇ ਸਨਅਤਾਂ ਤੋਂ ਪੈਦਾ ਹੁੰਦਾ ਪ੍ਰਦੂਸ਼ਣ, ਹੋਟਲ ਤੇ ਢਾਬਿਆਂ ਦੀਆਂ ਭੱਠੀਆਂ ਤੋਂ ਨਿਕਲਦੀਆਂ ਗੈਸਾਂ ਤੇ ਹੋਰ ਕਈ ਕਾਰਨ ਸ਼ਾਮਲ ਹਨ।

ਇਨ੍ਹਾਂ ਦਿਨਾਂ ਵਿੱਚ ਸ਼ਹਿਰ ਵਿੱਚ ਚੱਲ ਰਹੇ ਬੀਆਰਟੀਐਸ ਪ੍ਰਾਜੈਕਟ ਅਤੇ ਖਾਸ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਦੇ ਸੁੰਦਰੀਕਰਨ ਲਈ ਚੱਲ ਰਹੇ ਪ੍ਰੋਜੈਕਟਾਂ ਕਾਰਨ ਇਸ ਖੇਤਰ ਵਿੱਚ ਵੱਡੇ ਪੱਧਰ 'ਤੇ ਹਵਾ ਪ੍ਰਦੂਸ਼ਣ ਵੱਧ ਗਿਆ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਬਾਹਰੀ ਸੁੰਦਰਤਾ ਲਈ ਉਸਾਰੀ ਕਾਰਜ ਚੱਲ ਰਹੇ ਹਨ, ਸ੍ਰੀ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਦਾ ਕੰਮ ਚਲ ਰਿਹਾ ਹੈ, ਜਲ੍ਹਿਆਂਵਾਲਾ ਬਾਗ ਨੇੜੇ ਸੜਕ ਦੇ ਦੋਵੇਂ ਪਾਸੇ ਫਸਾਡ ਨੂੰ ਇਕ ਰੂਪ ਦੇਣ ਲਈ ਕੰਮ ਚੱਲ ਰਿਹਾ ਹੈ, ਧਰਮ ਸਿੰਘ ਮਾਰਕੀਟ ਤੋਂ ਕੋਤਵਾਲੀ ਤੱਕ ਸੜਕ ਨੂੰ ਚੌੜਾ ਕਰਨ ਅਤੇ ਫਸਾਡ ਨੂੰ ਇਕ ਰੂਪ ਦੇਣ ਦਾ ਕੰਮ ਜਾਰੀ ਹੈ। ਇਸ ਤੋਂ ਇਲਾਵਾ ਹਾਲ ਬਾਜ਼ਾਰ ਵਿੱਚ ਮਸਜਿਦ ਨੇੜੇ ਬਣ ਰਿਹਾ ਗੇਟ ਤੇ ਹੋਰ ਵੀ ਉਸਾਰੀ ਕਾਰਜ ਜਾਰੀ ਹਨ। ਇਨ੍ਹਾਂ ਉਸਾਰੀ ਕਾਰਜਾਂ ਕਾਰਨ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਮਿੱਟੀ-ਧੂੜ ਉੱਡ ਰਹੀ ਹੈ।

ਇਸੇ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਲੰਗਰ ਘਰ ਦੀ ਇਮਾਰਤ ਦਾ ਕੰਮ ਜਾਰੀ ਹੈ। ਇਹ ਇਮਾਰਤ ਉਸਾਰੀ ਕਾਰਨ ਇੱਥੇ ਭੱਠੀਆਂ ਆਦਿ ਦਾ ਵੀ ਆਰਜ਼ੀ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿੱਚ ਇਸ ਵੇਲੇ ਲੱਕੜ ਵਰਤੀ ਜਾਂਦੀ ਹੈ।

ਇਸ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਚਲਦੇ ਵਾਹਨਾਂ ਕਾਰਨ ਵੀ ਪ੍ਰਦੂਸ਼ਣ ਵੱਧ ਰਿਹਾ ਹੈ। ਇਹ ਧੂੜ ਤੇ ਹੋਰ ਗੈਸਾਂ ਕਾਰਨ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ 'ਤੇ ਲੱਗੇ ਸੋਨੇ ਦਾ ਰੰਗ ਕਾਲਾ ਪੈ ਰਿਹਾ ਹੈ। ਇਸ ਦਾ ਪ੍ਰਭਾਵ ਇਮਾਰਤ 'ਤੇ ਲੱਗੇ ਪੁਰਾਣੇ ਪੱਥਰ 'ਤੇ ਵੀ ਪੈ ਰਿਹਾ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਵੱਲੋਂ ਕਰਵਾਈ ਗਈ ਸੀ, ਜਿਸ ਨੂੰ ਲਗਪਗ ਡੇਢ ਸਦੀ ਮਗਰੋਂ 1999 ਵਿੱਚ ਬਦਲਿਆ ਗਿਆ ਸੀ। ਹੁਣ ਪ੍ਰਦੂਸ਼ਣ ਦਾ ਪੱਧਰ ਵਧਣ ਕਾਰਨ ਇਹ ਸੋਨਾ ਸਿਰਫ 17 ਸਾਲਾਂ ਵਿੱਚ ਹੀ ਆਪਣੀ ਚਮਕ ਗਵਾ ਰਿਹਾ ਹੈ। ਇਸ ਸੋਨੇ ਦੀ ਚਮਕ ਨੂੰ ਕਾਇਮ ਰੱਖਣ ਲਈ ਸ਼੍ਰੋਮਣੀ ਕਮੇਟੀ ਨੂੰ ਲਗਪਗ ਹਰ ਵਰ੍ਹੇ ਇਸ ਦੀ ਵਿਸ਼ੇਸ਼ ਧੁਆਈ ਕਰਾਉਣੀ ਪੈਂਦੀ ਹੈ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਨੇ ਮੰਨਿਆ ਕਿ ਇਨ੍ਹਾਂ ਦਿਨਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਪ੍ਰਦੂਸ਼ਣ ਦਾ ਪੱਧਰ ਵਧਿਆ ਹੈ। ਪਰ ਇਹ ਪ੍ਰਦੂਸ਼ਣ ਕੁਝ ਸਮੇਂ ਵਾਸਤੇ ਹੈ, ਜਿਵੇਂ ਹੀ ਆਲੇ ਦੁਆਲੇ ਚੱਲ ਰਹੇ ਉਸਾਰੀ ਕਾਰਜ ਮੁਕੰਮਲ ਹੋਣਗੇ, ਪ੍ਰਦੂਸ਼ਣ ਦਾ ਪੱਧਰ ਘੱਟ ਜਾਵੇਗਾ।

ਉਨ੍ਹਾਂ ਆਖਿਆ ਕਿ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਬਣ ਰਹੀ ਨਵੀਂ ਇਮਾਰਤ ਵੀ ਇਕ ਦੋ ਮਹੀਨਿਆਂ ਵਿਚ ਮੁਕੰਮਲ ਹੋ ਜਾਵੇਗੀ। ਮੈਨੇਜਰ ਸੁਲੱਖਣ ਸਿੰਘ ਨੇ ਆਖਿਆ ਕਿ ਮਈ ਮਹੀਨੇ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਸੋਨੇ ਦੀ ਧੁਆਈ ਵੀ ਕਰਵਾਈ ਜਾਵੇਗੀ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਐਮ ਐਸ ਛਤਵਾਲ ਨੇ ਦਸਿਆ ਕਿ ਬੋਰਡ ਵੱਲੋਂ ਜਲਦੀ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਟਾ ਮੰਡੀ ਵਾਲੇ ਪਾਸੇ ਇਕ ਅਤਿ ਆਧੁਨਿਕ ਪ੍ਰਦੂਸ਼ਣ ਮਾਪਿਕ ਉਪਕਰਨ ਸਥਾਪਤ ਕੀਤਾ ਜਾ ਰਿਹਾ ਹੈ। ਇਸ ਉਪਕਰਨ ਦੀ ਸਥਾਪਨਾ ਮਗਰੋਂ ਇਹ ਪਤਾ ਲਾਉਣਾ ਸੌਖਾਲਾ ਹੋ ਜਾਵੇਗਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਕਿਸ ਤਰ੍ਹਾਂ ਦਾ ਪ੍ਰਦੂਸ਼ਣ ਹੈ, ਜਿਸ ਨੂੰ ਮੁੜ ਕਾਬੂ ਕੀਤਾ ਜਾ ਸਕੇਗਾ।

---

# ਵਿਸਕਾਨਸਨ ਪ੍ਰਾਇਮਰੀ: ਟਰੰਪ ਤੇ ਹਿਲੇਰੀ ਦੀ ਹੋਵੇਗੀ ਪ੍ਰੀਖਿਆ

(ਸਫਾ 1 ਦੀ ਬਾਕੀ)

ਹਰਾਉਣ ਲਈ ਪੂਰੀ ਵਾਹ ਲਾਵੇਗੀ। ਚੋਣ ਤੋਂ ਪਹਿਲਾਂ ਤਾਜ਼ਾ ਸਰਵੇਖਣਾਂ ਅਨੁਸਾਰ ਇਸ ਅਹਿਮ ਰਾਜ ਵਿੱਚ ਕਰੂਜ਼ ਦੇ ਜਿੱਤਣ ਦੀ ਸੰਭਾਵਨਾ ਹੈ। ਇਸ ਲਈ 69 ਸਾਲਾ ਟਰੰਪ ਨੇ 45 ਸਾਲਾ ਕਰੂਜ਼ ਨੂੰ ਹਰਾਉਣ ਤੇ ਵੋਟਰਾਂ ਨੂੰ ਲੁਭਾਉਣ ਲਈ ਵਿਸਕਾਨਸਨ 'ਚ ਕਈ ਰੈਲੀਆਂ ਕੀਤੀਆਂ ਹਨ। ਟਰੰਪ ਨੇ ਇਹ ਪ੍ਰਾਇਮਰੀ ਜਿੱਤਣ ਦਾ ਭਰੋਸਾ ਪ੍ਰਗਟਾਇਆ ਹੈ। ਮਾਹਿਰਾਂ ਤੇ ਅਮਰੀਕੀ ਮੀਡੀਆ ਦਾ ਕਹਿਣਾ ਹੈ ਕਿ ਵਿਸਕਾਨਸਨ ਵਿੱਚ ਟਰੰਪ ਦੀ ਹਾਰ ਬਾਅਦ ਰਿਪਬਲਿਕਨ ਉਮੀਦਵਾਰ ਬਣਨ ਦੀ ਦੌੜ ਵਿੱਚ ਨਵਾਂ ਮੋੜ ਆ ਸਕਦਾ ਹੈ। ਹਾਲਾਂਕਿ ਹਾਰ ਦੀ ਸਥਿਤੀ ਵਿੱਚ ਵੀ ਟਰੰਪ ਦੌੜ ਵਿੱਚੋਂ ਬਾਹਰ ਨਹੀਂ ਹੋਣਗੇ ਪਰ ਕੁੱਲ 1237 ਡੈਲੀਗੇਟਾਂ ਦਾ ਸਮਰਥਨ ਹਾਸਲ ਕਰਕੇ ਪਾਰਟੀ ਦਾ ਉਮੀਦਵਾਰ ਬਣਨ ਦੀ ਉਸ ਦੀ ਰਾਹ ਮੁਸ਼ਕਲ ਹੋ ਜਾਵੇਗੀ। ਟਰੰਪ ਦੇ ਹਾਰਨ ਦੀ ਸਥਿਤੀ ਵਿੱਚ ਜੁਲਾਈ ਵਿੱਚ ਕਲੀਵਲੈਂਡ ਕਨਵੈਨਸ਼ਨ ਦੀ ਸੰਭਾਵਨਾ ਵਧ ਜਾਵੇਗੀ, ਜਿਸ ਤੋਂ ਟਰੰਪ ਬਚਣਾ ਚਾਹੁੰਦਾ ਹੈ। ਇਸੇ ਤਰ੍ਹਾਂ 68 ਸਾਲਾ ਹਿਲੇਰੀ ਸਾਹਮਣੇ ਵੀ ਸੈਨੇਟਰ ਸੈਂਡਰਜ਼ ਦੀ ਵੱਡੀ ਚੁਣੌਤੀ ਹੈ। ਵਿਸਕਾਨਸਨ ਵਿੱਚ ਜਿੱਤ ਨਾਲ ਸੈਂਡਰਜ਼ ਦੀ ਪ੍ਰਚਾਰ ਮੁਹਿੰਮ ਵਿੱਚ ਨਵੀਂ ਜਾਨ ਪੈ ਸਕਦੀ ਹੈ। ਇਸ ਨਾਲ ਉਨ੍ਹਾਂ ਦਾ ਇਹ ਦਾਅਵਾ ਪੁਖਤਾ ਹੋ ਸਕਦਾ ਹੈ ਕਿ ਉਹ ਡੈਲੀਗੇਟਾਂ ਦੀ ਗਿਣਤੀ ਦੇ ਮਾਮਲੇ ਵਿੱਚ ਹਿਲੇਰੀ ਨੂੰ ਕਰੜੀ ਟੱਕਰ ਦੇ ਕੇ ਡੈਮੋਕਰੈਟਿਕ ਉਮੀਦਵਾਰ ਬਣ ਸਕਦਾ ਹੈ। ਵਿਸਕਾਨਸਨ ਵਿੱਚ ਸੈਂਡਰਜ਼ ਦੇ ਜਿੱਤਣ ਦੀ ਸੰਭਾਵਨਾ ਹੈ ਪਰ ਉਨ੍ਹਾਂ ਨੂੰ ਇਹ ਜਿੱਤ ਬਹੁਤ ਘੱਟ ਫਰਕ ਨਾਲ ਮਿਲਣ ਦੀ ਉਮੀਦ ਹੈ। ਫਾਕਸ ਬਿਜ਼ਨੈਸ ਸਰਵੇਖਣ ਮੁਤਾਬਕ ਸੈਂਡਰਜ਼ ਨੂੰ ਵੋਟਰਾਂ ਦਾ 48 ਫ਼ੀਸਦ ਅਤੇ ਹਿਲੇਰੀ ਨੂੰ 43 ਫ਼ੀਸਦ ਸਮਰਥਨ ਪ੍ਰਾਪਤ ਹੈ। ਇਸ ਸਮੇਂ ਟਰੰਪ ਕੋਲ 736, ਕਰੂਜ਼ ਕੋਲ 463 ਅਤੇ ਕੈਸਿਚ ਕੋਲ 143 ਡੈਲੀਗੇਟਾਂ ਦਾ ਸਮਰਥਨ ਹੈ। ਹਿਲੇਰੀ ਕੋਲ 469 ਸੁਪਰ ਡੈਲੀਗੇਟਾਂ ਸਮੇਤ 1712 ਡੈਲੀਗੇਟਾਂ ਦਾ ਸਮਰਥਨ ਹੈ। ਸੈਂਡਰਜ਼ ਕੋਲ 1011 ਡੈਲੀਗੇਟਾਂ ਦਾ ਸਮਰਥਨ ਹੈ, ਜਿਨ੍ਹਾਂ ਵਿੱਚੋਂ ਕੇਵਲ 31 ਸੁਪਰ ਡੈਲੀਗੇਟ ਹਨ। ਹਿਲੇਰੀ ਨੂੰ ਪਾਰਟੀ ਉਮੀਦਵਾਰ ਬਣਨ ਲਈ ਹੁਣ 671 ਹੋਰ ਡੈਲੀਗੇਟਾਂ ਦੇ ਸਮਰਥਨ ਦੀ ਲੋੜ ਹੈ।




ਐਸ. ਬਲਵੰਤ (ਯੂ ਕੇ) ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਦਿੱਲੀ ਵਿਖੇ ਵਿਸ਼ਵ ਪੰਜਾਬੀ ਲੇਖਕ ਸੰਮੇਲਨ ਦਰਮਿਆਨ। (1982 ਦੀ ਇਕ ਯਾਦਗਾਰੀ)

# ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਦਾ ਉਦਘਾਟਨ

**ਖਡੂਰ ਸਾਹਿਬ (ਬਿਊਰੋ)–** ਅੱਠ ਗੁਰੂ ਸਾਹਿਬਾਨ ਦੀ ਪਾਵਨ ਚਰਨ ਛੋਹ ਪ੍ਰਾਪਤ ਖਡੂਰ ਸਾਹਿਬ ਦੀ ਪਵਿੱਤਰ ਧਰਤੀ ਵਿਖੇ ਕਾਰ ਸੇਵਾ ਖਡੂਰ ਸਾਹਿਬ ਦੇ ਮੁਖੀ ਬਾਬਾ ਸੇਵਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਨਿਸ਼ਾਨ–ਏ–ਸਿੱਖੀ ਚੈਰੀਟੇਬਲ ਟਰੱਸਟ ਵੱਲੋਂ ਵੱਖ–ਵੱਖ ਸੰਸਥਾਵਾਂ ਰਾਹੀਂ ਵਿਦਿਅਕ ਖੇਤਰ ਵਿੱਚ ਮਹੱਤਵ ਪੂਰਨ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਦਿਸ਼ਾ ਵਿੱਚ ਇੱਕ ਹੋਰ ਮੀਲ ਪੱਥਰ ਸਥਾਪਿਤ ਕਰਦਿਆਂ ਸੀ.ਬੀ.ਐੱਸ.ਈ. ਪੈਟਰਨ ਤੇ ਨਿਸ਼ਾਨ–ਏ–ਸਿੱਖੀ ਇੰਟਰਨੈਸ਼ਨਲ ਸਕੂਲ ਦਾ ਉਦਘਾਟਨ ਕੀਤਾ ਗਿਆ, ਜੋਕਿ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਸਿੰਘਾਪੁਰ ਨਿਵਾਸੀ ਸ੍ਰ. ਕਰਤਾਰ ਸਿੰਘ ਠਕਰਾਲ ਅਤੇ ਨਿਸ਼ਾਨ–ਏ–ਸਿੱਖੀ ਚੈਰੀਟੇਬਲ ਟਰੱਸਟ ਅਤੇ ਹੋਰ ਸੰਗਤਾਂ ਦੇ ਸਹਿਯੋਗ ਨਾਲ ਹੋਂਦ ਵਿੱਚ ਆਇਆ ਹੈ।

ਉਦਘਾਟਨੀ ਸਮਾਰੋਹ ਮੌਕੇ ਬਾਬਾ ਸੇਵਾ ਸਿੰਘ ਜੀ ਨੇ ਸਮੁੱਚੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਇਲਾਕੇ ਨੂੰ ਸੀ.ਬੀ.ਐਸ.ਸੀ ਸਕੂ.ਲ ਦੀ ਬੜੀ ਜਰੂਰਤ ਸੀ ਤੇ ਹੁਣ ਬੱਚਿਆਂ ਨੂੰ ਵਿਦਿਆ ਪ੍ਰਾਪਤ ਕਰਨ ਲਈ ਕਿਤੇ ਬਾਹਰ ਨਹੀਂ ਜਾਣਾ ਪਵੇਗਾ। ਉਹਨਾਂ ਕਿਹਾ ਕਿ ਸਕੂਲ ਦਾ ਮੁੱਖ ਮਿਸ਼ਨ ਪੜ੍ਹਾਈ ਦੇ ਨਾਲ–ਨਾਲ ਧਾਰਮਿਕਤਾ, ਨੈਤਿਕਤਾ ਅਤੇ ਖੇਡਾਂ ਦੇ ਨਾਲ ਬੱਚਿਆਂ ਨੂੰ ਜੋੜ ਕੇ ਉਹਨਾਂ ਦਾ ਸਰਵਪੱਖੀ ਵਿਕਾਸ ਕਰਨਾ ਹੋਵੇਗਾ ਤਾਂ ਜੋ ਬੱਚੇ ਸਮੇਂ ਦੇ ਹਾਣ ਦੇ ਬਣ ਸਕਣ। ਉਹਨਾਂ ਨੇ ਇਸ ਮੌਕੇ ਆਲੇ ਦੁਆਲੇ ਦੀਆਂ ਸੰਗਤਾਂ ਅਤੇ ਵਿਦੇਸ਼ੀ ਸੰਗਤਾਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਡਾਇਰੈਕਟਰ ਸੇਵਾਮੁਕਤ ਮੇਜਰ ਜਨਰਲ ਆਰ.ਐਸ. ਛਤਵਾਲ ਨੇ ਇਸ ਸਕੂਲ ਦੀ ਉਸਾਰੀ ਵਿੱਚ ਹਰ ਪ੍ਰਕਾਰ ਦਾ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਅਤੇ ਉਹਨਾਂ ਦੱਸਿਆ ਕਿ ਇਹ ਵੀ ਵਰਣਨਯੋਗ ਪ੍ਰਾਪਤੀ ਹੈ ਕਿ ਬਿਲਕੁਲ ਆਧੁਨਿਕ ਸਹੂਲਤਾਂ ਨਾਲ ਲੈਸ ਇਸ ਸਕੂਲ ਵਿੱਚ ਤਿੰਨ ਬਲਾਕ ਬਣਾਏ ਗਏ ਹਨ। ਜਿਸ ਦੇ ਵਿੱਚ 62 ਕਲਾਸ ਰੂਮ, 2 ਕਾਨਫਰੰਸ ਹਾਲ, 2 ਲਾਇਬ੍ਰੇਰੀਆਂ, 7 ਨਵੀਂ ਤਕਨੀਕ ਨਾਲ ਲੈਸ ਪ੍ਰਯੋਗਸ਼ਲਾਵਾਂ, 2 ਕੰਪਿਊਟਰ ਪ੍ਰਯੋਗਸ਼ਲਾਵਾਂ ਅਤੇ ਵਿਸ਼ਾਲ ਖੇਡ ਮੈਦਾਨ ਹਨ।



ਸਕੂਲ ਦੇ ਕੋਆਰਡੀਨੇਟਰ ਸ੍ਰ. ਗੁਰਦਿਆਲ ਸਿੰਘ ਗਿੱਲ ਨੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵਿਦਿਆ ਦੇ ਖੇਤਰ ਵਿੱਚ ਚੱਲ ਰਹੇ ਪ੍ਰੋਜੈਕਟਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ । ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ.ਅਜੈਬ ਸਿੰਘ ਬਰਾੜ ਅਤੇ ਸੇਵਾ ਮੁਕਤ ਆਈ.ਏ.ਐਸ ਅਫਸਰ ਸ੍ਰ.ਹਰਦਿਆਲ ਸਿੰਘ ਨੇ ਬਾਬਾ ਸੇਵਾ ਸਿੰਘ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪਾਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਲਾਕੇ ਦੇ ਲੋਕਾਂ ਨੂੰ ਉਹਨਾਂ ਦੇ ਯਤਨਾਂ ਦਾ ਲਾਭ ਉਠਾਉਣ ਦੀ ਸਲਾਹ ਦਿੱਤੀ। ਉਹਨਾਂ ਕਿਹਾ ਕਿ ਚੰਗੀਆਂ ਅਤੇ ਮਿਆਰੀ ਵਿਦਿਅਕ ਸੰਸਥਾਵਾਂ ਅੱਜ ਦੇ ਸਮੇਂ ਦੀ ਮੁੱਖ ਜ਼ਰੂਰਤ ਹਨ।

ਸਟਾਕ ਹੋਮ ਵਾਟਰ ਪ੍ਰਾਈਜ਼ ਜੇਤੂ ਸ੍ਰੀ ਰਜਿੰਦਰਾ ਸਿੰਘ ਨੇ ਕਿਹਾ ਕਿ ਮੈਨੂੰ ਇਹ ਦੇਖਕੇ ਖੁਸ਼ੀ ਹੋਈ ਹੈ ਕਿ ਬਾਬਾ ਸੇਵਾ ਸਿੰਘ ਵਾਤਾਵਰਣ ਅਤੇ ਸਿਖਿਆ ਦੇ ਖੇਤਰ ਵਿੱਚ ਲਾਮਿਸਾਲ ਕੰਮ ਕਰ ਰਹੇ ਹਨ।

ਸਕੂਲ ਦਾ ਉਦਘਾਟਨ ਕਰਨ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਦਾ ਇਲਾਹੀ ਕੀਰਤਨ ਹੋਇਆ। ਇਸ ਮੌਕੇ ਬਾਬਾ ਗੁਰਮੁੱਖ ਸਿੰਘ ਬਾਬਾ ਉੱਤਮ ਸਿੰਘ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਦਾ ਪ੍ਰਦਰਸ਼ਨ ਕੀਤਾ ਗਿਆ।ਪ੍ਰਿੰਸੀਪਲ ਸ੍ਰ.ਅਮਰਜੀਤ ਸਿੰਘ ਗਿੱਲ ਨੇ ਆਏ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸ੍ਰ.ਕੁਲਦੀਪ ਸਿੰਘ ਠਕਰਾਲ ਸਿੰਘਾਪੁਰ ਅਤੇ ਸਮੁੱਚੇ ਠਕਰਾਲ ਪਰਿਵਾਰ, ਸ੍ਰ.ਮਹਿੰਦਰਜੀਤ ਸਿੰਘ ਆਰਕੀਟੈਕਟ ਅਤੇ ਹੋਰ ਉੱਘੀਆਂ ਸ਼ਖਸੀਅਤਾਂ ਦਾ ਕਾਰ ਸੇਵਾ ਅਤੇ ਨਿਸ਼ਾਨ–ਏ–ਸਿੱਖੀ ਚੈਰੀਟੇਬਲ ਟਰੱਸਟ ਵੱਲੋਂ ਸਨਮਾਨ ਵੀ ਕੀਤਾ ਗਿਆ।ਸਿਹਤ ਠੀਕ ਨਾ ਹੋਣ ਕਾਰਨ ਸ੍ਰ.ਕਰਤਾਰ ਸਿੰਘ ਠਕਰਾਲ ਸਿੰਘਾਪੁਰ ਨਹੀਂ ਪਹੁੰਚ ਸਕੇ।

ਸਟੇਜ ਸੰਚਾਲਨ ਦੀ ਭੂਮਿਕਾ ਭਾਈ ਵਰਿਆਮ ਸਿੰਘ ਅਤੇ ਡਾ.ਕੰਵਲਜੀਤ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ। ਇਸ ਸਮੇਂ ਹਾਜ਼ਰ ਸ਼ਖਸੀਅਤਾਂ ਵਿੱਚ ਸ੍ਰ. ਅਵਤਾਰ ਸਿੰਘ ਬਾਜਵਾ, ਸ੍ਰ. ਸੰਦੀਪ ਸਿੰਘ ਰੰਧਾਵਾ, ਬਾਬਾ ਬਲਦੇਵ ਸਿੰਘ, ਸ੍ਰ. ਬਲਦੇਵ ਸਿੰਘ ਸੰਧੂ, ਪ੍ਰੋ. ਬੀ.ਐਸ ਸੇਠੀ, ਪ੍ਰੋ. ਐਨ.ਐਸ ਖੁਰਾਣਾ, ਸ੍ਰ. ਜੇ.ਐਸ ਪੰਨੂ, ਸੇਵਾ ਮੁਕਤ ਮੇਜਰ ਜਨਰਲ ਸ਼ਿਵਦੇਵ ਸਿੰਘ, ਪਿੰਸੀਪਲ ਡਾ.ਸੁਰਿੰਦਰ ਬੰਗੜ, ਪਿੰਸੀਪਲ ਡਾ.ਦਲਜੀਤ ਸਿੰਘ ਮਿੱਠੜਾ, ਐਸ ਪੀ ਦੁਸਾਂਝ, ਐਚ ਐਸ ਢਿੱਲੋਂ, ਸ੍ਰ.ਜਗਦੀਸ਼ ਸਿੰਘ, ਸ੍ਰ.ਮਹਿਲ ਸਿੰਘ ਭੁੱਲਰ ਸਾਬਕਾ ਡੀ ਜੀ ਪੀ ਪੰਜਾਬ, ਸ੍ਰ.ਮਲਕੀਤ ਸਿੰਘ ਬੱਲ, ਸ੍ਰ.ਰਜਿੰਦਰ ਸਿੰਘ ਮਹਿਤਾ ਐਡਵਾਈਜਰ, ਸ੍ਰ.ਕਾਲਾ ਸਿੰਘ, ਸ੍ਰ.ਰਣਜੀਤ ਸਿੰਘ ਕਾਹਲੋਂ ਐਸ. ਜੀ. ਪੀ. ਸੀ. ਮੈਂਬਰ, ਪ੍ਰੋ.ਬ੍ਰਿਜਪਾਲ ਸਿੰਘ, ਸ.ਹਰਦਿਆਲ ਸਿੰਘ ਆਈ.ਏ.ਐਸ, ਪ੍ਰੋ.ਬਲਵੰਤ ਸਿੰਘ ਢਿੱਲੋਂ, ਸ੍ਰ. ਗੁਰਬਚਨ ਸਿੰਘ ਕਰਮੂਵਾਲਾ ਅੰਤਰਿੰਗ ਕਮੇਟੀ ਮੈਂਬਰ, ਇੰਜੀ. ਰਾਜਕਰਨ ਸਿੰਘ, ਸ੍ਰ. ਬਲਵਿੰਦਰ ਸਿੰਘ ਐਸ. ਜੀ. ਪੀ. ਸੀ, ਸ੍ਰ. ਅਮਰਜੀਤ ਸਿੰਘ ਭਲਾਈਪੁਰ ਐਸ. ਜੀ. ਪੀ. ਸੀ ਮੈਂਬਰ, ਸ੍ਰ. ਭਗਵੰਤ ਸਿੰਘ, ਬਾਬਾ ਲੱਖਾ ਸਿੰਘ, ਆਦਿ ਹਾਜ਼ਰ ਸਨ।

# ਬਾਦਲ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਐਨ.ਆਰ.ਆਈ ਵਿੰਗ ਨਿਊਜੀਲੈਂਡ ਅਤੇ ਆਸਟ੍ਰੇਲੀਆ ਦੇ ਜਥੇਬੰਦਕ ਢਾਂਚੇ ਦਾ ਐਲਾਨ

**ਚੰਡੀਗੜ੍ਹ (ਬਿਊਰੋ)–** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਐਨ.ਆਰ.ਆਈ ਵਿੰਗ ਨਿਊਜੀਲੇਂਡ ਅਤੇ ਆਸਟ੍ਰੇਲੀਆ ਦੇ ਜਥੇਬੰਦਕ ਢਾਚੇ ਦਾ ਐਲਾਨ ਕਰ ਦਿੱਤਾ। ਅੱਜ ਪਾਰਟੀ ਦੇ ਮੁੱਖ ਦਫਤਰ ਤੋਂ ਇਹਨਾਂ ਦੋਵਾਂ ਦੇਸ਼ਾਂ ਦਾ ਜਥੇਬੰਦਕ ਢਾਂਚਾ ਐਲਾਨ ਕਰਦੇ ਹੋਏ ਸ. ਬਾਦਲ ਨੇ ਦੱਸਿਆ ਕਿ ਪਿਛਲੇ ਲੰਮੇ ਸਮੇ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਇਹਨਾਂ ਜਥੇਬੰਦੀਆਂ ਵਿੱਚ ਨੁੰਮਾਇੰਦਗੀ ਦਿੱਤੀ ਗਈ ਹੈ। ਉਹਨਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਨੂੰ ਵੱਧ ਤੋਂ ਵੱਧ ਦੇਸ਼ਾਂ ਵਿੱਚ ਕਾਇਮ ਕੀਤਾ ਜਾਵੇਗਾ। ਸ. ਬਾਦਲ ਨੇ ਦੋਵਾਂ ਦੇਸ਼ਾਂ ਦੇ ਨਵਨਿਯੁਕਤ ਆਗੂਆਂ ਨੂੰ ਵਧਾਈ ਵੀ ਦਿੱਤੀ ਅਤੇ ਅਪੀਲ ਕੀਤੀ ਕਿ ਉਹ ਸਰਬਸੰਮਤੀ ਨਾਲ ਸਟੇਟ ਵਾਈਜ਼ ਜਥੇਬੰਦੀ ਮੁਕੰਮਲ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫਤਰ, ਚੰਡੀਗੜ੍ਹ ਨੂੰ ਭੇਜਣ। ਉਹਨਾਂ ਆਗੂਆਂ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਪ੍ਰਾਪਤੀਆਂ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਤਾਂ ਜੋ 2017 ਵਿੱਚ ਹੋਣ ਜਾ ਰਹੀ ਪੰਜਾਬ ਦੀ ਵਿਧਾਨ ਸਭਾ ਚੋਣਾਂ ਵਿੱਚ ਇਸ ਦਾ ਫਾਇਦਾ ਲਿਆ ਜਾ ਸਕੇ। ਸ. ਬਾਦਲ ਨੇ ਦੱਸਿਆ ਕਿ ਆਉਂਦੇ ਕੁਝ ਦਿਨਾਂ ਵਿੱਚ ਬਾਕੀ ਦੇਸ਼ਾਂ ਦੇ ਜਥੇਬੰਦਕ ਢਾਂਚੇ ਦਾ ਐਲਾਨ ਵੀ ਕਰ ਦਿੱਤਾ ਜਾਵੇਗਾ। ਨਿਊਜੀਲੈਂਡ ਅਤੇ ਆਸਟ੍ਰੇਲੀਆ ਦੇ ਜਥੇਬੰਦਕ ਢਾਂਚੇ ਦਾ ਵਿਸਥਾਰ ਹੇਠ ਲਿਖੇ ਅਨੁਸਾਰ ਹੈ–

**ਜਥੇਬੰਦਕ ਢਾਂਚਾ ਐਨ.ਆਰ. ਆਈ ਵਿੰਗ, ਨਿਊਜੀਲੈਂਡ**

ਚੇਅਰਮੈਨ:–ਸ. ਪ੍ਰਿਤਪਾਲ ਸਿੰਘ ਰਾਉਵਾਲ ।
ਪ੍ਰਧਾਨ :–ਸ. ਜਗਜੀਤ ਸਿੰਘ ਬਰਾੜ ਮੁਦਕੀ।
ਸੀਨੀਅਰ ਮੀਤ ਪ੍ਰਧਾਨ :–ਸ. ਕਸ਼ਮੀਰ ਸਿੰਘ ਬਘੇਲਾ ।
ਮੀਤ ਪ੍ਰਧਾਨ :–ਸ. ਜਗਦੇਵ ਸਿੰਘ ਜੱਗੀ ਕਮਾਲਕੇ।
ਜਨਰਲ ਸਕੱਤਰ:– ਸ. ਗੁਰਪ੍ਰੀਤ ਸਿੰਘ ਬਰਾੜ ਹਰੀਨੋ ।
ਮੁੱਖ ਬੁਲਾਰਾ :–ਸ. ਗੁਰਵਿੰਦਰ ਸਿੰਘ ਨਿਹਾਲ ਸਿੰਘ ਵਾਲਾ।
ਖਜ਼ਾਨਚੀ :–ਸ. ਪਲਵਿੰਦਰ ਸਿੰਘ ਰਣੀਆ।

ਮੈਂਬਰ ਵਰਕਿੰਗ ਕਮੇਟੀ :– ਸ. ਗੁਰਭੇਜ ਸਿੰਘ ਬਘੇਲਾ, ਸ਼੍ਰੀ ਹਰਜੀਤ ਕੁਮਾਰ ਸ਼ਰਮਾ ਤਲਵੰਡੀ ਭਾਈ , ਸ. ਜਗਪਾਲ ਸਿੰਘ ਖੋਸਾ ਰੱਤੀ ਰੋੜੀ, ਸ. ਅਮਰਜੀਤ ਸਿੰਘ ਤੱਖਰ ਹੀਸੋਵਾਲ, ਸ. ਜਗਜੀਤ ਸਿੰਘ ਪੰਨੂ ਕਮਾਲਕੇ , ਸ. ਹਰਜਿੰਦਰ ਪਾਲ ਸਿੰਘ ਗੋਪਲ ਵੈਰੋਕੇ, ਸ. ਪ੍ਰੀਤਮ ਸਿੰਘ ਬੱਧਨੀ ਖੁਰਦ , ਡਾ: ਕੁਲਵੰਤ ਸਿੰਘ ਬੱਧਨੀ ਖੁਰਦ, ਸ. ਗੁਰਜੀਤ ਸਿੰਘ ਭਨੌੜ , ਸ. ਹਰਬੰਸ ਸਿੰਘ ਜਿਉਣਵਾਲ ਸ. ਲਵਪ੍ਰੀਤ ਸਿੰਘ ਮੁਦਕੀ , ਸ. ਦਵਿੰਦਰ ਸਿੰਘ ਪੱਕਾ ਕਾਲੇਵਾਲ, ਸ. ਜਤਿੰਦਰ ਸਿੰਘ ਪੰਜਤੂਰ ਫਤਿਹਗੜ ਪੰਜਤੂਰ, ਸ. ਮੀਕਾ ਸਿੰਘ ਜੰਡਵਾਲਾ, ਸ਼੍ਰੀ ਵਿਪਨ ਕੁਮਾਰ ਤਲਵੰਡੀ ਭਾਈ, ਸ. ਨਵਦੀਪ ਸਿੰਘ ਪਟਿਆਲਾ, ਸ਼੍ਰੀ ਸਿਦਕ ਸਲੂਜਾ ਮਲੋਟ, ਸ. ਮਨਜਿੰਦਰ ਸਿੰਘ ਮਿਲਖੀ ਤਲਵੰਡੀ ਮੰਗੇ, ਸ. ਰਜਿੰਦਰ ਸਿੰਘ ਗਿੱਲ ਪੱਕਾ ਕਾਲੇਵਾਲ, ਸ. ਗੁਰਲਾਲ ਸਿੰਘ ਗਿੱਲ ਪੱਕਾ ਕਾਲੇਵਾਲ, ਸ. ਹਰਪ੍ਰੀਤ ਸਿੰਘ ਸਿੱਧੂ ਸਾਦਿਕ, ਸ਼੍ਰੀ ਸੂਰਜ ਪ੍ਰਕਾਸ਼ ਖੰਨਾ ਮੋਹਾਲੀ, ਸ. ਹਨੀ ਸਿੰਘ ਮੁਦਕੀ, ਸ. ਜਗਦੇਵ ਸਿੰਘ ਮੁਦਕੀ, ਸ. ਜੋਗਿੰਦਰ ਸਿੰਘ ਮੁਦਕੀ, ਸ. ਕਮਾਲ ਸਿੰਘ ਮੁਦਕੀ, ਸ਼੍ਰੀ ਮਨੀ ਅਹੂਜਾ ਮੁਦਕੀ, ਸ਼੍ਰੀ ਗੈਰੀ ਮੁਦਕੀ, ਸ. ਗੁਰਵਿੰਦਰ ਸਿੰਘ ਮੁਦਕੀ, ਸ. ਜਸਪ੍ਰੀਤ ਸਿੰਘ ਮਾਣਕ ਮੋਗਾ, ਸ. ਚਮਕੌਰ ਸਿੰਘ ਮਾਣਕ ਮੋਗਾ, ਸ. ਹਰਨੂਰ ਸਿੰਘ ਰਾਊਲੀ ,ਸ. ਅਮਨਦੀਪ ਸਿੰਘ ਖੋਖਰ, ਸ਼੍ਰੀ ਲਵਿਸ਼ ਕੁਮਾਰ ਮੁਦਕੀ, ਸ. ਵਤਨਪ੍ਰੀਤ ਸਿੰਘ ਪਟਿਆਲਾ , ਸ. ਜਸਕਰਨ ਸਿੰਘ ਖੋਸਾ ਮੁਦਕੀ, ਸ. ਜਗਰੂਪ ਸਿੰਘ ਹਮਦਾਵਾਲਾ, ਸ. ਜੱਸਾ ਸਿੰਘ ਮਾਣੂਕੇ ਮੋਗਾ, ਸ. ਕਾਕੂ ਸਿੰਘ ਭੇਖਾ, ਸ. ਕੁਲਦੀਪ ਸਿੰਘ ਬੁੱਟਰ ਕੋਕਰੀ, ਸ. ਰਣਜੀਤ ਸਿੰਘ ਵਾਲੀਆ ਮੋਗਾ, ਸ. ਗੋਬਿੰਦ ਸਿੰਘ ਮੋਗਾ, ਸ. ਅਮਨਪ੍ਰੀਤ ਸਿੰਘ ਬਰਾੜ ਮੁਦਕੀ ਅਤੇ ਸੁਰਿੰਦਜੀਤ ਸਿੰਘ ਬਰਾੜ ਮੁਦਕੀ ਦੇ ਨਾਮ ਸ਼ਾਮਲ ਹਨ।

**ਜਥੇਬੰਦਕ ਢਾਂਚਾ ਐਨ.ਆਰ.ਆਈ ਵਿੰਗ, ਆਸਟ੍ਰੇਲੀਆਂ**

ਸ. ਅਮਰਜੀਤ ਸਿੰਘ ਸਹੋਤਾ ਮੈਲਬਰਨ ਸਰਪ੍ਰਸਤ
ਸ. ਬੂਟਾ ਸਿੰਘ ਸਿੱਧੂ ਵਿਕਟੋਰੀਆ ਚੇਅਰਮੈਨ
ਪ੍ਰਧਾਨ :–ਸ. ਕੰਵਲਜੀਤ ਸਿੰਘ ਸਿੱਧੂ ਸਿਡਨੀ।
ਸੀਨੀਅਰ ਮੀਤ ਪ੍ਰਧਾਨ – ਸ. ਭੁਪਿੰਦਰ ਸਿੰਘ ਮਾਨੇਸ, ਸ. ਨਾਜਰ ਸਿੰਘ ਕਾਕੜਾ ਦੁਤਾਲ ਸਿਡਨੀ ਅਤੇ ਸ. ਰਾਜਮਹਿੰਦਰ ਸਿੰਘ ਮੰਡ ਸਿਡਨੀ ਦੇ ਨਾਮ ਸ਼ਾਮਲ ਹਨ।
ਜਨਰਲ ਸਕੱਤਰ:– ਸ.ਅਰਵਿੰਦਰਪਾਲ ਸਿੰਘ ਰੰਧਾਵਾ ਵਿਕਟੋਰੀਆ ।
ਖਜ਼ਾਨਚੀ– ਸ. ਸੁਖਬੀਰ ਸਿੰਘ ਗਰੇਵਾਲ ਚੈਂਬਲ ਟਾਊਨ
ਮੀਡੀਆ ਸਕੱਤਰ :– ਸ. ਰਵਿੰਦਰ ਸਿੰਘ ਲੋਪੋਂ ਵਿਕਟੋਰੀਆ

ਜਥੇਬੰਦਕ ਸਕੱਤਰ :– ਸ. ਹਰਿੰਦਰ ਸਿੰਘ ਮਾਨ , ਸ. ਬਚਿੱਤਰ ਸਿੰਘ ਬਲਾਚੋਰ, ਸ. ਰਾਜਨਪ੍ਰੀਤ ਸਿੰਘ ਮੈਲਬਰਨ ਅਤੇ ਸ. ਓਕਾਂਰਪ੍ਰੀਤ ਸਿੰਘ ਸਿਡਨੀ ਦੇ ਨਾਮ ਸ਼ਾਮਲ ਹਨ।

ਮੈਂਬਰ ਵਰਕਿੰਗ ਕਮੇਟੀ:– ਸ. ਅਮ੍ਰਿਤਪਾਲ ਸਿੰਘ ਸਿਡਨੀ, ਸ. ਅਮਨਦੀਪ ਸਿੰਘ ਬਲਾਚੌਰ ਅਤੇ ਸ. ਕਮਲਦੀਪ ਸਿੰਘ ਕੈਮਬੇਕਾ ਦੇ ਨਾਮ ਸ਼ਾਮਲ ਹਨ।

# ਕੈਪਟਨ ਅਮਰਿੰਦਰ ਸਿੰਘ 19 ਤੋਂ ਜਾਣਗੇ ਕੈਨੇਡਾ ਤੇ ਅਮਰੀਕਾ ਫੇਰੀ ਉਤੇ



**ਚੰਡੀਗੜ੍ਹ–** ਮੁੱਖ ਰਾਜਸੀ ਪਾਰਟੀਆਂ ਅਗਲੇ ਸਾਲ ਹੋਣ ਜਾ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਰਵਾਸੀ ਭਾਰਤੀਆਂ ਨੂੰ ਆਪਣੇ ਹੱਕ 'ਚ ਕਰਨ ਲਈ ਪੱਬਾਂ ਭਾਰ ਹਨ। ਆਮ ਆਦਮੀ ਪਾਰਟੀ (ਆਪ) ਦੇ ਦੋ ਤਿੰਨ ਆਗੂ ਤਾਂ ਵਿਦੇਸ਼ ਦੌਰੇ ਕਰ ਚੁੱਕੇ ਹਨ ਅਤੇ ਇਕ ਆਗੂ ਵਿਦੇਸ਼ ਦੌਰੇ 'ਤੇ ਹੈ। ਪਿਛਲੀਆਂ ਕੁਝ ਚੋਣਾਂ ਤੋਂ ਪਰਵਾਸੀ ਪੰਜਾਬੀਆਂ ਦੀ ਦਿਲਚਸਪੀ ਕਾਫ਼ੀ ਵਧੀ ਹੈ। ਇਸ ਰੁਝਾਨ ਨੂੰ ਸੂਬੇ ਦੇ ਵਿਕਾਸ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਅਤੇ ਇਸ ਦਾ ਸੁਆਗਤ ਕੀਤਾ ਜਾ ਰਿਹਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ 19 ਅਪਰੈਲ ਨੂੰ ਕੈਨੇਡਾ ਤੇ ਅਮਰੀਕਾ ਦੇ ਦੌਰੇ 'ਤੇ ਆ ਰਹੇ ਹਨ ਅਤੇ ਉਨ੍ਹਾਂ ਦੀ ਪਤਨੀ ਤੇ ਵਿਧਾਇਕ ਪ੍ਰਨੀਤ ਕੌਰ ਪਰਵਾਸੀ ਪੰਜਾਬੀਆਂ ਨੂੰ ਕਾਂਗਰਸ ਦੇ ਹੱਕ 'ਚ ਪ੍ਰੇਰਨ ਲਈ ਪਹਿਲਾਂ ਹੀ ਵਿਦੇਸ਼ ਦੌਰੇ 'ਤੇ ਹਨ।

ਸੰਸਦ ਮੈਂਬਰ ਭਗਵੰਤ ਮਾਨ ਪਰਵਾਸੀਆਂ ਨੂੰ 'ਆਪ' ਦੇ ਹੱਕ ਵਿੱਚ ਤੋਰਨ ਤੇ ਪਾਰਟੀ ਦੀ ਮਾਲੀ ਮਦਦ ਲਈ ਕੁਝ ਦੇਸ਼ਾਂ ਦੇ ਗੇੜੇ ਲਾ ਚੁੱਕੇ ਹਨ। ਇਸ ਵੇਲੇ 'ਆਪ' ਆਗੂ ਐਚ.ਐਸ. ਫੂਲਕਾ ਵਿਦੇਸ਼ ਫੇਰੀ 'ਤੇ ਹਨ। ਪਰਵਾਸੀ ਪੰਜਾਬੀਆਂ ਦਾ ਇਕ ਵੱਡਾ ਹਿੱਸਾ ਸੂਬੇ ਦੀ ਸੱਤਾ ਵਿੱਚ ਤਬਦੀਲੀ ਦੇ ਹੱਕ ਵਿੱਚ ਹੈ। ਇਸ ਧੜੇ ਨੂੰ ਆਪਣੇ ਵੱਲ ਖਿੱਚਣ ਲਈ 'ਆਪ' ਅਤੇ ਕਾਂਗਰਸ ਵੱਲੋਂ ਯਤਨ ਕੀਤੇ ਜਾ ਰਹੇ ਹਨ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਵੀ ਆਪਣੇ ਦਲ ਦੇ ਪਰਵਾਸੀ ਵਿੰਗ ਨੂੰ ਸਰਗਰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਨਵੇਂ ਸਿਰਿਓਂ ਵਿੰਗ ਬਣਾਉਣ ਲੱਗ ਪਏ ਹਨ। ਇਸੇ ਕੜੀ ਤਹਿਤ ਕੈਨੇਡਾ ਦੇ ਵਿੰਗ ਦਾ ਐਲਾਨ ਕੀਤਾ ਗਿਆ ਹੈ। ਕੈਨੇਡਾ 'ਚ ਵਸੇ ਪੰਜਾਬੀਆਂ ਨੇ ਕੈਨੇਡਾ ਦੀ ਸਿਆਸਤ 'ਤੇ ਵਿਸ਼ੇਸ਼ ਛਾਪ ਛੱਡੀ ਹੈ ਅਤੇ ਕੇਂਦਰੀ ਵਜ਼ਾਰਤ ਵਿੱਚ ਚਾਰ ਪੰਜਾਬੀ ਸ਼ਾਮਲ ਹਨ। ਅਗਲੇ ਦਿਨਾਂ 'ਚ ਤਿੰਨੇ ਮੁੱਖ ਪਾਰਟੀਆਂ ਦੀ ਟੇਕ ਪਰਵਾਸੀਆਂ 'ਤੇ ਹੋਵੇਗੀ। ਪਰਵਾਸੀ ਪੰਜਾਬੀਆਂ ਦੀਆਂ ਸੂਬੇ ਵਿੱਚ ਵੋਟਾਂ ਭਾਵੇਂ ਘੱਟ ਹਨ ਪਰ ਪ੍ਰਭਾਵ ਤੇ ਦਿਲਚਸਪੀ ਵੱਧ ਹੈ, ਜਿਸ ਦਾ ਰਾਜਸੀ ਦਲਾਂ ਵੱਲੋਂ ਲਾਹਾ ਲੈਣ ਦੇ ਯਤਨ ਕੀਤੇ ਜਾਣਗੇ।

# ਮੁਫਤ ਵਿਚ ਦੇਖ ਸਕੋਗੇ 600 ਚੈਨਲ

**ਜਲੰਧਰ–** ਮਹਿੰਗੀ ਫੀਸ ਵਾਲੇ ਕੇਬਲ ਟੀ. ਵੀ. ਦਾ ਯੁੱਗ ਛੇਤੀ ਹੀ ਖਤਮ ਹੋਣ ਵਾਲਾ ਹੈ। ਦੂਰਦਰਸ਼ਨ ਵਾਂਗ ਤੁਸੀਂ ਛੇਤੀ ਹੀ 600ਤੋਂ ਵੱਧ ਚੈਨਲ ਮੁਫਤ ਵਿਚ ਵੇਖ ਸਕੋਗੇ। ਦੂਰਦਰਸ਼ਨ ਬਹੁਤ ਹੀ ਆਧੁਨਿਕ ਤਕਨੀਕ ਡੀ. ਵੀ. ਬੀ.–1 ਦੀ ਵਰਤੋਂ ਆਰੰਭ ਕਰਨ ਜਾ ਰਿਹਾ ਹੈ। ਇਸ ਤਕਨੀਕ ਅਨੁਸਾਰ ਦੂਰਦਰਸ਼ਨ ਆਪਣੇ ਟਰਾਂਸਮੀਟਰਾਂ ਨੂੰ ਡਿਜ਼ੀਟਲ ਬਣਾਉਣ ਜਾ ਰਿਹਾ ਹੈ।



ਇਸਦੇ ਲਈ ਦੇਸ਼ ਭਰ ਵਿਚ ਟਰਾਂਸਮੀਟਰ ਲਗਾਏ ਜਾ ਰਹੇ ਹਨ ਅਤੇ ਦੂਰਦਰਸ਼ਨ ਦੀ ਇਹ ਸੁਗਾਤ ਦਰਸ਼ਕਾਂ ਲਈ ਛੇਤੀ ਹੀ ਆਰੰਭ ਹੋ ਜਾਵੇਗੀ। ਇਸ ਨਵੀਂ ਤਕਨੀਕ ਨਾਲ ਪੇਡ ਚੈਨਲ ਵੀ ਵੇਖੇ ਜ ਸਕਣਗੇ ਅਤੇ ਇਹਨਾਂ ਦੇ ਲਈ ਹਰ ਮਹੀਨੇ ਕੋਈ ਫੀਸ ਵੀ ਨਹੀਂ ਲਈ ਜਾਵੇਗੀ। ਦੇਸ਼ ਵਿਚ ਇਸ ਸਮੇਂ ਚੈਨਲ ਦਿਖਾਉਣ ਦੇ ਦੋ ਪ੍ਰਬੰਧ ਹਨ। ਪਹਿਲਾ ਸੈਟੇਲਾਈਟ ਦੁਆਰਾ, ਇਸ ਤੋਂ ਫਿਲਹਾਲ ਸਾਰੇ ਚੈਨਲ ਦਿਖਾਏ ਜਾਂਦੇ ਹਨ ਅਤੇ ਦੂਜਾ ਟਰਾਂਸਮੀਟਰਾਂ ਦੇ ਦੁਆਰਾ। ਟਰਾਂਸਮੀਟਰਾਂ ਦੇ ਦੁਆਰਾ ਪ੍ਰਸਾਰਣ ਦਾ ਅਧਿਕਾਰ ਕੇਵਲ ਦੂਰਦਰਸ਼ਨ ਨੂੰ ਹੀ ਹੈ। ਹੁਣ ਇਸ ਨਵੀਂ ਸੇਵਾ ਨਾਲ ਦੂਰਦਰਸ਼ਨ ਦੀ ਸਮਰੱਥਾ ਆਪਣੇ ਦਰਸ਼ਕਾਂ ਨੂੰ ਇਕ ਚੈਨਲ ਦੀ ਜਗ੍ਹਾ ਦਸ ਚੈਨਨ ਦਿਖਾਉਣ ਦੀ ਹੋ ਜਾਵੇਗੀ।

ਦੂਰਦਰਸ਼ਨ ਦੀ ਇਸ ਨਵੀਂ ਤਕਨੀਕ ਨਾਲ ਮੋਬਾਇਲ, ਲੈਪਟਾਪ, ਟੈਬਲੇਟ ਆਦਿ 'ਤੇ ਵੀ ਤੁਸੀਂ ਫਰੀ ਵਿਚ ਚੈਨਲਾਂ ਦਾ ਲੁਤਫ ਉਠਾ ਸਕੋਗੇ। ਡੀ. ਵੀ. ਬੀ.–ਟੀ ਬਹੁਤ ਆਧੁਨਿਕ ਤਕਨੀਕ ਹੈ। ਇਸ ਤੋਂ ਦੂਰਦਰਸ਼ਨ ਦੀ ਸਮਰੱਥਾ ਕਈ ਗੁਣਾਂ ਵੱਧ ਜਾਵੇਗੀ। ਪ੍ਰਾਈਵੇਟ ਚੈਨਲ ਸੈਟੇਲਾਈਟ ਦੂਰਦਰਸ਼ਨ ਨੂੰ ਇਸ ਨਵੀਂ ਸੇਵਾ ਲਈ ਥੋੜ੍ਹੀ ਫੀਸ ਦੇ ਕੇ ਆਪਣੀ ਪਸੰਦ ਦੇ ਇਲਾਕਿਆਂ ਵਿਚ ਪ੍ਰਸਾਰਣ ਕਰ ਸਕਣਗੀਆਂ। ਜੇ ਸੈਟੇਲਾਈਟ ਦੀ ਤੁਲਨਾ ਵਿਚ 25 ਫੀਸਦੀ ਤੱਕ ਸਸਤਾ ਪਵੇਗਾ।

# ਪੰਜਾਬ ਯੂਨੀਵਰਸਿਟੀ ਨਾਲ ਮੁੜ ਜੁੜਨਗੇ ਡਾ.ਮਨਮੋਹਨ ਸਿੰਘ

**ਚੰਡੀਗੜ੍ਹ–** ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ, ਉੱਘੇ ਅਰਥਸ਼ਾਸ਼ਤਰੀ ਪ੍ਰੋ. ਯੋਗਿੰਦਰ ਕੇ ਅਲੱਗ ਅਤੇ ਪਦਮ ਭੂਸ਼ਣ ਸ਼੍ਰੀਮਤੀ ਇਲਾ ਭੱਟ ਨੇ ਪੰਜਾਬ ਯੂਨੀਵਰਸਿਟੀ ਦੀ ਪੇਸਕਸ਼ ਸਵੀਕਾਰ ਕਰਦਿਆਂ ਚੇਅਰਾਂ ਦੇ ਮੁਖੀਆਂ ਵਜੋਂ ਕੰਮ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਯੂਨੀਵਰਸਿਟੀ ਵਲੋਂ ਆਪਣੀਆਂ ਤਿੰਨ ਚੇਅਰਾਂ–ਜਵਾਹਰ ਲਾਲ ਨਹਿਰੂ ਡਾਕਟਰ ਮਨਮੋਹਨ ਸਿੰਘ ਅਤੇ ਮਹਾਤਮਾ ਗਾਂਧੀ ਦੀ ਅਗਵਾਈ ਕਰਨ ਲਈ ਇਨ੍ਹਾਂ ਹਸਤੀਆਂ ਕੋਲ ਪਹੁੰਚ ਕੀਤੀ ਗਈ ਸੀ। ਇਹ ਜਾਣਕਾਰੀ ਉਪ ਕੁੱਲਪਤੀ ਪ੍ਰੋ. ਅਰੁਣ ਕੁਮਾਰ ਗਰੋਵਰ ਨੇ ਅੱਜ ਵਿਭਾਗ ਮੁਖੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ ਹੈ। ਇਹ ਸ਼ਖ਼ਸੀਅਤਾਂ ਵਿਸ਼ੇਸ਼ ਸੱਦੇ 'ਤੇ ਪੰਜਾਬ ਯੂਨੀਵਰਸਿਟੀ 'ਚ ਆਇਆ ਕਰਨਗੀਆਂ ਅਤੇ ਇਨ੍ਹਾਂ ਨੂੰ ਅਗਵਾਈ ਲਈ ਵਿਸ਼ੇਸ਼ ਮਾਣ–ਭੱਤਾ ਦਿੱਤਾ ਜਾਇਆ ਕਰੇਗਾ। ਇਹ ਨਿਯੁਕਤੀਆਂ ਰੈਗੂਲਰ ਤੌਰ 'ਤੇ ਨਹੀਂ ਹਨ। ਪ੍ਰੋ. ਗਰੋਵਰ ਨੇ ਅਧਿਆਪਕਾਂ ਨੂੰ ਆਪਣਾ ਬਾਇਓਡੇਟਾ ਵੈੱਬਸਾਈਟ 'ਤੇ ਪਾਉਣ ਲਈ ਕਿਹਾ ਹੈ।

# ਮਹਿੰਦਰ ਕੌਰ ਦੋਸਾਂਝ ਯਾਦਗਾਰੀ ਸਮਾਗਮ ਤੇ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ

**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਅਗਾਂਹਵਧੂ ਕਿਸਾਨ ਤੇ ਉੱਘੀ ਸਮਾਜ ਸੇਵਕਾ ਬੀਬੀ ਮਹਿੰਦਰ ਕੌਰ ਦੋਸਾਂਝ ਦੀ ਪਹਿਲੀ ਬਰਸੀ ਤੇ ਦੋਸਾਂਝ ਪਰਿਵਾਰ ਵਲੋਂ ਲਿਖਾਰੀ ਸਭਾ ਜਗਤਪੁਰ ਦੇ ਸਹਿਯੋਗ ਨਾਲ ਦੇਸ਼ ਭਗਤੀ ਦੇ ਵਿਸ਼ੇ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸਤਰ ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ - ਗੱਲਾਂ ਕਰਨੀਆਂ ਢੇਰ ਸੁੱਖਲੀਆਂ ਨੇ,ਕਵੀ ਦਰਬਾਰ ਕਰਵਾਇਆ ਗਿਆ। ਇਸ ਦੌਰਾਨ ਪੰਜ ਨਾਮੀ ਕਵੀਆਂ ਵਲੋਂ ਦੇਸ਼ ਸੇਵਾ ਵਿਸ਼ੇ ਤੇ ਆਪਣੀਆਂ ਰਚਨਾਵਾਂ ਸੁਣਾਕੇ ਦੇਸ਼ ਭਗਤੀ ਦੇ ਜਜਬੇ ਨੂੰ ਹੋਰ ਬੁਲੰਦ ਕੀਤਾ ਜਿਨਾ ਵਿੱਚ ਰਾਮ ਸ਼ਰਨ ਜੋਸ਼ੀਲਾ, ਜਗਤਾਰ ਨਿਰਮਲ, ਅਵਤਾਰ ਸੰਧੂ, ਹਰਬੰਸ ਕੈਂਥ, ਅਮਰੀਕ ਸਿੰਘ ਢੀਂਡਸਾ ਤੇ ਹੋਰਾਂ ਨੇ ਭਰਵੀਂ ਹਾਜਰੀ ਲਵਾਈ।





ਇਸ ਸਮਾਗਮ ਦੀ ਪ੍ਰਧਾਨਗੀ ਨਾਇਬ ਤਹਿਸੀਲਦਾਰ ਬੰਗਾ ਸ਼੍ਰੀ ਦਿਲਬਾਰ ਸਿੰਘ ਨੇ ਕੀਤੀ। ਸਭਾ ਦੇ ਪ੍ਰਧਾਨ ਬਲਦੇਵ ਸਿੰਘ ਢੀਂਡਸਾ ਵਲੋਂ ਸਾਰੇ ਆਏ ਪਤਵੰਤਿਆਂ ਨੂੰ ਹਾਰਦਿਕ ਜੀ ਆਇਆਂ ਕਿਹਾ ਤੇ ਇਸ ਸਮਾਗਮ ਬਾਰੇ ਚਾਰ ਸ਼ਬਦ ਕਹੇ। ਬੀਬੀ ਮਹਿੰਦਰ ਕੌਰ ਦੋਸਾਂਝ ਦੇ ਪਤੀ ਸ ਮਹਿੰਦਰ ਸਿੰਘ ਦੋਸਾਂਝ ਵਲੋਂ ਸੰਖੇਪ ਵਿੱਚ ਆਪਣੀ ਜੀਵਨ ਸਾਥੀ ਵਲੋਂ ਮਿਲੇ ਸਹਿਯੋਗ ਬਾਰੇ ਪੰਛੀ ਝਾਤ ਪੁਆਂਦਿਆ ਦਸਿਆ ਕਿ ਕਿਵੇਂ ਉਨਾ ਦੀ ਧਰਮ ਪਤਨੀ ਉਸ ਵੇਲੇ ਦੇ ਮਸ਼ਹੂਰ ਕਵੀ ਰਵਿੰਦਰ ਰਵੀ,ਸ਼ਿਵ ਕੁਮਾਰ ਬਟਾਲਵੀ ਤੇ ਸਮੇ ਸਮੇ ਤੇ ਆਉਂਦੇ ਰਹੇ ਹੋਰ ਨਾਮੀ ਲੇਖਕਾਂ ਦੀ ਸੇਵਾ ਕਰਕੇ ਪ੍ਰਸੰਨ ਹੁੰਦੀ ਸੀ। ਇਸ ਮੌਕੇ ਸਰਦਾਰਨੀ ਮਹਿੰਦਰ ਕੌਰ ਦੋਸਾਂਝ ਯਾਦਗਾਰੀ ਪਹਿਲਾ ਪੁਰਸਕਾਰ ਉੱਘੀ ਸਮਾਜ ਸੇਵਿਕਾ ਡਾ ਕੁਲਵੰਤ ਕੌਰ ਨੂੰ ਦਿੱਤਾ ਗਿਆ। ਇਸ ਸਮਾਗਮ ਨੂੰ ਆਪਣੇ ਸੰਬੋਧਨ ਰਾਂਹੀਂ ਪਸਿੱਧ ਸ਼ਾਇਰ ਪ੍ਰੋ ਗੁਰਭਜਨ ਗਿੱਲ ਅਤੇ ਗੀਤਕਾਰ ਸ਼ਮਸ਼ੇਰ ਸੰਧੂ ਵਲੋਂ ਬੀਬੀ ਮਹਿੰਦਰ ਕੌਰ ਦੋਸਾਂਝ ਵਲੋਂ ਪੀ ਏ ਯੂ ਵਿਖੇ ਦਿੱਤੇ ਭਾਸ਼ਣ ਅਤੇ ਲਿਖਤਾਂ ਬਾਰੇ ਜਾਗਰੂਕ ਕੀਤਾ ਤੇ ਉਨਾ ਵਲੋਂ ਸਮਾਜ ਸੇਵਾ ਵਿੱਚ ਪਾਏ ਵਡੱਮੁਲੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਸਮਾਗਮ ਦੀ ਇੱਕ ਹੋਰ ਵਿਲੱਖਣਤਾ ਇਹ ਰਹੀ ਕਿ ਸ਼੍ਰੀ ਕ੍ਰਿਸ਼ਨ ਕੁਮਾਰ ਪਹਿਲੇ ਡੀ ਸੀ ਨਵਾਂਸ਼ਹਿਰ ਇਸ ਪ੍ਰੋਗਰਾਮ ਨਾਲ ਸ਼੍ਰੀ ਜਸਪਾਲ ਗਿੱਧਾ ਦੁਆਰਾ ਵਟੱਸ -ਐਪ ਰਾਂਹੀਂ ਜੁੜੇ ਰਹੇ ਤੇ ਇਹ ਸਮਾਗਮ ਖੁੱਲੇ ਵਾਤਾਵਰਣ ਵਿੱਚ ਦਰਖਤਾਂ ਦੀ ਛਾਂ ਹੇਠ ਬਗੈਰ ਕਿਸੇ ਸ਼ੋਰ ਸ਼ਰਾਬੇ (ਮਾਈਕ) ਤੋਂ ਸੰਪਨ ਹੋਇਆ ਜਿਸਦੀ ਭਰਪੂਰ ਸ਼ਲਾਘਾ ਹੋਈ। ਇਸ ਸਮੇ ਹੋਰਾਂ ਤੋਂ ਇਲਾਵਾ ਪ੍ਰੋ ਰਵਿੰਦਰ ਭੱਠਲ, ਦਿਹਾਤੀ ਪ੍ਰੋਗਰਾਮ ਆਕਾਸ਼ਬਾਣੀ ਜਲੰਧਰ ਦੇ ਇੰਚਾਰਜ ਸ਼੍ਰੀ ਗੁਰਬਿੰਦਰ ਸਿੰਘ ਸੰਧੂ , ਝਰਮਲ ਸਿੰਘ ਅਦਾਰਾ ਅਡਵਾਈਜਰ ਜਲੰਧਰ , ਮਨਜਿੰਦਰ ਧਨੋਆ, ਪ੍ਰਿੰਸੀਪਲ ਜੋਗਿੰਦਰ ਸਿੰਘ , ਡਾ ਸਾਧੂ ਸਿੰਘ ਨੇ ਵੀ ਸੰਬੋਧਨ ਕੀਤਾ। ਸਟੇਜ ਸਕੱਤਰ ਸੀਤਲ ਸਿੰਘ ਬੜਿੰਗ ਵਲੋਂ ਆਪਣੀ ਪ੍ਰਭਾਵਸ਼ਾਲੀ ਸ਼ੈਲੀ ਨਾਲ ਸਰੋਤਿਆਂ ਨੂੰ ਸ਼ੇਅਰਾਂ ਦੁਆਰਾ ਅਨੰਦਿਤ ਕੀਤਾ ਤੇ ਇਸ ਤੋ ਇਲਾਵਾ ਗੁਰਕੀਰਤ ਸਿੰਘ ਦੋਸਾਂਝ ਐਨ ਆਰ ਆਈ ਵਲੋਂ ਵੀ ਦੇਸ਼ ਸੇਵਾ ਤੇ ਕਵਿਤਾ ਬੋਲਦਿਆਂ ਭਾਵੁਵਿਕਤਾ ਵਿੱਚ ਇਹ ਗਲ ਕਹੀ ਕਿ ਅੱਜ ਅਜਿਹੇ ਸਾਰਥਿਕ ਪ੍ਰੋਗਰਾਮਾਂ ਦੀ ਬੜੀ ਘਾਟ ਰੜਕਦੀ ਹੈ।

ਪ੍ਰੋ ਗੁਰਭਜਨ ਗਿੱਲ ਕਿਹਾ ਕਿ ਅੱਜ ਦਾ ਇਹ ਪ੍ਰੋਗਰਾਮ ਜਿੱਥੇ ਮਹਿੰਦਰ ਕੌਰ ਦੋਸਾਂਝ ਦੀ ਨੂੰ ਸਮਰਪਿਤ ਹੈ ਉੱਥੇ ਇਸ ਸਮਾਗਮ ਨੇ ਫੋਕੀ ਸ਼ੋਹਰਤ ਹਾਸਿਲ ਕਰਨ ਦੇ ਮਨਸ਼ੇ ਨੂੰ ਨਕਾਰਦਿਆਂ ਸਮਾਜ, ਬੁਧੀਜੀਵੀਆਂ ਤੇ ਚਿੰਤਕ ਲਿਖਾਰੀਆਂ ਦੀ ਸੋਚ ਨੂੰ ਸਹੀ ਸਿੱਧ ਕਰਕੇ ਸਹੀ ਦਿਸ਼ਾ ਪ੍ਰਦਾਨ ਕਰਨ ਦਾ ਸਫਲ ਯਤਨ ਕੀਤਾ ਹੈ।

ਇਸ ਸਮੇ ਹੋਰ ਨਾਮੀ ਸ਼ਖਸ਼ੀਅਤਾਂ ਵਿੱਚ ਹਰਿੰਦਰ ਸਿੰਘ ਬੀਸਲਾ, ਹਰਬੰਸ ਹੀਉ, ਮਦਨ ਲਾਲ ਬੰਗਾ, ਕੇਵਲ ਸਿੰਘ, ਬਲਦੇਵ ਰਹਿਪਾ, ਨਿਰਮਲ ਸਿੰਘ ਢੀਂਡਸਾ ਤੇ ਹੋਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

# ਕੈਨੇਡੀਅਨ ਰੱਖਿਆ ਮੰਤਰੀ ਸ. ਹਰਜੀਤ ਸਿੰਘ ਸੱਜਣ ਨੇ ਨਿਊਜ਼ੀਲੈਂਡ ਦੇ ਰੱਖਿਆ ਮੰਤਰੀ ਅਤੇ ਸਾਂਸਦ ਸ. ਬਖਸ਼ੀ ਨਾਲ ਕੀਤੀ ਮੁਲਾਕਾਤ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਕੈਨੇਡਾ ਦੇ ਰੱਖਿਆ ਮੰਤਰੀ ਸ. ਸੱਜਣ ਸਿੰਘ ਆਪਣੇ ਦਫਤਰੀ ਉਤੇ ਦੋ ਦਿਨ ਪਹਿਲਾਂ ਨਿਊਜ਼ੀਲੈਂਡ ਪਰਤੇ। ਵਲਿੰਗਟਨ ਸਥਿੱਤ ਨੈਸ਼ਨਲ ਵਾਰ ਮੈਮੋਰੀਅਲ ਪਾਰਕ ਦੇ ਵਿਚ ਨਿਊਜ਼ੀਲੈਂਡ ਦੇ ਮੂਲ ਬਾਸ਼ਿੰਦੇ ਮਾਓਰੀ ਭਾਈਚਾਰੇ ਵੱਲੋਂ ਰਸਮੀ ਵੈਲਕਮ ਹਾਕਾ ਕਰਕੇ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ। ਉਨ੍ਹਾਂ ਪਾਰਲੀਮੈਂਟ ਦੇ ਵਿਚ ਉਨ੍ਹਾਂ ਨਿਊਜ਼ੀਲੈਂਡ ਦੇ ਰੱਖਿਆ ਮੰਤਰੀ ਸ੍ਰੀ ਗੈਰੀ ਬ੍ਰਾਉਨਲੀ ਸਮੇਤ ਹੋਰ ਸੁਰੱਖਿਆ ਅਧਿਕਾਰੀਆਂ ਨਾਲ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਇਨ੍ਹਾਂ ਮੀਟਿੰਗਾਂ ਦਾ ਮੁੱਖ ਵਿਸ਼ਾ ਦੋਵਾਂ ਦੇਸ਼ਾਂ ਦਾ ਆਪਸੀ ਸਾਇਬਰ, ਸਪੇਸ ਅਤੇ ਸਾਊਥ ਈਸਟ ਏਸ਼ੀਆਂ ਅਤੇ ਵਿਸ਼ਵ ਭਰ ਵਿਚ ਵਧਦੇ ਹਿੰਸਾਤਮਕ ਅੱਤਵਾਦ ਉਤੇ ਨੀਤੀਆਂ ਦਾ ਆਦਾਨ ਪ੍ਰਦਾਨ ਸੀ। ਵਰਨਣਯੋਗ ਹੈ ਕਿ ਆਸਟਰੇਲੀਆ ਨੇ ਫਰਵਰੀ 2016 ਦੇ ਵਿਚ ਨਵੀਂ ਡਿਫੈਂਸ ਪਾਲਿਸੀ ਜਾਰੀ ਕੀਤੀ ਹੈ ਅਤੇ ਨਿਊਜ਼ੀਲੈਂਡ ਵੀ ਆਪਣੀ ਪਾਲਿਸੀ ਉਤੇ ਮੁੜ-ਵਿਚਾਰ ਕਰ ਰਿਹਾ ਹੈ। ਇਸ ਯਾਤਰਾ ਦੌਰਾਨ ਉਹ ਨਿਊਜ਼ੀਲੈਂਡ ਪਾਰਲੀਮੈਂਟ ਦੇ ਵਿਚ ਤੀਜੀ ਵਾਰ ਸਾਂਸਦ ਦੇ ਤੌਰ ਉਤੇ ਵਿਚਰ ਰਹੇ ਪਹਿਲੇ ਸਿੱਖ ਐਮ. ਪੀ. ਸ. ਕੰਵਲਜੀਤ ਸਿੰਘ ਬਖਸ਼ੀ ਨੂੰ ਵੀ ਮਿਲੇ ਅਤੇ ਆਪਸੀ ਵਿਚਾਰਾਂ ਕੀਤੀਆਂ। ਸ. ਬਖਸ਼ੀ ਨੇ ਉਨ੍ਹਾਂ ਨੂੰ ਕੈਨੇਡਾ ਦੇ ਵਿਚ ਕੀਤੀਆਂ ਉਦਾਹਰਣਯੋਗ ਪ੍ਰਾਪਤੀਆਂ ਉਤੇ ਵਧਾਈ ਵੀ ਦਿੱਤੀ। ਪੂਰੀ ਦੁਨੀਆ ਦੇ ਵਿਚ ਵਸੇ ਪ੍ਰਵਾਸੀ ਸਿੱਖ ਭਾਈਚਾਰੇ ਨੂੰ ਇਕ ਦੂਜੇ ਦੇਸ਼ਾਂ ਨਾਲ ਜੋੜੀ ਰੱਖਣ ਉਤੇ ਵਿਚਾਰਾਂ ਵੀ ਕੀਤੀਆਂ ਗਈਆਂ। ਉਨ੍ਹਾਂ ਦਾ ਸਰਕਾਰੀ ਦੌਰਾ ਥੋੜ੍ਹੇ ਸਮੇਂ ਦਾ ਹੋਣ ਕਰਕੇ ਉਹ ਜਰੂਰੀ ਮੀਟਿੰਗਾਂ ਤੋਂ ਬਾਅਦ ਉਹ ਕੱਲ੍ਹ ਆਸਟਰੇਲੀਆ ਰਵਾਨਾ ਹੋ ਗਏ।



# ਸ੍ਰੀ ਰਮੇਸ਼ ਸੁੰਮਨ ਨੂੰ ਸਦਮਾ, ਪਿਤਾ ਸਵਰਗਵਾਸ



**ਚੰਡੀਗੜ੍ਹ–** ਪ੍ਰਸਿੱਧ ਕਮਿਊਨਿਟੀ ਲੀਡਰ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਸਾਬਕਾ ਪ੍ਰਧਾਨ ਸ੍ਰੀ ਰਮੇਸ਼ ਸੁੰਮਨ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਿਆ, ਜਦੋਂ ਉਹਨਾਂ ਦੇ ਪਿਤਾ ਸ੍ਰੀ ਡੀ. ਆਰ. ਸੁੰਮਨ ਬੀਤੇ ਐਤਵਾਰ 3 ਅਪ੍ਰੈਲ ਨੂੰ ਇਸ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ ਉਹ ਚੰਡੀਗੜ੍ਹ ਵਿਖੇ ਰਹਿੰਦੇ ਸਨ। ਉਹਨਾਂ ਨਮਿਤ ਅੰਤਿਮ ਅਰਦਸ 10 ਅਪ੍ਰੈਲ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਟਰ 30, ਚੰਡੀਗੜ੍ਹ ਵਿਖੇ ਹੋਵੇਗੀ। ਸ੍ਰੀ ਡੀ. ਆਰ. ਸੁੰਮਨ ਇਕ ਚੰਗੇ ਇਨਸਾਨ, ਇਕ ਚੰਗੇ ਪ੍ਰੇਰਕ ਅਤੇ ਕਮਿਊਨਿਟੀ ਲੀਡਰ ਸਨ, ਜੋ ਲੋਕਾਂ ਦੀ ਮਦਦ ਕਰਨ ਲਈ ਹਰ ਵਕਤ ਤਿਆਰ ਰਹਿੰਦੇ ਸਨ। ਉਹਨਾਂ ਨੇ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਦਿਵਾਉਣ ਅਤੇ ਘਰੇਲੂ ਮਸਲਿਆਂ ਵਿਚ ਮਦਦ ਦਿੱਤੀ। ਉਹਨਾਂ ਨੇ ਇਕ ਪੜ੍ਹੇ-ਲਿਖੇ ਪਰਿਵਾਰ ਦੀ ਸਿਰਜਣਾ ਕੀਤੀ। ਬਹੁਤ ਹੀ ਮਿੱਠੀ ਭਾਸ਼ਾ ਦੇ ਧਾਰਨੀ ਸ੍ਰੀ ਡੀ. ਆਰ. ਸੁੰਮਨ ਦੇ ਚਲੇ ਜਾਣ ਨਾਲ ਪਰਿਵਾਰ ਅਤੇ ਸਮਾਜ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਅਦਾਰਾ 'ਦੇਸ਼ ਦੁਆਬਾ' ਸ੍ਰੀ ਡੀ. ਆਰ. ਸੁੰਮਨ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ।

# ਲਿਸਬਨ ਵਿਖੇ ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਉਸਾਰੀ ਵਿਚ ਸੇਵਾ ਸਹਿਯੋਗ ਲਈ ਸੁਰੇਸ਼ ਬਿੱਟੂ ਕੈਨੇਡਾ ਦੇ ਗੁਰੂ ਘਰ ਪੁੱਜੇ

**ਫਗਵਾੜਾ (ਬੀ. ਕੇ. ਰੱਤੂ)–** ਸ੍ਰੀ ਗੁਰੂ ਰਵਿਦਾਸ ਸਭਾ ਲਿਸਬਨ (ਪੁਰਤਗਾਲ) ਵਲੋਂ ਲਿਸਬਨ ਵਿਖੇ ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਉਸਾਰੀ ਲਈ ਸ਼ੁਰੂ ਕੀਤੀ ਸੇਵਾ ਅਤੇ ਸਹਿਯੋਗ ਮੁਹਿਮ ਤਹਿਤ ਸਭਾ ਦੇ ਵਾਇਸ ਪ੍ਰਧਾਨ ਸੁਰੇਸ਼ ਕੁਮਾਰ ਬਿੱਟੂ ਸ੍ਰੀ ਗੁਰੂ ਰਵਿਦਾਸ ਟੈਂਪਲ ਗੁਰਬਾਣੀ ਸਾਗਰ ਮੋਂਟਰਿਅਲ (ਕੈਨੇਡਾ) ਵਿਖੇ ਪਹੁੰਚੇ।

ਜਿੱਥੇ ਕਮੇਟੀ ਵਲੋਂ ਉਹਨਾਂ ਦਾ ਭਰਵਾਂ ਸੁਆਗਤ ਅਤੇ ਸਿਰੋਪਾਓ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਸੁਰੇਸ਼ ਕੁਮਾਰ ਬਿੱਟੂ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਗੁਰਬਾਣੀ ਸਾਗਰ ਦੇ ਅਹੁਦੇਦਾਰਾਂ ਨਾਲ ਮੀਟਿੰਗ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਸਭਾ ਲਿਸਬਨ (ਪੁਰਤਗਾਲ) ਵਲੋਂ ਸੰਗਤਾਂ ਦੇ ਸਹਿਯੋਗ ਨਾਲ ਉਕਤ ਟੈਂਪਲ ਦੀ ਉਸਾਰੀ ਕੀਤੀ ਜਾ ਰਹੀ ਹੈ। ਜਿਸ ਲਈ ਭਰਪੂਰ ਸੇਵਾ ਅਤੇ ਸਹਿਯਗ ਚਾਹੀਦਾ ਹੈ। ਕਮੇਟੀ ਪ੍ਰਧਾਨ ਰਤਨ ਜੱਖੂ ਨੇ ਭਰੋਸਾ ਦਿੱਤਾ ਕਿ ਗੁਰੂ ਘਰ ਲਈ ਜਗ੍ਹਾ ਖਰੀਦਣ ਅਤੇ ਉਸਾਰੀ ਵਿਚ ਪੂਰਾ ਸਹਿਯੋਗ ਕੀਤਾ ਜਾਵੇਗਾ।



ਇਸ ਤੋਂ ਪਹਿਲਾਂ ਸ੍ਰੀ ਗੁਰੂ ਰਵਿਦਾਸ ਟੈਂਪਲ ਗੁਰਬਾਣੀ ਸਾਗਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਕੀਰਤਨੀ ਜੱਥਿਆਂ ਨੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਇਸ ਮੋਕੇ ਅਮਰਜੀਤ ਬੇਗਮਪੁਰੀ, ਮਲਕੀਤ ਭਟੋਏ, ਜਗਦੀਸ਼ ਜੱਸੀ, ਕੁਲਵਿੰਦਰ ਬੰਗਾ, ਨਰਿੰਦਰ ਬੰਗਾ, ਕੁਲਦੀਪ ਚੰਦਰ, ਰੋਹਿਤ, ਬੁੱਧ ਸਿੰਘ, ਜਸਪਾਲ ਸਿੰਘ, ਸੇਵਾ ਸਿੰਘ, ਬਲਵਿੰਦਰ ਰਤਨ, ਰਾਮ ਪ੍ਰਕਾਸ਼, ਗੁਲਸ਼ਨ ਦਾਸ ਬੰਗਾ, ਰਾਜ ਜੱਸੀ, ਬਿੰਦਰ ਬੈਂਸ, ਹੇਮਰਾਜ, ਸੰਦੀਪ ਸਿੰਘ, ਹਰਜਿੰਦਰ ਕੁਮਾਰ, ਅਮਨਦੀਪ, ਅਜੇ ਕੁਮਾਰ, ਕੇਹਰ ਸਿੰਘ, ਸੇਵਾ ਰਾਜ ਨਾਨਕ ਭਟੋਏ, ਰਛਪਾਲ, ਸ਼ਿੰਗਾਰਾ ਰਾਮ ਆਦਿ ਵੀ ਹਾਜਰ ਸਨ।

# ਕਵੀ ਮੰਚ ਮੁਹਾਲੀ ਵੱਲੋਂ 'ਅਨਮੋਲ ਬਚਪਨ' ਲੋਕ ਅਰਪਣ ਅਤੇ ਸਨਮਾਨ ਸਮਾਗਮ

**ਮੁਹਾਲੀ–** ਕਵੀ ਮੰਚ ਮੁਹਾਲੀ ਵੱਲੋਂ ਪੈਰਾਗਾਨ ਸੀ. ਸੈ. ਸਕੂਲ ਸੈਕਟਰ-69, ਮੁਹਾਲੀ ਵਿਖੇ, ਸਕੂਲ ਦੇ ਡਾਇਰੈਕਟਰ ਅਤੇ ਸਾਬਕਾ ਕੌਂਸਲਰ ਮੋਹਨਬੀਰ ਸਿੰਘ ਸ਼ੇਰਗਿੱਲ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਭਾਰਤ ਦੇ ਦਸ ਰਾਜਾਂ ਦੇ ਕਵੀ/ਕਵਿੱਤਰੀਆਂ ਦੀ ਨਾਮਵਰ ਕਵੀ ਭਗਤ ਰਾਮ ਰੰਗਾੜਾ ਵੱਲੋਂ ਸੰਪਾਦਿਤ ਕਾਵਿ-ਪੁਸਤਕ 'ਅਨਮੋਲ ਬਚਪਨ' ਲੋਕ-ਅਰਪਣ ਕੀਤੀ ਗਈ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਾਹਿਤ ਅਵਾਰਡੀ ਡਾ. ਦਰਸ਼ਨ ਸਿੰਘ ਆਸ਼ਟ ਅਤੇ ਵਿਸ਼ੇਸ਼ ਮਹਿਮਾਨ ਵਜੋਂ ਕਰਮਿੰਦਰ ਕੌਰ ਸ਼ੇਰਗਿੱਲ, ਦੀਪਿੰਦਰ ਕੌਰ ਅਤੇ ਪ੍ਰਧਾਨਗੀ ਮੰਡਲ ਵਿੱਚ ਸਿਰੀ ਰਾਮ ਅਰਸ਼, ਪ੍ਰੋ. (ਡਾ.) ਰਾਜਵੰਤ ਕੌਰ ਪੰਜਾਬੀ, ਬਲਬੀਰ ਸਿਘ ਸੈਣੀ, ਅਮਰਜੀਤ ਸਿੰਘ ਸੰਧੂ, ਪ੍ਰੀਤਮ ਸਿੰਘ ਭੁਪਾਲ ਅਤੇ ਦੇਵਕੀ ਦੇਵੀ ਪ੍ਰਭਾਕਰ ਸੁਸ਼ੋਭਿਤ ਸਨ। ਪੁਸਤਕ ਉਤੇ ਪਰਚੇ ਡਾ. ਬਲਜੀਤ ਸਿੰਘ ਅਤੇ ਬੀਬੀ ਪਰਮਜੀਤ ਪਰਮ ਵੱਲੋਂ ਪੜ੍ਹੇ ਗਏ। ਡਾ. ਦਰਸ਼ਨ ਸਿੰਘ ਆਸ਼ਟ, ਡਾ. ਰਾਜਵੰਤ ਕੌਰ ਪੰਜਾਬੀ ਅਤੇ ਸ਼੍ਰੀਮਤੀ ਦੀਪਿੰਦਰ ਕੌਰ ਨੇ ਪੁਸਤਕ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ 'ਅਨਮੋਲ ਬਚਪਨ' ਸਾਹਿਤ ਵਿੱਚ ਪਹਿਲੀ ਕਾਵਿ ਪੁਸਤਕ ਆਉਣ ਨਾਲ ਪੰਜਾਬੀ ਸਾਹਿਤ ਵਿੱਚ ਵਾਧਾ ਹੋਇਆ ਹੈ। ਪੁਸਤਕ ਦੇ ਸੰਪਾਦਕ ਸ਼੍ਰੀ ਰੰਗਾੜਾ ਤੋਂ ਇਲਾਵਾ ਡਾ. ਬਲਜੀਤ ਸਿੰਘ, ਪਰਸ ਰਾਮ ਸਿੰਘ ਬੱਧਣ, ਪਰਮਜੀਤ ਪਰਮ, ਗੁਰਮੀਤ ਸਿੰਘ ਪਾਹੜਾ, ਹਰਦੀਪ ਲੌਂਗੀਆ, ਹਰਸ਼ਦੀਪ ਸਿੰਘ ਸ਼ੇਰਗਿੱਲ ਅਤੇ ਪ੍ਰਧਾਨਗੀ ਮੰਡਲ ਵਿੱਚ ਹਾਜ਼ਰੀਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮਰਹੂਮ ਬੀ.ਐਸ. ਕਲੇਰ ਅਤੇ ਮਣਕਾ ਮਜੀਠੀਆ ਹੁਰਾਂ ਦੀਆਂ ਮਿੱਠੀਆਂ ਪਿਆਰੀਆਂ ਯਾਦਾਂ ਨੂੰ ਸਮਰਪਿਤ ਇਸ ਸਮਾਗਮ ਦੌਰਾਨ ਜਗਤਾਰ ਸਿੰਘ ਜੋਗ, ਹਰਪ੍ਰੀਤ ਕੌਰ ਪ੍ਰੀਤ, ਅਜਮੇਰ ਸਾਗਰ, ਕੁਲਦੀਪ ਸਿੰਘ ਦੀਪ, ਸਰਬਜੀਤ ਸਾਗਰ ਅਤੇ ਬਲਦੇਵ ਸਿੰਘ ਪ੍ਰਦੇਸੀ ਹੁਰਾਂ ਨੇ ਆਪਣੇ ਗੀਤਾਂ ਨਾਲ ਖੂਬ ਰੰਗ ਬੰਨ੍ਹਿਆ। ਇਨ੍ਹਾਂ ਤੋਂ ਇਲਾਵਾ ਅਸ਼ਕ ਅੰਮ੍ਰਿਤਸਰੀ, ਮਨਮੋਹਨ ਢਿੱਲੋਂ, ਰਾਜ ਜ਼ਖ਼ਮੀ, ਕੁਲਵਿੰਦਰ ਕੌਰ ਕਿਰਨ, ਜਸਵਿੰਦਰ ਫਗਵਾੜਾ, ਪਰਮਜੀਤ ਕੌਰ ਮਹਿਕ, ਜਗਪਾਲ ਸਿੰਘ, ਕਸ਼ਮੀਰ ਕੌਰ ਸੰਧੂ, ਵਿਮਲਾ ਗੁਗਲਾਨੀ, ਮਲਕੀਅਤ ਬਸਰਾ, ਦਿਲ ਦਿਲਗੀਰ, ਰਾਜਿੰਦਰ ਕੌਰ, ਪਰਵਿੰਦਰ ਸਿੰਘ, ਜਗਜੀਤ ਸਿੰਘ ਨੂਰ, ਬਲਵਿੰਦਰ ਵਾਲੀਆ, ਰਮਨ ਸੰਧੂ ਅਤੇ ਗੌਰਵ ਕਾਲੀਆ ਆਦਿ ਸ਼ਾਇਰਾਂ ਤੇ ਸਾਹਿਤਕਾਰਾਂ ਦੀ ਵੱਡੀ ਗਿਣਤੀ ਨੇ ਵੀ ਆਪੋ-ਆਪਣੀ ਸ਼ਾਇਰੀ ਨਾਲ ਵਧੀਆ ਹਾਜ਼ਰੀ ਲੁਆਈ। ਪ੍ਰੀਤਮ ਸਿੰਘ ਭੁਪਾਲ ਨੇ ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ। ਸਟੇਜਾਂ ਦੀ ਧਨੀ ਬੀਬੀ ਹਰਪ੍ਰੀਤ ਕੌਰ ਪ੍ਰੀਤ ਦੀ ਲਾ-ਜੁਵਾਬ ਸਟੇਜ਼-ਸੰਚਾਲਕੀ ਅਧੀਨ ਕਈ ਘੰਟਿਆਂ ਬੱਧੀ ਆਪਣੀਆਂ ਸਾਹਿਤਕ ਖੁਸ਼ਬੂਆਂ ਵਿਖੇਰਦਾ ਇਹ ਸਮਾਗਮ ਆਪਣੀਆਂ ਯਾਦਗਾਰੀ ਅਮਿੱਟ ਪੈੜਾਂ ਛੱਡ ਗਿਆ।



**-ਪ੍ਰੀਤਮ ਲੁਧਿਆਣਵੀ, ਚੰਡੀਗੜ੍ਹ**
(9876428641)

# ਇਜ਼ੋਲੈਲੋ (ਕਰੇਮੋਨਾ) ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ

**ਰੋਮ (ਇਟਲੀ) (ਟੇਕ ਚੰਦ ਜਗਤਪੁਰ)–** ਜਿਥੇ ਸਮੁੱਚੇ ਸੰਸਾਰ ਭਰ ਚ ਸ਼੍ਰੋਮਣੀ ਸੰਤ, ਮਹਾਨ ਕ੍ਰਾਤੀਕਾਰੀ, ਸਮੱਚੀ ਮਾਨਵਤਾ ਦੇ ਮਸੀਹਾ, ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦਾ 639ਵਾਂ ਗੁਰਪੁਰਬ ਸਮੂੰਹ ਸੰਗਤਾਂ ਵਲੋ ਮਨਾਇਆ ਜਾ ਰਿਹਾ ਹੈ, ਉਥੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਕਪੈਲੀ ਇਜ਼ੋਲੈਲੋ (ਕਰੇਮੋਨਾ) ਵਲੋ ਵੀ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਮੂੰਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਬੜੀ ਸ਼ਰਧਾ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ ਸੰਗਤਾਂ ਨੇ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ। ਇਸ ਵਿਸ਼ਾਲ ਸਮਾਗਮ ਵਿਚ "ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਦਾ ਆਂਯੋਜਿਨ ਕੀਤਾ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦਿਆ ਪ੍ਰਧਾਨ ਸ੍ਰੀ ਰਜਿੰਦਰਪਾਲ ਰੰਧਾਵਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਧੰਨ/ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪੂਰਾ ਜੀਵਨ ਮਨੁਖਤਾ ਦੀ ਭਲਾਈ ਹਿੱਤ ਸਮਰਪਿਤ ਸੀ।ਉਨ੍ਹਾਂ ਜਿਥੇ ਆਪਣੀ ਅਮ੍ਰਿਤ ਪਵਿਤਰ ਬਾਣੀ ਨਾਲ ਅਗਿਆਨਤਾ ਚ ਫਸੀ ਲੋਕਾਈ ਨੂੰ ਸਿੱਧੇ ਰਾਹ ਪਾਇਆ, ਉਥੇ ਉਨ੍ਹਾਂ ਆਪਣੇ ਇਨਕਲਾਬੀ ਕਦਮਾਂ ਰਾਹੀ ਚਾਰ-ਚੁਫੇਰੇ ਪਸਰੇ ਜਾਤ-ਪਾਤ,ਉਚ-ਨੀਚ ਅਤੇ ਛੂਆ/ਛਾਤ ਦੇ ਕਾਲੇ ਹਨੇਰੇ ਨੂੰ ਦੂਰ ਕਰਕੇ ਲੋਕਾਂ ਵਿਚ ਨਵੀਂ ਜਾਗਰਤੀ



ਪੈਦਾ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਜੋ ਸਮੁੱਚੀ ਮਨੁੱਖਤਾਂ ਦੀ ਅਗਵਾਈ ਕਰਦੀ ਹੈ। ਇਸ ਲਈ ਅੱਜ ਸਾਨੂੰ ਉਨ੍ਹਾਂ ਵਲੋ ਦਰਸਾਏ ਮਾਰਗ ਤੇ ਚੱਲਣ ਦੀ ਲੋੜ ਹੈ।

ਇਸ ਉਪਰੰਤ ਉਚੇਚੇ ਤੌਰ ਤੇ ਪਹੁੰਚੇ ਗਿਆਨੀ ਜੀਵਨ ਸਿੰਘ ਮਾਨ ਦੇ ਕੀਰਤਨੀ ਜਥੇ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਇਤਿਹਾਸ ਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਰਸਭਿਨੇ ਕੀਤੀ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਇਟਲੀ ਦੀਆਂ ਵੱਖ- ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਜਿਨਾਂ ਚ ਸ੍ਰੀ ਭੁੱਟੋ ਕੁਮਾਰ ਪਾਰਮਾਂ, ਸ੍ਰੀ ਸਰਬਜੀਤ ਰਾਮ ਜਗਤਪੁਰੀ ਬਰੇਸ਼ੀਆਂ, ਕੁਲਵਿੰਦਰ ਲੋਈ, ਸਰਬਜੀਤ ਵਿਰਕ ਅਤੇ ਹੋਰ ਦੇ ਬੁਲਾਰਿਆਂ ਨੇ ਵੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸ ਤੇ ਚਾਨਣਾ ਪਾਇਆ।

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਅਤੇ ਡਾ ਅੰਬੇਡਕਰ ਸਾਹਿਬ ਜੀ ਦਾ ਜਨਮ ਦਿਨ 10 ਅਪ੍ਰੈਲ ਨੂੰ ਮਨਾਇਆ ਜਾਵੇਗਾ

**ਰੋਮ (ਇਟਲੀ) ਟੇਕ ਚੰਦ ਜਗਤਪੁਰ–** ਧੰਨ- ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 639 ਵਾਂ ਆਗਮਨ ਪੁਰਬ ਅਤੇ ਭਾਰਤੀ ਸਵਿਧਾਨ ਦੇ ਨਿਰਮਾਤਾ ਡਾ ਬੀ ਆਰ ਅੰਬੇਡਕਰ ਸਾਹਿਬ ਜੀ ਦਾ 125 ਵਾਂ ਜਨਮ ਦਿਨ ਸ੍ਰੀ ਗੁਰੂ ਰਵਿਦਾਸ ਸਭਾ ਪਾਰਮਾ, ਪਿਚੈਂਸਾ ਵਲੋ ਸਮੂੰਹ ਸੰਗਤ ਦੇ ਸਹਿਯੋਗ ਨਾਲ 10ਅਪ੍ਰੈਲ ਦਿਨ ਐਤਵਾਰ ਨੂੰ ਕੌਰਤਾਮਾਜੁਰੇ (ਪਾਰਮਾ)ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਹ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਭੁੱਟੋ ਕੁਮਾਰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਪਾਰਮਾ ਪਿਚੈਸਾ ਨੇ ਪ੍ਰੈਸ ਨਾਲ ਗਲਬਾਤ ਦੋਰਾਨ ਕੀਤਾ। ਉਨਾਂ ਅੱਗੇ ਕਿਹਾ ਕਿ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਇਟਲੀ ਦੇ ਨਾਮਵਰ ਕੀਰਤਨੀ ਜਥਾ ਗਿਆਨੀ ਜੀਵਨ ਸਿੰਘ ਮਾਨ ਅਤੇ ਹੋਰ ਗਾਇਕ ਆਪਣੇ



ਮਿਸ਼ਨਰੀ ਗੀਤਾਂ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ। ਇਨ੍ਹਾਂ ਤੋਂ ਇਲਾਵਾ ਮਹਾਨ ਬੁਲਾਰੇ, ਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸ ਅਤੇ ਡਾ ਬੀ ਆਰ ਅੰਬੇਡਕਰ ਸਾਹਿਬ ਦੀ ਜੀਵਨੀ ਤੋ ਸੰਗਤਾਂ ਨੂੰ ਜਾਣੂ ਕਰਵਾਉਣਗੇ। ਉਨਾਂ ਸਮੂੰਹ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਮੁਬਾਰਕ ਮੌਕੇ ਤੇ ਹੁੰਮ ਹੁੰਮਾ ਕੇ ਪਹੁੰਚਣ।

ਇਸ ਮੌਕੇ ਤੇ ਕੁਲਵਿੰਦਰ ਲੋਈ, ਬਲਦੇਵ ਮੱਖਣ, ਪਰਮਜੀਤ ਸਿੱਧੂ, ਪਵਿੱਤਰ ਸਿੰਘ, ਸ ਜਸਵਿੰਦਰ ਸਿੰਘ ਸੋਡੀ, ਸੁੱਚਾ ਰਾਮ, ਗੁਰਮਿੰਦਰ ਸਿੰਘ ਸੈਲਾ, ਸ ਬਲਵਿੰਦਰ ਸਿੰਘ, ਬਲਵੀਰ ਸਿੰਘ, ਟੋਨੀ , ਦਵਿੰਦਰ ਕੁਮਾਰ ਲੱਕੀ, ਸੰਤੋਖ ਰਾਜ ਲਾਡੀ, ਰਾਮ ਜੀ ਆਦਿ ਨਾਲ ਸਨ।

# ਕੰਨਿਆ ਸਕੂਲ ਦੇ ਨਰਿੰਦਰ ਕੌਰ ਸਮਾਜਿਕ ਅਧਿਆਪਕਾ ਸੇਵਾ ਮੁਕਤ



**ਬਟਾਲਾ (ਨਰਿੰਦਰ ਬਰਨਾਲ)–** ਸਰਕਾਰੀ ਕੰਨਿਆ ਸੀਨੀਅਰ ਸੰਕੈਡਰੀ ਧਰਮਪੁਰਾ ਬਟਾਲਾ ਦੀ ਬਰਾਚ ਕਿਲਾਂ ਮੰਡੀ ਵਿਖੇ ਸਮਾਜਿਕ ਸਿਖਿਆ ਅਧਿਆਪਕਾ ਦੇ ਅਹੁਦੇ ਤੇ ਸੇਵਾ ਨਿਭਾ ਰਹੇ ਅਧਿਆਪਕਾ ਬੀਤੇ ਦਿਨੀ ਸੇਵਾ ਮੁਕਤ ਹੋ ਗਏ ਹਨ। ਸਕੂਲ ਵਿਖੇ ਸਾਦੇ ਤੇ ਪ੍ਰਭਾਵ੍ਹਾਲੀ ਸਮਾਗਮ ਦੌਰਾਨ ਸ੍ਰੀ ਮਤੀ ਨਰਿੰਦਰ ਕੌਰ ਦੀ ਸਖਸੀਅਤ ਦੀ ਖੂਬੀਆਂ ਦਾ ਵਖਿਆਨ ਸੇਵਾ ਮੁਕਤੀ ਸਮਾਗਮ ਦੌਰਾਨ ਕੀਤਾ ਗਿਆ। ਇਕ ਮਿਹਨਤੀ ਤੇ ਸਿਖਿਆ ਨੂੰ ਸਮਰਪਿਤ ਅਧਿਆਪਕਾ ਦੇ ਸਬੰਧ ਵਿਚ ਸੰਬੋਧਨ ਕਾਰਾਂ ਨੇ ਦੱਸਿਆ ਆਪਣੀ ਸਾਰੀ ਸਰਵਿਸ ਦੌਰਾਨ ਮਿਹਨਤੀ ਤੇ ਵਿਦਿਆਰਥੀ ਹਿੱਤਾ ਵਾਸਤੇ ਕਾਰਜ ਕਰਦੇ ਰਹੇ ਹਨ। ਗਰੀਬ ਤੇ ਕਮਜੋਰ ਵਿਦਿਆਰਥੀਆਂ ਦੀ ਮਦਦ ਕਰਨੀ ਉਹਨਾ ਦਾ ਮੁਖ ਫਰਜ ਸੀ।ਇਸ ਸਮਾਗਮ ਦੌਰਾਨ ਡਿਪਟੀ ਡੀ ਈ ਠ ਕਮ ਪ੍ਰਿੰਸੀਪਲ ਸ੍ਰੀ ਭਾਰਤ ਭੂਨ ਨੇ ਸ੍ਰੀ ਮਤੀ ਨਰਿੰਦਰ ਕੌਰ ਦੀਆਂ ਵਡਮੁਲੀਆ ਸੇਵਾਵਾ ਵਾਸਤੇ ਸਮੀਖਿਆ ਕੀਤੀ ਤੇ ਨਰਿੰਦਰ ਕੌਰ ਦੇ ਪਰਿਵਾਰਕ ਮੈਬਰਾਂ ਦਾ ਸਕੂਲ ਵਿਖੇ ਆਉਣ ਤੇ ਧਨਵਾਦ ਕੀਤਾ ਪਰਿਵਾਰ ਦੇ ਮੈਬਰਾਂ ਵਿਚ ਮੈਨੇਜਰ ਸੰਤੋਖ ਸਿੰਘ, ਨਵਦੀਪ ਕੌਰ,ਨਵਜੋਤ ਸਿੰਘ, ਇੰਦਰਜੀਤ ਸਿੰਘ, ਆਦਿ ਹਾ੦ਰ ਸਨ। ਇਸ ਮੌਕੇ ਹਾਜਰ ਸਟਾਫ ਮੈਬਰਾਂ ਵਿਚ ਸ੍ਰੀ ਕਮਲ੍ਹੇ ਕੌਰ,ਸੁਨੀਤਾ ਸਰਮਾ, ਹਰੀ ਕ੍ਰਿਨ, ਹਰੀ ਉਮ ਜੋਸੀ,ਅਸੋਕ ਕੁਮਾਰ, ਹਰਪ੍ਰੀਤ ਸਿੰਘ, ਚਰਨਜੀਤ ਸਿੰਘ, ਅਨਿਲ੍ਹ ਰਮਾ, ਅਰੁਨਾ ਸਰਮਾ,ਜੀਵਨ ਸਿੰਘ, ਗੁਰਮੀਤ ਸਿੰਘ, ਸੁਮਨ ਲਤਾ,ਰਜਨੀ ਬਾਲਾ, ਰਜਨੀ ਕੁਮਾਰੀ,ਇੰਦਰਜੀਤ ਕੌਰ,ਸੁਖਵਿੰਦਰ ਕੌਰ , ਸ੍ਹਮਾ ਰਾਣੀ, ਸੀਮਾ,ਨਿਤੀ ਮਹਾਜਨ, ਹਰਗੁਰਬੀਰ ਕੌਰ, ਨ੍ਹਾ ਡੀ ਪੀ, ਆਦਿ ਸਮੂਹ ਸਟਾਫ ਮੈਂਬਰ ਹਾਜਰ ਸਨ।

# ਘੁਮਾਣ ਵਿਖੇ ਬਹੁ-ਭਾਸ਼ੀ ਸਾਹਿਤਕ ਸੰਮੇਲਨ ਸ਼ੁਰੂ

**ਘੁਮਾਣ/ਬਟਾਲਾ (ਨਰਿੰਦਰ ਬਰਨਾਲ)–** ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਅਤੇ ਵੱਖ-ਵੱਖ ਭਸ਼ਾਵਾਂ ਦੇ ਲੋਕਾਂ ਨੂੰ ਇਕ ਦੂਸਰੇ ਦੇ ਨੇੜੇ ਲਿਆਉਣ ਲਈ ਸਾਹਿਤਕਾਰ ਆਪਣਾ ਅਹਿਮ ਰੋਲ ਨਿਭਾ ਸਕਦੇ ਹਨ। ਅੱਜ ਘੁਮਾਣ ਵਿਖੇ ਮਹਾਂਰਾਸ਼ਟਰ ਦੇ ਪੂਨੇ ਦੀ ਸਰਹੱਦ ਸੰਸਥਾ ਵੱਲੋਂ ਨਾਮਦੇਵ ਦਰਬਾਰ ਕਮੇਟੀ ਦੇ ਸਹਿਯੋਗ ਨਾਲ ਘੁਮਾਣ ਵਿਖੇ ਕਰਾਏ ਜਾ ਰਹੇ ਪਹਿਲੇ ਸੰਮੇਲਨ ਦਾ ਸਾਰਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਕਰਕੇ ਜੋ ਮਹਿਮਾਨ ਨਿਵਾਜੀ ਕੀਤੀ ਗਈ ਸੀ ਉਸ ਨਾਲ ਦੋਵਾਂ ਰਾਜਾਂ ਦੇ ਲੋਕਾਂ 'ਚ ਆਪਸੀ ਪਿਆਰ ਹੋਰ ਵਧਿਆ ਹੈ। ਉਨਾਂ ਕਿਹਾ ਕਿ ਘੁਮਾਣ ਦੀ ਧਰਤੀ ਸਾਹਿਤਕ ਖੇਤਰ 'ਚ ਰਾਸ਼ਟਰੀ ਤੀਰਥ ਅਸਥਾਨ ਵਜੋਂ ਉਭਰੀ ਹੈ। ਸ. ਰੱਖੜਾ ਨੇ ਕਿਹਾ ਕਿ ਵੱਖ-ਵੱਖ ਭਸ਼ਾਵਾਂ ਦੇ ਸਾਹਿਤਕਾਰਾ ਨੇ ਇੱਕ ਮੰਚ ਤੋਂ ਜੋ ਰਾਸ਼ਟਰੀ ਏਕਤਾ ਦਾ ਸੁਨੇਹਾ ਦਿੱਤਾ ਹੈ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਡਾ. ਗਣੇਸ਼ ਦੇਵੀ ਨੇ ਕਿਹਾ ਕਿ ਘੁਮਾਣ ਦੀ ਧਰਤੀ ਰਾਸ਼ਟਰੀ ਏਕਤਾ ਦੇ ਕੇਂਦਰ ਵਜੋਂ ਉਭਰੀ ਹੈ। ਉਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਜੋ ਪਿਆਰ ਤੇ ਸਤਿਕਾਰ ਦੇਸ਼ ਦੇ ਦੂਜੇ ਰਾਜਾਂ ਦੇ ਸਾਹਿਤਕਾਰਾਂ ਨੂੰ ਦਿੱਤਾ ਹੈ ਉਹ ਆਪਣੇ ਆਪ 'ਚ ਮਿਸਾਲ ਹੈ। ਉਨਾਂ ਕਿਹਾ ਕਿ ਸੰਮੇਲਨ ਦੌਰਾਨ ਵੱਖ-ਵੱਖ ਭਸ਼ਾਵਾਂ ਦੇ ਵਿਕਾਸ ਬਾਰੇ ਖੁੱਲ ਕੇ ਵਿਚਾਰ ਚਰਚਾ ਕੀਤੀ






ਬਹੁ-ਭਾਸ਼ੀ ਸਾਹਿਤਕ ਸੰਮੇਲਨ ਦਾ ਉਦਘਾਟਨ ਕਰਦਿਆਂ ਪੰਜਾਬ ਦੇ ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਸਾਹਿਤਕਾਰਾਂ ਨੇ ਹਮੇਸ਼ਾਂ ਹੀ ਲੋਕਾਂ ਦੀ ਅਗਵਾਈ ਕੀਤੀ ਹੈ ਅਤੇ ਅਜੋਕੇ ਸਮੇਂ ਵਿੱਚ ਵੀ ਸਮਾਜਿਕ ਵਿਕਾਸ 'ਚ ਸਾਹਿਤਕਾਰ ਪ੍ਰਮੁੱਖਤਾ ਨਾਲ ਆਪਣਾ ਯੋਗਦਾਨ ਪਾ ਰਹੇ ਹਨ। ਘੁਮਾਣ ਵਿਖੇ ਕਰਾਏ ਜਾ ਰਹੇ ਪਹਿਲੇ ਬਹੁ-ਭਾਸ਼ੀ ਸਾਹਿਤਕ ਸੰਮੇਲਨ ਦੀ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਸ. ਰੱਖੜਾ ਨੇ ਕਿਹਾ ਕਿ ਸ਼੍ਰੋਮਣੀ ਭਗਤ ਨਾਮਦੇਵ ਜੀ ਦੀ ਵਰਸੋਈ ਧਰਤੀ ਘੁਮਾਣ ਵਿਖੇ ਇਸ ਸੰਮੇਲਨ ਦਾ ਹੋਣਾ ਮਾਣ ਵਾਲੀ ਗੱਲ ਹੈ। ਉਨਾਂ ਕਿਹਾ ਕਿ ਘੁਮਾਣ ਦੀ ਧਰਤੀ ਤੋਂ ਸ਼੍ਰੋਮਣੀ ਭਗਤ ਨਾਮਦੇਵ ਜੀ ਨੇ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਸੀ ਅਤੇ ਭਗਤ ਜੀ ਦੀ ਬਾਣੀ ਅੱਜ ਵੀ ਸਮੁੱਚੀ ਮਾਨਵਤਾ ਲਈ ਰਾਹ ਦੇਸਰਾ ਹੈ। ਬਹੁ-ਭਾਸ਼ੀ ਸੰਮੇਲਨ ਬਾਰੇ ਗੱਲ ਕਰਦਿਆਂ ਸ. ਰੱਖੜਾ ਨੇ ਕਿਹਾ ਕਿ ਅਜਿਹੇ ਸਾਹਿਤਕ ਸੰਮੇਲਨਾਂ ਦੀ ਬਦੌਲਤ ਹੀ ਵੱਖ-ਵੱਖ ਰਾਜਾਂ ਤੇ ਭਸ਼ਾਵਾਂ ਦੇ ਲੋਕ ਇੱਕ ਦੂਜੇ ਦੇ ਨੇੜੇ ਆਏ ਹਨ। ਬੀਤੇ ਵਰੇ ਹੋਏ ਮਰਾਠੀ ਸੰਮੇਲਨ ਦਾ ਜਿਕਰ ਕਰਦਿਆਂ ਉਨਾਂ ਕਿਹਾ ਕਿ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਵੱਲੋਂ ਮਰਾਠੀ ਉਹ ਪੂਰੇ ਦੇਸ਼ ਲਈ ਲਾਭਕਾਰੀ ਸਾਬਤ ਹੋਵੇਗਾ।

ਸ. ਰੱਖੜਾ ਨੇ ਕਿਹਾ ਕਿ ਪੰਜਾਬ ਸਰਕਾਰ ਸਾਹਿਤਕਾਰਾਂ ਦਾ ਮਾਣ-ਸਤਿਕਾਰ ਕਰਨਾ ਆਪਣਾ ਧਰਮ ਸਮਝਦੀ ਹੈ ਅਤੇ ਕੁਝ ਦਿਨ ਪਹਿਲਾਂ ਹੀ ਰਾਜ ਸਰਕਾਰ ਨੇ ਵੱਖ-ਵੱਖ ਭਸ਼ਾਵਾਂ ਦੇ ਸਾਹਿਤਕਾਰਾਂ ਨੂੰ ਸਨਮਾਨਤ ਕਰਕੇ ਮਾਣਮੱਤਾ ਮਹਿਸੂਸ ਕੀਤਾ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਭਗਤ ਨਾਮਦੇਵ ਜੀ ਦੀ ਇਸ ਪਵਿੱਤਰ ਧਰਤੀ ਘੁਮਾਣ ਦੇਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਸੂਬਾ ਸਰਕਾਰ ਵੱਲੋਂ ਭਗਤ ਨਾਮਦੇਵ ਜੀ ਦੀ ਯਾਦ 'ਚ ਇਥੇ ਸਰਕਾਰੀ ਡਿਗਰੀ ਕਾਲਜ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਜੋ ਮੁਕੰਮਲ ਹੋਣ ਦੇ ਨੇੜੇ ਹੈ। ਉਨਾਂ ਮਰਾਠੀ ਪ੍ਰਬੰਧਕਾਂ ਨੂੰ ਇਹ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਅਜਿਹੇ ਸੰਮੇਲਨਾਂ ਲਈ ਆਪਣੇ ਵੱਲੋਂ ਪਹਿਲਾਂ ਵਾਂਗ ਹਰ ਤਰਾਂ ਦਾ ਸਹਿਯੋਗ ਦਿੰਦੀ ਰਹੇਗੀ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਸ. ਸੁਰਜੀਤ ਸਿੰਘ ਰੱਖੜਾ, ਮਰਾਠੀ ਸਾਹਿਤਕਾਰ ਤੇ ਸੰਮੇਲਨ ਦੇ ਮੁੱਖੀ ਡਾ. ਗਣੇਸ਼ ਦੇਵੀ, ਪਦਮ ਸ੍ਰੀ ਡਾ. ਸੁਰਜੀਤ ਪਾਤਰ, ਅਰੁਣ ਨਿਵਾਸਕਰ ਸਵਾਗਤ ਕਮੇਟੀ ਪ੍ਰਧਾਨ, ਸਰਹੱਦ ਸੰਸਥਾ ਦੇ ਮੁੱਖੀ ਸੰਜੇ ਨਾਹਰ, ਭਾਰਤ ਦੇਸਦਲਾ ਵੱਲੋਂ ਸ਼ਮਾਂ ਰੌਸ਼ਨ ਕਰਕੇ ਸਾਹਿਤਕ ਸੰਮੇਲਨ ਜਾਵੇਗੀ। ਇਸ ਮੌਕੇ ਪ੍ਰਧਾਨ ਸੰਜੇ ਨਾਹਰ, ਭਾਰਤ ਦੇਸ਼ਦਲਾ ਵੱਲੋਂ ਵੀ ਵਿਸਥਾਰ 'ਚ ਆਪਣੇ ਵਿਚਾਰ ਸਾਂਜੇ ਕੀਤੇ ਗਏ। ਪੰਜਾਬੀ ਦੇ ਪ੍ਰਮੁੱਖ ਸ਼ਾਇਰ ਡਾ. ਸੁਰਜੀਤ ਪਾਤਰ, ਪ੍ਰੋ ਗੁਰਭਜਨ ਸਿੰਘ ਗਿੱਲਾ, ਡਾ. ਸ੍ਰੀਪਾਲ ਸਵਨੀਸ਼, ਗੁਰਮੀਤ ਸਿੰਘ ਬੱਗਾ ਨਾਸਕਿ ਦੇ ਡਿਪਟੀ ਮੇਅਰ, ਡਾ. ਸ਼ਦਾ ਨੰਦ ਮੋਰੇ, ਸਤ ਵਰਤ ਸ਼ਾਸ਼ਤਰੀ, ਡਾ. ਆਤਮਜੀਤ, ਜਸਵੰਤ ਜਫਰ, ਰਾਮਦਾਸ ਫੁਟਾਣੇ, ਡਾ. ਅਸ਼ੋਕ ਕਾਮਦ, ਅਰਜੀਵ ਖਾਂਡੇਕਰ ਸਮੇਤ ਪੰਜਾਬੀ ਤੇ ਮਰਾਠੀ ਸਾਹਿਤਕਾਰਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪੰਜਾਬੀ ਸੱਭਿਆਚਰਕ ਪ੍ਰੋਗਰਾਮ ਗਿੱਧਾ ਅਤੇ ਭੰਗੜਾ ਦੀ ਖੂਬਸੂਰਤ ਪੇਸ਼ਕਾਰੀ ਵੀ ਕੀਤੀ ਗਈ। ਇਸ ਮੌਕੇ ਹੋਰਨਾ ਤੋਂ ਇਲਾਵਾ ਕੈਪਟਨ ਬਲਬੀਰ ਸਿੰਘ ਬਾਠ, ਐਸ. ਡੀ.ਐਮ ਸੌਰਬ ਅਰੋੜਾ, ਪ੍ਰਧਾਨ ਤਰਸੇਮ ਬਾਵਾ, ਹਰਬੰਸ ਸਿੰਘ ਘੁਮਾਣ, ਤਰਲੋਕ ਸਿੰਘ ਬਾਠ, ਗੁਰਚਰਨ ਸਿੰਘ ਬਾਵਾ, ਤਰਲੋਚਨ ਸਿੰਘ, ਮੰਗਲ ਸਿੰਘ, ਕੁਲਵੰਤ ਸਿੰਘ ਚੀਮਾਂ, ਹਰਦਿਆਲ ਸਿੰਘ ਭਾਮ, ਤਨਵੀਰ ਅਹਿਮਦ, ਕਸ਼ਮੀਰ ਸਿੰਘ ਬਰਿਆਰ, ਹਰਵਿੰਦਰ ਸਿੰਘ ਕਾਹਲੋਂ, ਪਰਮਜੀਤ ਸਿੰਘ ਕਲਸੀ, ਸੁਖਜਿੰਦਰ ਸਿੰਘ ਲਾਲੀ, ਨਰਿੰਦਰ ਸਿੰਘ ਨਿੰਦੀ, ਮਨਜਿੰਦਰ ਬਿੱਟੂ, ਸਿਮਰਤ ਸੁਮੈਰਾ ਵੀ ਹਾਜ਼ਰ ਸਨ।

# ਛੋਟਾ ਭਰਾ ਸ.ਸਰੂਪ ਸਿੰਘ ਰਾਹੋਂ (ਪੱਤਰਕਾਰ) ਇਸ ਦੁਨੀਆ ਤੋਂ ਸਦਾ ਲਈ ਕੂਚ ਕਰ ਗਿਆ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਹਮਿਲਟਨ ਵਾਸੀ ਅਤੇ ਪ੍ਰਸਿੱਧ ਖੇਡ ਕਮੇਂਟੇਟਰ ਸ. ਜਰਨੈਲ ਸਿੰਘ ਰਾਹੋਂ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦਾ ਛੋਟਾ ਭਰਾ ਸ. ਸਰੂਪ ਸਿੰਘ ਰਾਹੋਂ ਜੋ ਕਿ ਕਈ ਅਖਬਾਰਾਂ ਦੇ ਨਾਲ ਪੱਤਰਕਾਰ ਵਜੋਂ ਜੁੜਿਆ ਹੋਇਆ ਸੀ ਅਤੇ ਆਪਣਾ ਪ੍ਰਿੰਟਿੰਗ ਪ੍ਰੈਸ ਦਾ ਕਾਰੋਬਾਰ ਕਰਦਾ ਸੀ , ਅੱਜ ਸਵੇਰੇ ਇਸ ਦੁਨੀਆ ਤੋਂ ਸਦਾ ਲਈ ਕੂਚ ਗਿਆ। ਸ. ਰਾਹੋਂ ਸੀ.ਪੀ. ਐਮ. ਪੰਜਾਬ ਦੇ ਸਰਗਰਮ ਆਗੂ ਰਹੇ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਨਿਰਮਾਣ ਮਜ਼ਦੂਰ ਯੂਨੀਅਨ ਪੰਜਾਬ ਦੇ ਮੀਤ ਪ੍ਰਧਾਨ ਰਹੇ। ਉਹ ਕੁਝ ਦਿਨ ਪਹਿਲਾਂ ਬਿਮਾਰ ਹੋਏ ਸਨ ਅਤੇ ਡਾਕਟਰਾਂ ਨੇ ਬ੍ਰੇਨ ਹੇਮਰੇਜ ਹੋਣ ਕਰਕੇ ਉਨ੍ਹਾਂ ਦਾ ਬੀਤੀ ਰਾਤ ਪੀ.ਜੀ.ਆਈ. ਚੰਡੀਗੜ੍ਹ ਵਿਖੇ ਆਪ੍ਰੇਸ਼ਨ ਕੀਤਾ ਸੀ, ਜੋ ਕਾਮਯਾਬ ਨਾ ਹੋ ਸਕਿਆ। ਉਨ੍ਹਾਂ ਦੀ ਉਮਰ 50 ਕੁ ਸਾਲ ਦੇ ਕਰੀਬ ਸੀ। ਉਹ ਆਪਣੇ ਪਿੱਛੇ ਪਤਨੀ, ਇਕ ਪੁੱਤਰੀ (25) ਅਤੇ ਇਕ ਪੁੱਤਰ (20) ਛੱਡ ਗਏ ਹਨ। ਸ. ਜਰਨੈਲ ਸਿੰਘ ਰਾਹੋਂ ਇਸ ਦੁੱਖ ਦੀ ਘੜੀ ਦੇ ਵਿਚ ਆਪਣੇ ਪਰਿਵਾਰ ਦੇ ਨਾਲ ਸ਼ਾਮਿਲ ਹੋਣ ਲਈ ਕੱਲ੍ਹ ਸਵੇਰੇ ਇੰਡੀਆ ਰਵਾਨਾ ਹੋ ਰਹੇ ਹਨ। ਪੰਜਾਬੀ ਮੀਡੀਆ ਵੱਲੋਂ ਉਨ੍ਹਾਂ ਦੇ ਨਾਲ ਗਹਿਰਾ ਦੁੱਖ ਪ੍ਰਗਟ ਕੀਤਾ ਜਾਂਦਾ ਹੈ।



'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com



ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।





ਬੀਰ ਸਿੰਘ ਬਾਹੋਵਾਲ


ਈਸ਼ਰ ਸਿੰਘ ਢੁੱਡੀਕੇ


ਰੰਗਾ ਸਿੰਘ ਖੁਰਦਪੁਰ


ਰੂੜ ਸਿੰਘ ਤਲਵਾਨ


ਉਤਮ ਸਿੰਘ ਹੰਸ ਸ਼ਹੀਦ

## ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵੱਲੋਂ ਦੂਜੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਿਤ 16ਵਾਂ ਮੇਲਾ ਗਦਰੀ ਬਾਬਿਆਂ ਦਾ 27 ਮਾਰਚ, 2016 ਦਿਨ ਐਤਵਾਰ ਨੂੰ Regency Palace (Praise Event Center) 1600 Willow Avenue Clovis, CA ਵਿਖੇ ਵਧੀਆ ਮਾਹੌਲ 'ਚ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।



ਸ. ਚਰਨਜੀਤ ਸਿੰਘ ਬਾਠ ਅਤੇ ਪ੍ਰਸਿੱਧ ਸਮਾਜ ਸੇਵੀ ਅਤੇ ਸ੍ਰੀ ਰਾਮਾ ਡਾਬਰ ਅਤੇ ਹੋਰ ਕਮੇਟੀ ਮੈਂਬਰਜ਼ ਬੱਚੀਆਂ ਨੂੰ ਇਨਾਮ ਵੰਡਣ ਉਪਰੰਤ ਇਕ ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ।

# ਚਰਨਜੀਤ ਸਿੰਘ ਬਾਠ

## ਸੌਂਗੀ ਦੇ ਬਾਦਸ਼ਾਹ ਅਤੇ ਪ੍ਰਸਿੱਧ ਸਮਾਜ ਸੇਵੀ

# 559-284-1149


ਚਰਨਜੀਤ ਸਿੰਘ ਬਾਠ

# ਅਜ਼ਾਦੀ ਦੇ ਪਰਵਾਨਿਆਂ ਦੀ ਬਾਤ ਪਾ ਗਿਆ '16ਵਾਂ ਮੇਲਾ ਗਦਰੀ ਬਾਬਿਆਂ ਦਾ'
























# ਅਜ਼ਾਦੀ ਦੇ ਪਰਵਾਨਿਆਂ ਦੀ ਬਾਤ ਪਾ ਗਿਆ '16ਵਾਂ ਮੇਲਾ ਗਦਰੀ ਬਾਬਿਆਂ ਦਾ'

















ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।





ਬੀਰ ਸਿੰਘ ਬਾਹੋਵਾਲ


ਈਸ਼ਰ ਸਿੰਘ ਢੁੱਡੀਕੇ


ਰੰਗਾ ਸਿੰਘ ਖੁਰਦਪੁਰ


ਰੂੜ ਸਿੰਘ ਤਲਵਾਨ


ਉੱਤਮ ਸਿੰਘ ਹੰਸ ਸ਼ਹੀਦ

## ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵੱਲੋਂ ਦੂਜੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਿਤ 16ਵਾਂ ਮੇਲਾ ਗਦਰੀ ਬਾਬਿਆਂ ਦਾ 27 ਮਾਰਚ, 2016 ਦਿਨ ਐਤਵਾਰ ਨੂੰ

**Regency Palace (Praise Event Center) 1600 Willow Avenue Clovis, CA**

ਵਿਖੇ ਵਧੀਆ ਮਾਹੌਲ 'ਚ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।



**S. Kuldip Singh Atwal & S. Surjit Singh Atwal (Atwal Brothers & others) honoring the Chief Guest Dr. Raghbir Kaur (General Secretary of Desh Bhagat Yaadgar Hall Committee Jalandhar (Punjab) during the celebration of "Mela Ghadri Babayan Da" by Indo American Heritage Forum (Fresno) California in Fresno on March 27, 2016**

# ਮੁੱਖ ਮੰਤਰੀ ਵੱਲੋਂ ਖੁਰਾਲਗੜ੍ਹ ਨੂੰ ਵਿਸ਼ਵ ਪੱਧਰ ਦੇ ਤੀਰਥ ਅਸਥਾਨ ਵਜੋਂ ਵਿਕਸਤ ਕਰਨ ਦਾ ਐਲਾਨ





















**(ਸਫਾ 1 ਦੀ ਬਾਕੀ)**

ਪੀੜ੍ਹੀਆਂ ਨੂੰ ਆਪਣੇ ਸ਼ਾਨਦਾਰ ਇਤਿਹਾਸ ਬਾਰੇ ਜਾਣੂ ਕਰਵਾਉਣ ਲਈ ਅਮੀਰ ਵਿਰਸੇ ਦੀ ਸੰਭਾਲ ਕਰਨਾ ਸਰਕਾਰ ਦਾ ਮੁਢਲਾ ਫਰਜ਼ ਹੁੰਦਾ ਹੈ। ਸ. ਬਾਦਲ ਨੇ ਕਿਹਾ ਕਿ ਜਿਹੜੀਆਂ ਕੌਮਾਂ ਆਪਣੇ ਸਭਿਆਚਾਰ ਅਤੇ ਇਤਿਹਾਸ ਨੂੰ ਵਿਸਾਰ ਦਿੰਦੀਆਂ ਹਨ, ਅਜਿਹੀਆਂ ਕੌਮਾਂ ਦਾ ਨਾਮੋ-ਨਿਸ਼ਾਨ ਹੀ ਮਿਟ ਜਾਂਦਾ ਹੈ।

ਸ. ਬਾਦਲ ਨੇ ਕਿਹਾ ਕਿ ਇਹ ਵਿਸ਼ਵ ਪੱਧਰੀ ਯਾਦਗਾਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਜਿਨ੍ਹਾਂ ਦਾ ਮਹਾਨ ਜੀਵਨ ਤੇ ਸਿੱਖਿਆਵਾਂ ਲੋਕਾਈ ਲਈ ਚਾਨਣ ਮੁਨਾਰੇ ਵਾਂਗ ਹਨ। ਸ. ਬਾਦਲ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਮਹਾਨ ਅਧਿਆਤਮਕ ਦੂਤ ਅਤੇ ਸਮਾਜ ਦੇ ਦੱਬੇ-ਕੁਚਲੇ ਲੋਕਾਂ ਦੇ ਮਸੀਹਾ ਸਨ ਜਿਨ੍ਹਾਂ ਨੇ ਸਾਨੂੰ ਨੇਕ ਜੀਵਨ ਜਿਉਣ ਦਾ ਮਾਰਗ ਦਿਖਾਇਆ ਅਤੇ ਉਨ੍ਹਾਂ ਦਾ ਜੀਵਨ ਤੇ ਫਿਲਾਸਫੀ ਬਰਾਬਰੀ ਵਾਲੇ ਸਮਾਜ ਬਾਰੇ ਮਾਨਵਤਾ ਨੂੰ ਸੇਧ ਦੇਣ ਲਈ ਅਜੋਕੇ ਸਮੇਂ ਵਿੱਚ ਵੀ ਉਨ੍ਹੀਂ ਹੀ ਸਾਰਥਕ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਇਹ ਯਾਦਗਾਰ ਸ਼ਿਲਪਕਾਰੀ ਦਾ ਅਚੰਭਾ ਹੋਵੇਗੀ ਜਿਸ ਵਿਚ 10,000 ਸ਼ਰਧਾਲੂਆਂ ਦੀ ਸਮਰਥਾ ਦੀ ਇਕੱਤਰਤਾ ਵਾਲਾ ਇਕ ਹਾਲ ਅਤੇ ਉੱਚ ਦਰਜੇ ਦਾ ਆਡੀਟੋਰੀਅਮ ਵੀ ਹੋਵੇਗਾ ਜਿਸ ਵਿਚ ਹਰੇਕ ਤਰ੍ਹਾਂ ਦੀ ਆਧੁਨਿਕ ਤਕਨੀਕ ਮੁਹੱਈਆ ਹੋਵੇਗੀ ਜਿਸ ਰਾਹੀਂ ਗੁਰੂ ਰਵਿਦਾਸ ਜੀ ਦੇ ਮਹਾਨ ਜੀਵਨ ਤੇ ਸਿੱਖਿਆਵਾਂ ਨੂੰ ਮੂਰਤੀਮਾਨ ਕੀਤਾ ਜਾਵੇਗਾ। ਆਡੀਟੋਰੀਅਮ ਵਿਚ ਕਿਸੇ ਵੀ ਸਮਾਗਮ ਦੌਰਾਨ 500 ਸ਼ਰਧਾਲੂਆਂ ਦੇ ਬੈਠਣ ਦੀ ਜਗ੍ਹਾ ਹੋਵੇਗੀ। ਇਸ ਵਿਸ਼ਵ ਪੱਧਰੀ ਯਾਦਗਾਰ ਦੀ ਖਾਸੀਅਤ 151 ਫੁੱਟ ਉਚਾ 'ਮਿਨਾਰ-ਏ-ਬੇਗਮਪੁਰਾ' ਦਾ ਢਾਂਚਾ ਹੋਵੇਗਾ।

ਸਮਾਜ ਦੇ ਗਰੀਬ ਤੇ ਕਮਜ਼ੋਰ ਤਬਕਿਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਸਿਰਫ ਅਕਾਲੀ-ਭਾਜਪਾ ਗਠਜੋੜ ਸਰਕਾਰ ਹੀ ਇਨ੍ਹਾਂ ਲੋਕਾਂ ਦੇ ਹੱਕਾਂ ਦੀ ਸਹੀ ਮਾਅਨਿਆਂ ਵਿਚ ਤਰਜ਼ਮਾਨੀ ਕਰਨ ਵਾਲੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਗਰੀਬ ਲੋਕਾਂ ਨੂੰ ਮਿਆਰੀ ਜੀਵਨ ਦੇਣ ਲਈ ਸਰਕਾਰ ਨੇ ਆਟਾ-ਦਾਲ, ਸ਼ਗਨ ਸਕੀਮ, ਪੈਨਸ਼ਨ ਅਤੇ ਪੋਸਟ ਮੈਟ੍ਰਿਕ ਵਜ਼ੀਫਾ ਸਕੀਮ ਵਰਗੇ ਗਰੀਬ ਪੱਖੀ ਉਪਰਾਲੇ ਸ਼ੁਰੂ ਕੀਤੇ ਹਨ। ਸ. ਬਾਦਲ ਨੇ ਕਿਹਾ ਕਿ ਦੂਜੇ ਪਾਸੇ ਕਾਂਗਰਸ ਵਰਗੀਆਂ ਸਿਆਸੀ ਪਾਰਟੀਆਂ ਨੇ ਇਨ੍ਹਾਂ ਵਰਗਾਂ ਨੂੰ ਸਿਰਫ ਆਪਣੇ ਵੋਟ ਬੈਂਕ ਵਜੋਂ ਵਰਤ ਕੇ ਸੋਸ਼ਣ ਕੀਤਾ ਹੈ ਜਦਕਿ ਇਨ੍ਹਾਂ ਦੀ ਤਰੱਕੀ ਤੇ ਖੁਸ਼ਹਾਲੀ ਲਈ ਕੱਖ ਵੀ ਨਹੀਂ ਕੀਤਾ।

ਮੁੱਖ ਮੰਤਰੀ ਨੇ ਆਖਿਆ ਕਿ ਸ੍ਰੀ ਗੁਰੂ ਰਵਿਦਾਸ ਯਾਦਗਾਰ ਦੀ ਸਥਾਪਨਾ ਕਰਨੀ ਸੂਬਾ ਸਰਕਾਰ ਵੱਲੋਂ ਗੁਰੂ ਜੀ ਦੀਆਂ ਮਹਾਨ ਸਿੱਖਿਆਵਾਂ ਨੂੰ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ ਜਿਨ੍ਹਾਂ ਨੇ 'ਬੇਗਮਪੁਰਾ' (ਚਿੰਤਾਵਾਂ ਤੋਂ ਮੁਕਤ ਨਗਰ) ਦਾ ਸੰਕਲਪ ਲਿਆ ਸੀ। ਸ. ਬਾਦਲ ਨੇ ਪਿੰਡ ਖੁਰਾਲਗੜ੍ਹ ਅਤੇ ਬੱਸੀ ਵਿਚ ਪੀਣ ਵਾਲਾ ਪਾਣੀ, ਸਟਰੀਟ ਲਾਈਟਾਂ, ਸੜਕਾਂ ਅਤੇ ਸੀਵਰੇਜ ਵਰਗੀਆਂ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਦੋ ਕਰੋੜ ਰੁਪਏ ਵਿਕਾਸ ਗ੍ਰਾਂਟ ਵਜੋਂ ਦੇਣ ਦਾ ਐਲਾਨ ਕੀਤਾ। ਸ. ਬਾਦਲ ਨੇ ਆਖਿਆ ਕਿ ਗੁਰੂ ਰਵਿਦਾਸ ਜੀ ਨੇ ਇਸ ਪਵਿੱਤਰ ਅਸਥਾਨ 'ਤੇ ਚਾਰ ਸਾਲ ਤੇ ਦੋ ਮਹੀਨੇ ਤੋਂ ਵੱਧ ਸਮਾਂ ਭਗਤੀ ਕੀਤੀ। ਉਨ੍ਹਾਂ ਕਿਹਾ ਕਿ ਇਸ ਅਸਥਾਨ ਨੂੰ ਵਿਸ਼ਵ ਪੱਧਰ ਦੇ ਕੇਂਦਰ ਵਜੋਂ ਵਿਕਸਤ ਕਰਨਾ ਹੈ ਤਾਂ ਕਿ ਗੁਰੂ ਜੀ ਦੀਆਂ ਮਹਾਨ ਸਿੱਖਿਆਵਾਂ ਅਤੇ ਫਿਲਾਸਫੀ ਦਾ ਪ੍ਰਚਾਰ ਅਤੇ ਪਾਸਾਰ ਕੀਤਾ ਜਾ ਸਕੇ। ਸ. ਬਾਦਲ ਨੇ ਉਮੀਦ ਪ੍ਰਗਟਾਈ ਕਿ ਦੁਨੀਆਂ ਭਰ ਤੋਂ ਲੱਖਾਂ ਸ਼ਰਧਾਲੂ ਇਸ ਅਸਥਾਨ 'ਤੇ ਇਕੱਠੇ ਹੋ ਕੇ ਮਹਾਨ ਅਧਿਆਤਮਕ ਦੂਤ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਿਆ ਕਰਨਗੇ ਜਿਨ੍ਹਾਂ ਨੇ ਸਮੁੱਚੀ ਮਨੁੱਖਤਾ ਨੂੰ ਸਮਾਜ ਵਿਚੋਂ ਛੂਤ-ਛਾਤ ਅਤੇ ਹੋਰ ਸਮਾਜਿਕ ਬੁਰਾਈਆਂ ਨੂੰ ਛੱਡ ਕੇ ਪਰਮਾਤਮਾ ਦੇ ਲੜ ਲੱਗਣ ਦਾ ਸੰਦੇਸ਼ ਦਿੱਤਾ ਸੀ।

ਇਸ ਤੋਂ ਪਹਿਲਾਂ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਰਾਜ ਅੰਦਰ ਭਾਈਚਾਰਕ ਸਾਂਝ ਨੂੰ ਮਜ਼ਬੂਤ ਬਨਾਉਣ ਲਈ ਅਤੇ ਪੰਜਾਬ ਦੇ ਮਾਣਮੱਤੇ ਤੇ ਧਰਮ ਨਿਰਪੱਖ ਅਮੀਰ ਵਿਰਸੇ ਤੇ ਸੱਭਿਆਚਾਰ ਦੀ ਸਾਂਭ-ਸੰਭਾਲ ਅਤੇ ਉਨਤੀ ਲਈ ਸੂਬੇ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਪਾਏ ਗਏ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੋ ਕੌਮਾਂ ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ ਇਤਿਹਾਸ ਉਨਾਂ ਕੌਮਾਂ ਨੂੰ ਭੁਲਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਜਿੱਥੇ ਸੂਬੇ ਅੰਦਰ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦਿਆਂ ਰਾਜ ਅੰਦਰ ਅਮਨ, ਕਾਨੂੰਨ ਤੇ ਵਿਵਸਥਾ ਨੂੰ ਕਾਇਮ ਰੱਖਿਆ ਹੈ ਉਥੇ ਹਰੇਕ ਧਰਮ ਅਤੇ ਫਿਰਕੇ ਦੇ ਲੋਕਾਂ ਨਾਲ ਸਬੰਧਤ ਮੌਕਿਆਂ ਅਤੇ ਤਿਉਹਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਮਨਾਇਆ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦੀ ਸਹੂਲਤਾਂ ਮੁੱਖ ਮੰਤਰੀ ਬਾਦਲ ਸਾਹਿਬ ਨੇ ਕਿਸਾਨਾਂ, ਵਪਾਰੀਆਂ ਅਤੇ ਹੋਰ ਲੋੜਵੰਦਾਂ ਨੂੰ ਦਿੱਤੀਆਂ ਹਨ ਉਹੋ ਜਿਹੀਆਂ ਯੋਜਨਾਵਾਂ ਕੋਈ ਹੋਰ ਸੂਬਾ ਆਪਣੇ ਮਿਹਨਤਕਸ਼ ਅਤੇ ਲੋੜਵੰਦ ਨਾਗਰਿਕਾਂ ਲਈ ਸ਼ੁਰੂ ਵੀ ਨਹੀਂ ਕਰ ਸਕਿਆ।

ਉਪ ਮੱਖ ਮੰਤਰੀ ਨੇ ਅੱਗੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮੈਮੋਰੀਅਲ ਦਾ ਨਿਰਮਾਣ 110 ਕਰੋੜ ਰੁਪਏ ਨਾਲ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਮੁਕੰਮਲ ਹੋਣ ਉੱਤੇ ਦੇਸ਼-ਵਿਦੇਸ਼ ਤੋਂ ਸ਼ਰਧਾਲੂ ਇਥੇ ਆ ਕੇ ਸਰਬਵਿਆਪੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਦਾ ਸੰਦੇਸ਼ ਲੈ ਸਕਣਗੇ। ਸ. ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਧਰਮਾਂ ਅਤੇ ਫਿਰਕਿਆਂ ਲਈ ਕਈ ਸਮਾਰਕ ਤੇ ਯਾਦਗਾਰਾਂ ਸਥਾਪਤ ਕਰਦਿਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੰਜਾਬ ਦੇ ਅਮੀਰ ਵਿਰਸੇ ਅਤੇ ਸੱਭਿਆਚਾਰ ਤੋਂ ਜਾਣੂੰ ਕਰਵਾਉਣ ਦਾ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਰੇ ਧਰਮਾਂ ਤੇ ਫਿਰਕਿਆਂ ਦੇ ਸ਼ਰਧਾਲੂਆਂ ਲਈ ਸ਼ੁਰੂ ਕੀਤੀ ਗਈ ਮੁਖ ਮੰਤਰੀ ਤੀਰਥ ਦਰਸ਼ਨ ਯਾਤਰਾ ਰਾਹੀਂ ਸ਼ਰਧਾਲੂਆਂ ਨੂੰ ਮੁਫ਼ਤ ਵਿੱਚ ਉਨ੍ਹਾਂ ਦੇ ਦੂਰ-ਦਰਾਡੇ ਸਥਿਤ ਧਾਰਮਿਕ ਸਥਾਨਾਂ ਦੀ ਯਾਤਰਾ ਕਰਵਾਈ ਜਾ ਰਹੀ ਹੈ ਅਤੇ ਇਸ ਦੌਰਾਨ ਉਨ੍ਹਾਂ ਦੇ ਖਾਣ-ਪੀਣ ਅਤੇ ਰਹਿਣ-ਸਹਿਣ ਦਾ ਸਾਰਾ ਖਰਚਾ ਵੀ ਪੰਜਾਬ ਸਰਕਾਰ ਤਰਫੋਂ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਗੱਲ ਕਰਦਿਆਂ ਸ. ਬਾਦਲ ਨੇ ਕਿਹਾ ਕਿ ਰਾਜ ਸਰਕਾਰ ਵੱਲੋਂ ਲੋੜਵੰਦਾਂ ਨੂੰ 200 ਯੂਨਿਟ ਬਿਜਲੀ ਮੁਫ਼ਤ ਦੇਣ, ਆਟਾ-ਦਾਲ ਯੋਜਨਾ, ਸ਼ਗਨ ਸਕੀਮ ਆਦਿ ਤੋਂ ਇਲਾਵਾ ਕਿਸਾਨਾਂ, ਵਪਾਰੀਆਂ ਤੇ ਮਜ਼ਦੂਰਾਂ ਲੀ ਮੁਫਤ ਸਿਹਤ ਤੇ ਜੀਵਨ ਬੀਮਾ ਦੀ ਸਹੂਲਤ ਦਿੱਤੀ ਗਈ ਹੈ ਜਿਸ ਤਹਿਤ 50000 ਰੁਪਏ ਤੱਕ ਦਾ ਇਲਾਜ ਅਤੇ 1 ਲੱਖ ਰੁਪਏ ਦਾ ਜੀਵਨ ਬੀਮਾ ਮੁਹੱਈਆ ਕੀਤਾ ਜਾ ਰਿਹਾ ਹੈ।

ਸ. ਬਾਦਲ ਨੇ ਕਿਹਾ ਕਿ ਆਪਣੀ ਤਰ੍ਹਾਂ ਦੇ ਪਹਿਲੇ ਉਪਰਾਲੇ ਤਹਿਤ ਪੰਜਾਬ ਦੇਸ਼ ਦਾ ਇਕਲੌਤਾ ਐਸਾ ਸੂਬਾ ਹੈ ਜੋ ਆਪਣੇ ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਤੋਂ ਇਲਾਵਾ ਵਾਧੂ ਬਿਜਲੀ ਉਤਪਾਦਨ ਵਾਲਾ ਸੂਬਾ ਅਖਵਾਉਣ ਦਾ ਮਾਣ ਹਾਸਿਲ ਕਰਦਾ ਹੈ। ਨੌਜਵਾਨਾਂ ਦੇ ਹੁਨਰ ਵਿਕਾਸ ਉੱਤੇ ਜੋਰ ਦਿੰਦਿਆਂ, ਉਪ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਰਾਜ ਭਰ ਵਿੱਚ 200 ਹੁਨਰ ਸਿਖਲਾਈ ਕੇਂਦਰ ਸਥਾਪਤ ਕਰਨ ਜਾ ਰਹੀ ਹੈ ਅਤੇ ਹਰੇਕ ਬਲਾਕ ਵਿੱਚ ਸਥਾਪਤ ਹੋਣ ਵਾਲੇ ਇਸ ਹੁਨਰ ਵਿਕਾਸ ਕੇਂਦਰ ਵਿੱਚ 1000 ਦੇ ਕਰੀਬ ਨੌਜਵਾਨ ਸਿਖਲਾਈ ਹਾਸਿਲ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇੰਨਾ ਸਿਖਲਾਈ ਕੇਂ-ਦਰਾਂ ਵਿੱਚ ਆਧੁਨਿਕ ਸਨਅਤ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਆਉਂਦੇ 6 ਮਹੀਨਿਆਂ ਵਿੱਚ 1.20 ਲੱਖ ਸਰਕਾਰੀ ਨੌਕਰੀਆਂ ਦੇ ਇਸ਼ਤਿਹਾਰ ਜਾਰੀ ਕਰਕੇ ਨੌਜਵਾਨਾਂ ਨੂੰ ਰੋਜ਼ਗਾਰ ਦੇਵੇਗੀ।

ਕੇਂਦਰੀ ਰਾਜ ਮੰਤਰੀ ਸ੍ਰੀ ਵਿਜੈ ਸਾਂਪਲਾ ਨੇ ਆਖਿਆ ਕਿ ਸਮੁੱਚਾ ਦਲਿਤ ਭਾਈਚਾਰਾ ਸੂਬਾ ਸਰਕਾਰ ਦਾ ਹਮੇਸ਼ਾ ਰਿਣੀ ਰਹੇਗਾ ਕਿਉਂ ਜੋ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਫਿਲਾਸਫੀ ਦੇ ਪਾਸਾਰ ਲਈ ਇਹ ਇਤਿਹਾਸਕ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵਿਚ ਐਨ.ਡੀ.ਏ ਸਰਕਾਰ ਅਤੇ ਸੂਬੇ ਵਿਚ ਅਕਾਲੀ-ਭਾਜਪਾ ਸਰਕਾਰ ਦਲਿਤ ਭਾਈਚਾਰੇ ਦੇ ਹਿੱਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਉਪਰਾਲੇ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਨਿਵੇਕਲੇ ਉਪਰਾਲੇ ਲਈ ਸਮੁੱਚਾ ਦਲਿਤ ਭਾਈਚਾਰਾ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹੈ ਅਤੇ ਆਉਂਦੀਆਂ ਚੋਣਾਂ ਵਿਚ ਭਾਈਚਾਰੇ ਵੱਲੋਂ ਗਠਜੋੜ ਦੀ ਹਮਾਇਤ ਕਰਕੇ ਇਹ ਕਰਜ਼ ਲਾਇਆ ਜਾਵੇਗਾ। ਇਸ ਮੌਕੇ ਆਪਣੇ ਸੰਬੋਧਨ ਵਿਚ ਭਾਜਪਾ ਦੇ ਸੂਬਾ ਪ੍ਰਧਾਨ ਸ੍ਰੀ ਕਮਲ ਸ਼ਰਮਾ ਨੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਸ਼ਰਧਾਂਜਲੀ ਦਿੰਦਿਆਂ ਆਖਿਆ ਕਿ ਗੁਰੂ ਜੀ ਨੇ ਧਰਮ ਨਿਰਪੱਖ ਤੇ ਬਰਾਬਰੀ ਵਾਲੇ ਸਮਾਜ ਦਾ ਸੰਕਲਪ ਲਿਆ ਸੀ। ਉਨ੍ਹਾਂ ਕਿਹਾ ਕਿ ਕੇਂਦਰ ਦੀ ਐਨ.ਡੀ.ਏ ਸਰਕਾਰ ਅਤੇ ਸੂਬੇ ਦੀ ਅਕਾਲੀ-ਭਾਜਪਾ ਸਰਕਾਰ ਨੇ ਸਮਾਜ ਦੇ ਕਮਜ਼ੋਰ ਤਬਕਿਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਲੀਹੋਂ ਹਟਵੇਂ ਕਦਮ ਚੁੱਕੇ ਹਨ। ਸ੍ਰੀ ਸ਼ਰਮਾ ਨੇ ਕਿਹਾ ਕਿ ਸੂਬੇ ਵਿਚ ਕਈ ਯਾਦਗਾਰਾਂ ਦੀ ਸਥਾਪਨਾ ਕਰਕੇ ਮੁੱਖ ਮੰਤਰੀ ਨੇ ਪੰਜਾਬ ਦੇ ਅਮੀਰ ਵਿਰਸੇ ਦੇ ਪਾਸਾਰ ਲਈ ਨਿਵੇਕਲੀ ਪਹਿਲਕਦਮੀ ਕੀਤੀ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਵਿਖੇ ਨਤਮਸਤਕ ਹੋਏ।

ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਡਾ. ਚਰਨਜੀਤ ਸਿੰਘ ਅਟਵਾਲ, ਕੈਬਨਿਟ ਮੰਤਰੀ ਸ. ਸੋਹਣ ਸਿੰਘ ਠੰਡਲ ਤੇ ਸ. ਜਨਮੇਜਾ ਸਿੰਘ ਸੇਖੋਂ, ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮੁੱਖ ਸੰਸਦੀ ਸਕੱਤਰ ਸ੍ਰੀ ਪਵਨ ਕੁਮਾਰ ਟੀਨੂੰ, ਸ੍ਰੀ ਅਵਿਨਾਸ਼ ਚੰਦਰ, ਚੌਧਰੀ ਨੰਦ ਲਾਲ, ਸੰਤ ਬਲਬੀਰ ਸਿੰਘ ਘੁੰਨਸ, ਬੀਬੀ ਮਹਿੰਦਰ ਕੌਰ ਜੋਸ਼ ਤੇ ਸ੍ਰੀ ਸੋਮ ਪ੍ਰਕਾਸ਼, ਮੁੱਖ ਮੰਤਰੀ ਦੇ ਸਲਾਹਕਾਰ ਸ੍ਰੀ ਤੀਕਸ਼ਣ ਸੂਦ, ਵਿਧਾਇਕ ਹਲਕਾ ਗੜ੍ਹਸ਼ੰਕਰ ਸ. ਸੁਰਿੰਦਰ ਸਿੰਘ ਭੁਲੇਵਾਲ ਰਾਠਾਂ, ਵਿਧਾਇਕ ਸ. ਹਰਪ੍ਰੀਤ ਸਿੰਘ, ਬੀਬੀ ਜਗੀਰ ਕੌਰ, ਸ੍ਰੀ ਮਨੋਰੰਜਨ ਕਾਲੀਆ, ਸ. ਸਰਵਣ ਸਿੰਘ ਫਿਲੌਰ, ਬੀਬੀ ਸੁਖਜੀਤ ਕੌਰ ਸਾਹੀ ਤੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸ੍ਰੀ ਐਸ.ਕੇ. ਸੰਧੂ, ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ, ਪ੍ਰਮੁੱਖ ਸਕੱਤਰ ਸੈਰ ਸਪਾਟਾ ਸ੍ਰੀਮਤੀ ਅੰਜਲੀ ਭਾਵੜਾ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਸ੍ਰੀ ਕੇ.ਜੇ.ਐਸ. ਚੀਮਾ, ਦਲਿਤ ਭਲਾਈ ਬੋਰਡ ਦੇ ਚੇਅਰਮੈਨ ਸ੍ਰੀ ਵਿਜੈ ਦਾਨਵ, ਪੰਜਾਬ ਰਾਜ ਸਫਾਈ ਕਮਿਸ਼ਨ ਦੇ ਚੇਅਰਮੈਨ ਸ੍ਰੀ ਰਾਜ ਕੁਮਾਰ ਅਤੀਕਾਏ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਸ੍ਰੀ ਕੀਮਤੀ ਲਾਲ ਭਗਤ, ਡਿਪਟੀ ਕਮਿਸ਼ਨਰ ਸ੍ਰੀਮਤੀ ਅਨੰਦਿਤਾ ਮਿਤਰਾ, ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਕੇ.ਐਸ. ਚਾਹਲ ਅਤੇ ਯੂਥ ਅਕਾਲੀ ਦਲ ਦੇ ਦੋਆਬਾ ਜ਼ੋਨ ਦੇ ਪ੍ਰਧਾਨ ਸ. ਸਰਬਜੋਤ ਸਿੰਘ ਸਾਬੀ, ਯੂਥ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਰਵਿੰਦਰ ਠੰਡਲ ਤੋਂ ਇਲਾਵਾ ਹੋਰ ਵੀ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ।

ਚੱਲ ਨੀ ਜ਼ਿੰਦੀਏ ਚੱਲ ਉੱਥੇ ਚੱਲੀਏ ਜਿੱਥੇ ਦੂਖੀਆਂ ਦੂਖ ਮਿਟਾਏ,
ਛੂਹ ਲਵਾਂ ਉਸ ਧਰਤੀ ਨੂੰ ਜਿੱਥੇ ਚਰਨ ਗੁਰਾਂ ਨੇ ਪਾਏ।
1. ਗੁਰੂ ਰਵਿਦਾਸ ਦੀ ਛੋਹ ਪ੍ਰਾਪਤ, ਖੁਰਾਲਗੜ੍ਹ ਵਿਚ ਥਾਂ ਇਤਿਹਾਸਕ।
ਬੁੱਤਾਂ ਵਿਚ ਰੂਹਾਂ ਪਾ ਲਓ, ਪਾਰ ਉਤਾਰੇ ਹੋ ਜਾਣਗੇ।
ਆ ਜਾਓ ਚਰਨ ਗੰਗਾ ਵਿਚ ਨਾਹ ਲਓ, ਜੀ ਮੈਲ਼ ਮਨਾਂ ਦੀ ਲਾਹ ਲਓ
ਵਾਰੇ ਨਿਆਰੇ ਹੋ ਜਾਣਗੇ.......
2. ਚਰਨ ਗੰਗਾ ਵਿਚ ਨਾਹ ਕੇ ਭੱਠੀ ਰੂਹ ਨੂੰ ਸ਼ਾਂਤੀ ਮਿਲਦੀ,
ਰੰਗ ਮਜੀਠੀ ਚੜ੍ਹ ਜਾਂਦਾ ਚਾਅ ਪੂਰੀ ਹੁੰਦੀ ਦਿਲ ਦੀ।
ਸ਼ਰਧਾ ਨਾਲ ਡੁਬਕੀ ਲਾ ਲਓ, ਗੁਰੂ ਦਿਦਾਰੇ ਹੋ ਜਾਣਗੇ.......
ਆ ਜਾਓ ਚਰਨ ਗੰਗਾ ਵਿਚ ਨਾਹ ਲਓ, ਜੀ ਮੈਲ਼ ਮਨਾਂ ਦੀ ਲਾਹ ਲਓ
ਵਾਰੇ ਨਿਆਰੇ ਹੋ ਜਾਣਗੇ।
3. ਮਨ ਭਗਤੀ ਵਿਚ ਰੰਗਿਆ ਜਾਂਦਾ ਜੋ ਸ਼ਰਧਾ ਨਾਲ ਨਾਹਉਂਦਾ,
ਬੂੰਦ ਬੂੰਦ ਵਿਚ ਅੰਮ੍ਰਿਤ ਛੁਪਿਆ ਕਸ਼ਟਾਂ ਕੋਲੋਂ ਬਚਾਉਂਦਾ।
ਦੁਖ ਨੈਣਾਂ ਵਿਚ ਵਹਾ ਲਓ ਸੌ ਸਹਾਰੇ ਹੋ ਜਾਣਗੇ.......
ਆ ਜਾਓ ਚਰਨ ਗੰਗਾ ਵਿਚ ਨਾਹ ਲਓ, ਜੀ ਮੈਲ਼ ਮਨਾਂ ਦੀ ਲਾਹ ਲਓ
ਵਾਰੇ ਨਿਆਰੇ ਹੋ ਜਾਣਗੇ.......
4. ਲਾਲੋ ਮਜ਼ਾਰੇ ਪਿੰਡ ਵਾਲੇ ਪੰਮੀ ਦਾ ਸੰਗਤੇ ਕਹਿਣਾ,
ਗੁਰੂ ਰਵਿਦਾਸ ਦੀ ਇਹ ਨਿਸ਼ਾਨੀ, ਕੌਮ ਮੇਰੀ ਦਾ ਗਹਿਣਾ।
ਜਨਮਾਂ ਦੇ ਗੇੜ ਮੁਕਾ ਲਓ ਸੁਰਗ ਨਜ਼ਾਰੇ ਜੋ ਜਾਣਗੇ।
ਆ ਜਾਓ ਚਰਨ ਗੰਗਾ ਵਿਚ ਨਾਹ ਲਓ, ਜੀ ਮੈਲ਼ ਮਨਾਂ ਦੀ ਲਾਹ ਲਓ
ਵਾਰੇ ਨਿਆਰੇ ਹੋ ਜਾਣਗੇ.......

**ਪੰਮੀ ਲਾਲੋ ਮਜਾਰਾ**
**91-95011-43755**



# ਲੋਕ ਕਵੀ ਗੁਰਦਾਸ ਰਾਮ ਆਲਮ ਦੀ ਯਾਦ ਵਿੱਚ ਕਵੀ ਦਰਬਾਰ ਕਰਵਾਇਆ ਗਿਆ



























**ਗੋਰਾਇਆ, (ਰੇਸ਼ਮ ਕਰਨਾਣਵੀ)**- ਭਾਰਤ ਰਤਨ ਡਾ.ਬੀ.ਆਰ.ਅੰਬੇਦਕਰ ਮਿਸ਼ਨ ਅਤੇ ਕਵੀ ਦਰਬਾਰ ਕਮੇਟੀ ਜਲੰਧਰ ਪੰਜਾਬ ਵਲੋਂ 6ਵਾਂ ਕਵੀ ਦਰਬਾਰ ਲੋਕ ਕਵੀ ਗੁਰਦਾਸ ਰਾਮ ਆਲਮ ਦੀ ਯਾਦ ਵਿੱਚ ਕਨੇਡੀਅਨ ਹੋਟਲ ਗੋਰਾਇਆ ਵਿਖੇ ਕਰਵਾਇਆ ਗਿਆ। ਇਸ ਸ਼ਾਨਦਾਰ ਸਮਾਗਮ ਦਾ ਆਗਾਜ਼ ਕਮੇਟੀ ਦੇ ਚੇਅਰਮੈਨ ਲੈਫਟੀਨੈਂਟ ਕਰਨਲ ਸ਼ੰਕਰ ਸਿੰਘ ਸੇਵਾ ਮੁਕਤ ਵਲੋਂ ਆਏ ਹੋਏ ਸਾਹਿਤਕਾਰਾਂ, ਵਿਚਾਰਕਾਂ, ਚਿੰਤਕਾਂ ਅਤੇ ਹਾਜ਼ਰੀਨ ਦਾ ਸਵਾਗਤ ਕਰਦੇ ਹੋਏ ਕੀਤਾ। ਇਸ ਉਪਰੰਤ ਕਵੀ ਮਰਹੂਮ ਕਵੀ ਪ੍ਰੀਤਮ ਰਾਮਦਾਸਪੁਰੀ ਦੀ ਸਪੁੱਤਰੀ ਆਸ਼ਾ ਕਲੇਰ ਲੋਕ ਕਵੀ ਗੁਰਦਾਸ ਰਾਮ ਆਲਮ ਦੀ ਤਸਵੀਰ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਸ਼ਮ੍ਹਾ ਰੌਸ਼ਨ ਕਰਨ ਦੀ ਰਸਮ ਅਦਾ ਕੀਤੀ। ਇਸ ਸਮਾਗਮ ਵਿਚ ਮਰਹੂਮ ਚਿੰਤਕਾਂ, ਕਵੀਆਂ ਅਤੇ ਗੀਤਕਾਰਾਂ ਮੰਗੂਰਾਮ ਬਾਹੜੋਵਾਲੀਆ, ਚਰਨਦਾਰ ਨਿਧੜਕ, ਭਾਗ ਮੱਲ ਪਾਗਲ, ਪ੍ਰੀਤਮ ਰਾਮਦਾਸਪੁਰੀ, ਸੀ.ਐਲ.ਚੁੰਬਰ, ਮੋਹਣ ਬੰਗੜ, ਬਲਵੀਰ ਜਗਤਪੁਰੀ, ਪਰਮਜੀਤ ਗੋਸਲ, ਨਰਿੰਦਰ ਖੇਦੀ, ਗਿਰਧਾਰੀ ਲਾਲ ਸਿਮਕ ਨੂੰ ਵਿਸ਼ੇਸ਼ ਤੌਰ ਤੇ ਯਾਦ ਕੀਤਾ ਗਿਆ ਅਤੇ ਇਨ੍ਹਾਂ ਦੇ ਪਰਿਵਾਰਾਂ ਦਾ ਵਿਸ਼ੇਸ਼ ਮਾਣ ਸਤਿਕਾਰ ਕਰਦੇ ਹੋਏ ਸਨਮਾਨਤ ਕੀਤਾ ਗਿਆ। ਸਮਾਗਮ ਦੇ ਪਹਿਲੇ ਦੌਰ ਵਿੱਚ ਸਮਾਜਿਕ ਸਖ਼ਸ਼ੀਅਤਾਂ ਅਤੇ ਚਿੰਤਕਾਂ ਵਲੋਂ ਲੋਕ ਲਹਿਰਾਂ ਵਿਚ ਆਪਣੀਆਂ ਲਿਖਤਾਂ ਅਤੇ ਵਿਚਾਰਾਂ ਨਾ਼ਲ ਵਡਮੁੱਲਾ ਯੋਗਦਾਲ ਪਾਉਣ ਵਾਲੇ ਵਾਲੀਆਂ ਮਹਾਨ ਸਖ਼ਸ਼ੀਅਤਾਂ ਦੇ ਜੀਵਨ ਸਬੰਧੀ ਵਿਚਾਰ ਪੇਸ਼ ਕੀਤੇ। ਉਨ੍ਹਾਂ ਵਲੋਂ ਦਲਿਤ ਸਮਾਜ ਦੇ ਉਥਾਨ ਅਤੇ ਸਮਾਜਿਕ ਪ੍ਰੀਵਰਤਨ ਕਰਨ ਵਾਸਤੇ ਜੀਵਨ ਭਰ ਸੰਘਰਸ਼ ਕਰਨ ਵਾਲੇ ਭਾਰਤ ਰਤਨ ਬਾਵਾ ਸਾਹਿਬ ਡਾ. ਭੀਮ ਰਾਓ ਅੰਬੇਦਕਰ, ਮਹਾਨ ਗ਼ਦਰੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਉਨ੍ਹਾਂ ਦੇ ਜੀਵਨ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਹਨਾਂ ਬੁਲਾਰਿਆਂ ਵਿੱਚ ਜਸਵੀਰ ਬੰਗੜ ਗੜ੍ਹੀ ਕਾਨੂੰਗੋਆਂ, ਚਮਨ ਲਾਲ ਚਣਕੋਆ, ਡਾ.ਐਸ.ਐਲ. ਵਿਰਦੀ, ਸ਼੍ਰੀਮਤੀ ਸੰਤੋਸ਼ ਚੁੰਬਰ ਸੁਪਤਨੀ ਮਰਹੂਮ ਸੀ.ਐਲ.ਚੁੰਬਰ, ਅਸ਼ੋਕ ਸੰਧੂ, ਗੁਰਮੇਜ, ਬਲਦੇਵ ਪ੍ਰਕਾਸ਼, ਰਾਜਿੰਦਰ ਭਟੋਆ, ਪ੍ਰਵੀਨ ਬੰਗਾ ਅਤੇ ਪ੍ਰਿੰਸੀਪਲ ਆਰ.ਕੇ. ਲੂੰਮਰਾ ਸ਼ਾਮਲ ਹੋਏ। ਜਸਵੀਰ ਬੰਗੜ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਬਾਬੂ ਮੰਗੂਰਾਮ ਮੁੱਗੋਵਾਲੀਆ ਜੀ ਦੀ ਹੀ ਦੇਣ ਹੈ ਕਿ ਭਾਰਤ ਵਿਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਧਾਰਮਿਕ ਅਸਥਾਨ ਸਥਾਪਤ ਹੋਏ ਹਨ। ਉਨ੍ਹਾਂ ਵਲੋਂ ਦੁਆਬੇ ਵਿਚ ਚਲਾਈ ਗਈ ਆਦਿ-ਧਰਮ ਲਹਿਰ ਦੇ ਸਦਕਾ ਹੀ ਅੱਜ ਦਾ ਸਮਾਜਿਕ ਰੁਤਬਾ ਹਾਸਲ ਹੋਇਆ ਹੈ। ਇਸ ਸਮਾਗਮ ਦੌਰਾਨ ਕਮੇਟੀ ਵਲੋਂ ਦਲਿਤ ਲਹਿਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਸਖ਼ਸ਼ੀਅਤਾਂ ਦੀਆਂ ਤਸਵੀਰਾਂ ਵਾਲਾ ਸਮਜਿਕ ਚੇਤਨਾ ਨੂੰ ਸਮਰਪਤ ਯਾਦਗਾਰੀ ਕਲੰਡਰ ਜਾਰੀ ਕੀਤਾ ਗਿਆ। ਇਸ ਵਾਰ ਕਵੀ ਜਗਦੀਸ਼ ਰਾਣਾ ਨੂੰ ਲੋਕ ਕਵੀ ਗੁਰਦਾਸ ਰਾਮ ਆਲਮ ਐਵਾਰਡ ਨਾ਼ਲ ਨਿਵਾਜਿਆ ਗਿਆ। ਮਿਸ਼ਨਰੀ ਗਾਇਕਾ ਪ੍ਰੇਮ ਲਤਾ ਨੂੰ ਵੀ ਵਿਸ਼ੇਸ਼ ਸਨਮਾਨ ਨਾ਼ਲ ਨਿਵਾਜਿਆ ਗਿਆ। ਪਰਮਜੀਤ ਰਾਣੀ ਜਲੰਧਰ ਕੈਂਟ ਨੂੰ ਵੀ ਸਮਾਜਿਕ ਸੇਵਾਵਾਂ ਵਾਸਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਆਦਿ ਦੁਆਰ ਸਤਿਗੁਰ ਫਕੀਰ ਦਾਸ ਜੀ ਰੁੜਕੀ ਜਲੰਧਰ ਦੇ ਮੁੱਖ ਸੇਵਾਦਾਰ ਸੰਤ ਸੁਆਇਮ ਦਾਸ ਜੀ ਵੀ ਵਿਸ਼ੇਸ਼ ਤੌਰ ਤੇ ਪਧਾਰੇ। ਸਮਾਗਮ ਦੇ ਦੂਸਰੇ ਦੌਰ 'ਚ ਸੋਹਣ ਸਹਿਜਲ, ਵਿਜੇ ਬੀੜ ਬੰਸੀਆ, ਬਲਦੇਵ ਰਾਜ ਕੋਮਲ, ਆਰਿਫ਼ ਗੋਬਿੰਦਪੁਰੀ, ਰੱਤੂ ਰੰਧਾਵਾ, ਮੱਖਣ ਕ੍ਰਾਂਤੀ, ਸੋਢੀ ਰਾਣਾ, ਰੇਸ਼ਮ ਕਰਨਾਣਵੀ, ਜਗਦੀਸ਼ ਰਾਣਾ ਸੋਫੀ ਪਿੰਡ, ਅਸ਼ੋਕ ਚੁੰਬਰ, ਜਸਵਿੰਦਰ ਢੰਡਾ, ਪਰਦੀਪ ਰਾਜਾ, ਨਿਰਮਲ ਭੱਟੀ, ਸੁਨੀਤਾ ਮਹਿਮੀ, ਜ਼ੈਲਦਾਰ ਸਿੰਘ ਹਸਮੁੱਖ, ਧਰਮਪਾਲ ਪੈਂਥਰ, ਰਾਜੇਸ਼ ਕੈਂਥ ਅਤੇ ਮਿਸ਼ਨਰੀ ਗਾਇਕ ਬਲਵਿੰਦਰ ਬਿੱਟੂ ਨੇ ਆਪਣੀਆਂ ਸਮਾਜਿਕ ਜਾਗਰੂਕਤਾ ਤੇ ਵਿਸ਼ੇਸ਼ ਰਚਨਾਵਾਂ ਪੇਸ਼ ਕੀਤੀਆਂ। ਮਿਸ਼ਨਰੀ ਗਾਇਕਾ ਪ੍ਰੇਮ ਲਤਾ ਨੇ ਰੱਤੂ ਰੰਧਾਵਾ ਦੀਆਂ ਰਚਨਾ 'ਲਾਲ ਗੁਆਚੇ ਨਈਂ ਲੱਭਣੇ' ਪੇਸ਼ ਕੀਤੀ। ਸਮਾਗਮ ਦੇ ਅਖੀਰ ਵਿਚ ਸਮਾਗਮ ਵਿੱਚ ਸ਼ਾਮਲ ਹੋਏ ਮਰਹੂਮ ਕਵੀ ਸਾਹਿਬਾਨਾਂ ਦੇ ਪਰਿਵਾਰਕ ਮੈਂਬਰਾਂ, ਬੁਲਾਰਿਆਂ ਅਤੇ ਕਵੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਸਟੇਜ ਸਕੱਤਰ ਦੀ ਭੂਮਿਕਾ ਰੋਸ਼ਨ ਭਾਰਤੀ ਵਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਸਮਾਗਮ ਦੇ ਪ੍ਰਬੰਧਕਾਂ ਚੋਂ ਕਮੇਟੀ ਪ੍ਰਧਾਨ ਸ਼੍ਰੀ ਆਤਮਾ ਰਾਮ, ਜਨਰਲ ਸਕੱਤਰ ਰਵਿੰਦਰ ਭਟੋਆ, ਰੋਸ਼ਨ ਭਾਰਤੀ, ਐਡਵੋਕੇਟ ਬਲਦੇਵ ਪ੍ਰਕਾਸ਼ ਰੱਲ੍ਹ, ਰਜਿੰਦਰ ਭਟੋਆ, ਵਾਇਸ ਚੇਅਰਮੈਨ ਸੇਵਾ ਮੁਕਤ ਪ੍ਰਿੰਸੀਪਲ ਨਾਹਰ ਸਿੰਘ, ਇੰਦਰਜੀਤ ਲੰਗਾਹ ਲੁਧਿਆਣਾ, ਨਰਿੰਦਰ ਖੇਦੀ ਦੇ ਪਰਿਵਾਰ 'ਚੋਂ ਚੇਤਨ ਸਰੂਪ, ਚਰਨ ਦਾਸ ਨਿਧੜਕ ਦੇ ਪਰਿਵਾਰ ਚੋਂ ਅਸ਼ੋਕ ਕੁਮਾਰ, ਸੋਨੂੰ ਧੰਨੋਵਾਲੀ ਤੋਂ ਇਲਾਵਾ ਰਾਜਿੰਦਰ ਭਟੋਆ, ਕੁਮਾਰ ਜੀਵ ਚੁੰਬਰ, ਸ਼੍ਰੀਮਤੀ ਕੁਮਾਰ ਜੀਵ ਚੁੰਬਰ, ਜਨਸੰਗਰਾਮ ਚੁੰਬਰ ਅਤੇ ਪੱਤਰਕਾਰ ਕੁਲਦੀਪ ਬੰਗਾ ਹਾਜ਼ਰ ਸਨ।

# ਕਾਰਟਰੈਟ (ਨਿਊ ਜਰਸੀ) ਵਿਖੇ ਹੋਈ ਆਮ ਆਦਮੀ ਪਾਰਟੀ ਭਰਵੀਂ ਇਕੱਤਰਤਾ

ਕਾਰਟਰੈਟ **(ਹੁਸਨ ਲੜੋਆ ਬੰਗਾ)** ਨਿਊਜਰਸੀ ਦੇ ਸ਼ਹਿਰ ਕਾਰਟਰੈਟ ਵਿਖੇ ਆਮ ਆਦਮੀ ਪਾਰਟੀ ਦੀ ਇੱਕ ਭਰਵੀਂ ਇਕੱਤਰਤਾ 'ਨਾਟੀਟਸ ਆਫ ਕਲੰਬਸ' ਹਾਲ ਵਿਖੇ ਹੋਈ ਜਿਸ ਵਿੱਚ ਨਿਊਯਾਰਕ,ਨਿਊ ਜਰਸੀ ਅਤੇ ਪੈਨਸਲਵੇਨੀਆਂ ਦੇ ਪੰਜਾਬੀਆਂ ਸ਼ਾਮਿਲ ਹੋਏ।ਇਕੱਤਰਤਾ ਦੀ ਸਟੇਜ਼ ਦੀ ਕਾਰਵਾਈ ਕਾਰਟਰੈਟ ਐਜੂਕੇਸ਼ਨ ਬੋਰਡ ਦੇ ਮੈਂਬਰ ਸ. ਜਬਸੀਰ ਸਿੰਘ ਜੱਜ ਨੇ ਨਿਭਾਈ ਜਿਸ ਦੀ ਸ਼ੁਰੂਆਤ ਕਰਦਿਆਂ ਜਸਬੀਰ ਸਿੰਘ ਜੱਜ ਨੇ ਕਿਹਾ ਕਿਹਾ ਇਤਿਹਾਸ ਗਵਾਹ ਹੈ ਪਹਿਲਾਂ ਵੀ ਦੇਸ਼ ਨੂੰ ਅਜ਼ਾਦ ਕਰਾਉਣ ਦੀ ਲਹਿਰ ਅਮੈਰਿਕਾ ਦੀ ਧਰਤੀ ਤੋਂ ਹੀ ਸ਼ੁਰੂ ਕੀਤੀ ਗਈ ਸੀ ਤੇ ਹੁਣ ਵੀ ਅਮੈਰਿਕਾ ਵੱਸਦੇ ਪੰਜਾਬੀ ਆਪਣਾ ਯੋਗਦਾਨ ਪਾਉਣ ਤੋਂ ਪਿੱਛੇ ਨਹੀਂ ਰਹਿਣਗੇ।

ਇਸ ਇਕੱਤਰਤਾ ਦਾ ਅਗਾਜ਼ ਸਕਰੀਨ ਤੇ ਆਮ ਆਦਮੀ ਪਾਰਟੀ ਅਮੈਰਿਕਾ ਦੇ ਸਕੱਤਰ ਸ੍ਰੀ ਕਾਂਤ ਕੋਚਰਲਾਕੋਟਾ ਦੇ ਇਕੱਤਰਤਾ ਨੂੰ ਸੰਬੋਧਨ ਕਰਨ ਨਾਲ ਹੋਇਆ ਜਿਨਾਂ ਨੇ ਗੂਗਲ ਰਾਹੀਂ ਕੈਲੀਫੋਰਨੀਆਂ ਤੋਂ ਇਸ ਇਕੱਤਰਤਾ ਨੂੰ 15 ਕੁ ਮਿੰਟ ਲਈ ਸੰਬੋਧਨ ਕੀਤਾ।ਇਸ ਤੋਂ ਉਪਰੰਤ ਵਾਸ਼ਿੰਗਟਨ ਤੋਂ ਆਏ ਸ. ਮਨਮੀਤ ਸਿੰਘ ਜਿਹੜੇ ਪਹਿਲੇ ਵੀ ਸਮਾਜ ਸੇਵਾ ਦੇ ਕੰਮ ਕਰਦੇ ਸਨ ਅਤੇ 1984 ਦੇ ਦੁਖਾਂਤ ਨਾਲ ਸਬੰਧਤ ਡਾਕੂਮੈਂਟਰੀਆਂ ਵੀ ਬਣਾ ਚੁੱਕੇ ਹਨ ਅਤੇ ਲੰਬੇ ਸਮੇ ਤੋਂ ਆਮ ਆਦਮੀ ਪਾਰਟੀ ਨਾਲ ਜੁੜੇ ਹੋਏ ਹਨ ਉਹਨਾਂ ਨੇ ਪਾਰਟੀ ਲਈ ਕੀਤੇ ਗਏ ਕੰਮਾਂ ਅਤੇ ਆਪਣੇ ਤਜ਼ਰਬੇ ਸਾਂਝੇ ਕੀਤੇ ਕਿ ਪਿਛਲੇ ਸਮੇ 'ਚ ਉਹ ਕਿਸ ਤਰਾਂ ਪਾਰਟੀ ਲਈ ਕੰਮ ਕਰਦੇ ਰਹੇ ਹਨ। ਇਸ ਇਕੱਤਰਤਾ ਨੂੰ ਨਿਊਯਾਰਕ ਤੋਂ ਆਏ ਬਿੱਟੂ ਸਿੱਧੂ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਪੰਜਾਬ 'ਚ ਕਾਂਗਰਸ ਅਤੇ ਅਕਾਲੀ ਰਾਜ ਕੋਈ ਫਰਕ ਨਹੀਂ ਪਰ ਆਮ ਆਦਮੀ ਪਾਰਟੀ ਹੀ ਤਬਦੀਲੀ ਲਿਆ ਸਕਦੀ ਹੈ।

ਕਾਰਟਰੈਟ ਤੋਂ ਬਲਵਿੰਦਰ ਸਿੰਘ ਬਿੰਦਰ ਅਤੇ ਧਰਮ ਸਿੰਘ ਢੱਡਾ ਨੇ ਆਪਣੇ ਵਿਚਾਰ ਰੱਖੇ। ਨਿਊਯਾਰਕ ਤੋਂ ਜੈਕਸਨ ਹਾਈਟਸ ਮਰਚੈਂਟ ਅਸੋਸੀਏਸ਼ਨ ਦੇ ਆਗੂ ਸ੍ਰੀ ਅਸ਼ੋਕ ਕੁਮਾਰ ਨੇ ਵੀ ਇਕੱਤਰਤਾ ਨੂੰ ਸੰਬੋਧਨ ਕੀਤਾ। ਸਿੰਘ ਸਭਾ ਗੁਰਦੁਆਰਾ ਦੀ ਟਰੱਸਟ ਦੇ ਚੇਅਰਮੈਨ ਸ. ਪਿਆਰਾ ਸਿੰਘ ਨੇ ਆਮ ਆਦਮੀ ਪਾਰਟੀ ਦੀ ਇਕੱਤਰਤਾ ਨੂੰ ਚੰਗਾ ਉਪਰਾਲਾ ਦੱਸਦਿਆਂ ਕਿਹਾ ਕਿ ਸਾਨੂੰ ਆਪ ਪਾਰਟੀ ਨੂੰ ਵੱਧ ਤੋਂ ਵੱਧ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਸਿਸਟਮ ਨੂੰ ਸੁਧਾਰਿਆ ਜਾ ਸਕੇ।ਕਾਰਟਰੈਟ ਤੋਂ ਕੰਵਰਜੀਤ ਸਿੰਘ ਢੀਂਡਸਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਪੰਜਾਬ 'ਚ ਨਸ਼ਿਆਂ ਬਾਰੇ ਚਿੰਤਾਂ ਜ਼ਾਹਰ ਕਰਦਿਆਂ ਇਸ ਸਮੱਸਿਆ ਲਈ ਕੁਝ ਕਰਨ ਦੀ ਗੱਲ ਕੀਤੀ।

ਅਖੀਰ ਵਿੱਚ ਐਡੀਸਨ ਤੋਂ ਆਏ ਦੀਪਕ ਹਿਮਾਂਚੂ ਨੇ ਇਸ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਬਾਰੇ ਇੱਕ ਕਵਿਤਾ ਵੀ ਪੜ੍ਹ ਕੇ ਸੁਣਾਈ ਅਤੇ ਆਮ ਆਦਮੀ ਪਾਰਟੀ ਦੇ ਬੁਲਾਰੇ ਸ.ਸੁਖਪਾਲ ਸਿੰਘ ਖਹਿਰਾ ਦਾ ਪੋਸਟਰ ਵੀ ਜਾਰੀ ਕੀਤਾ ਗਿਆ ਜਿਹੜੇ 14 ਅਪ੍ਰੈਲ ਤੋਂ ਅਮੈਰਿਕਾ ਦੇ ਦੌਰੇ ਤੇ ਆ ਰਹੇ ਹਨ ਜਿਨਾਂ ਦੇ ਨਿਊਯਾਰਕ ਅਤੇ ਨਿਊਜਰਸੀ 'ਚ ਪ੍ਰੋਗਰਾਮ 39 ਅਪ੍ਰੈਲ ਅਤੇ 1 ਮਈ ਨੂੰ ਕਰਮਵਾਰ ਰੱਖੇ ਗਏ ਹਨ।

ਇਸ ਮੀਟਿੰਗ ਵਿੱਚ ਕਾਰਟਰੈਟ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਮੈਂਬਰ ਸ਼ਾਮਿਲ ਸਨ ਅਤੇ ਉਹ ਵੀ ਮੈਂਬਰ ਸ਼ਾਮਿਲ ਸਨ ਜਿਹੜੇ ਪਿਛਲੇ 3 ਕੁ ਸਾਲ ਤੋਂ ਸੋਸ਼ਲ ਮੀਡੀਏ ਰਾਹੀਂ ਆਮ ਆਦਮੀ ਪਾਰਟੀ ਲਈ ਸੇਵਾ ਕਰਦੇ ਆ ਰਹੇ ਹਨ। ਇਹ ਸਮਾਗਮ ਸਤਿਬੀਰ ਸਿੰਘ ਬਰਾੜ, ਧਰਮ ਸਿੰਘ ਢੱਡਾ, ਅਵਤਾਰ ਸਿੰਘ ਗਰੇਵਾਲ, ਬਿੱਟੂ ਅਤੇ ਜੀਤੀ ਗਰੇਵਾਲ ਦੇ ਸਹਿਯੋਗ ਨਾਲ ਨੇਪੜੇ ਚੜਿਆ।

## ਪੰਜਾਬ ਦੀ ਢਾਲ



ਤਰਲੋਚਨ ਸਿੰਘ ਦੁਪਾਲਪੁਰ
001-408-915-1268
Email : tdupalpuri@yahoo.com

ਲਈਏ ਸਿੱਖਿਆ ਖਾਧਿਆਂ ਧੋਖਿਆਂ ਤੋਂ
ਪਿਸਦੇ ਰਹੀਏ ਨਾ ਚੱਕੀ 'ਚ ਦਾਲ ਬਣਕੇ।
'ਮੁੱਲ' ਆਪਣਾ ਜਾਈਏਂ ਅਕਲ ਕਰਕੇ
ਲੁੱਟ ਹੋਈਏ ਨਾ 'ਮੁਫਤ ਦਾ ਮਾਲ' ਬਣਕੇ।
ਲੁੱਟਣ ਵਾਲਿਆਂ ਤਾਈਂ ਵੰਗਾਰੀਏ ਜੀ
ਛਾਤੀ ਤਾਣ ਕੇ 'ਕੱਠਿਆਂ ਪਾਲ ਬਣਕੇ।
ਉਸਨੂੰ ਸਬਕ ਸਿਖਾਣ ਦਾ ਸਮਾਂ ਆਇਆ
ਫਿਰਦਾ ਰਿਹਾ ਜੋ ਗੁਰੂ-ਅੰਟਾਲ ਬਣਕੇ।
ਸਾਡਾ 'ਰਾਗ' ਫਿਰ ਸੁਣੇ ਗਾ ਜੱਗ ਸਾਰਾ
ਆਉ ਵੱਜੀਏ ਸੋਹਣੀ ਸੁਰ-ਤਾਲ ਬਣਕੇ।
ਹੁਣ ਕਪਟੀਆਂ ਆਸਰੇ ਛੱਡੀਏ ਨਾ
ਖੜ੍ਹੀਏ 'ਆਪ' ਪੰਜਾਬ ਦੀ ਢਾਲ ਬਣਕੇ!

# ਡਾ. ਰਘਬੀਰ ਕੌਰ ਦਾ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਵਿਖੇ ਦਿੱਤਾ ਗਿਆ ਭਾਸ਼ਣ

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਵੱਲੋਂ ਮਨਾਏ ਗਏ ਗਦਰੀ ਬਾਬਿਆਂ ਦੇ ਮੇਲੇ ਦਰਮਿਆਨ ਡਾ. ਰਘਬੀਰ ਕੌਰ ਦੇ ਦਿੱਤੇ ਗਏ ਭਾਸ਼ਣ ਨੂੰ ਹੂ-ਬ-ਹੂ ਪੇਸ਼ ਕਰਨ ਦੀ ਕੀਤੀ ਜਾ ਰਹੀ ਇਕ ਕੋਸ਼ਿਸ਼:- *ਸੰਪਾਦਕ*

**ਸੇਵਾ ਦੇਸ਼ ਦੀਏ ਜਿੰਦੜੀਏ ਬੜੀ ਔਖੀ**
**ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।**
**ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਧਰਿਆ**
**ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।**

ਅੱਜ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ 16ਵਾਂ ਮੇਲਾ ਗਦਰੀ ਬਾਬਿਆਂ ਦਾ ਮਨਾ ਰਹੀ ਹੈ। ਇਹ ਮੇਲਾ ਲਾਹੌਰ ਸਾਜਿਸ਼ ਕੇਸ-2 ਦੇ ਗਦਰੀਆਂ ਨੂੰ ਸਮਰਪਿਤ ਹੈ। ਮੈਨੂੰ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਵੱਲੋਂ ਨੁਮਾਇੰਦੇ ਦੇ ਤੌਰ ਤੇ ਆਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜਦੋਂ ਅਸੀਂ ਇਸ ਅਮਰੀਕਾ ਦੀ ਧਰਤੀ ਦਾ ਇਤਿਹਾਸ ਪੜ੍ਹਦੇ ਸੀ ਤਾਂ ਸਾਡਾ ਖ਼ੂਨ ਖੌਲ ਉਠਦਾ ਸੀ, ਕਿਉਂਕਿ ਅੱਜ ਤੋਂ ਸੌ ਸਾਲ ਤੋਂ ਵੀ ਵੱਧ ਸਮਾਂ ਪਹਿਲਾਂ ਸਾਡੇ ਗਦਰੀ ਬਾਬੇ ਇਸ ਧਰਤੀ 'ਤੇ ਆਏ ਸੀ। ਇਸ ਧਰਤੀ ਨੂੰ ਚਰਨ ਛੋਹ ਪ੍ਰਾਪਤ ਹੈ ਸਾਡੇ ਉਸ ਗਦਰੀ ਬਾਬਿਆਂ ਦੀ ਜਿਹੜੇ ਗੁਲਾਮ ਹਿੰਦੋਸਤਾਨ ਵਿਚੋਂ ਰੋਜ਼ੀ ਰੋਟੀ ਦੀ ਖਾਤਰ ਇੱਥੇ ਆਏ ਸਨ। ਉਹਨਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਅਸੀਂ ਗੁਲਾਮ ਹਾਂ ਪਰ ਇਸ ਧਰਤੀ 'ਤੇ ਆ ਕੇ ਉਹਨਾਂ ਦੇ ਗੁਲਾਮੀ ਬਾਰੇ ਭਾਵ ਹੋਰ ਪਕੇਰੇ ਹੋ ਗਏ। ਮੈਂ ਇਸ ਪ੍ਰੋਗਰਾਮ ਵਿਚ ਆਏ ਫਰਿਜ਼ਨੋ ਦੇ ਸਾਰੇ ਸਰੋਤੇ, ਬੱਚੇ, ਬਜ਼ੁਰਗ, ਭੈਣਾਂ, ਵੀਰਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਇਸ ਧਰਤੀ 'ਤੇ ਪਹਿਲਾਂ ਆਏ ਗਦਰੀਆਂ ਨਾਲ ਬਹੁਤ ਭੈੜਾ ਵਰਤਾਓ ਕੀਤਾ ਜਾਂਦਾ ਸੀ। ਰੈਸਟੋਰੈਂਟਾਂ ਤੇ ਲਿਖਿਆ ਹੁੰਦਾ ਸੀ ਕਿ ਹਿੰਦੋਸਤਾਨੀਆਂ ਅਤੇ ਕੁੱਤਿਆਂ ਦੇ ਆਉਣ ਦੀ ਮਨਾਹੀ ਹੈ। ਜਦੋਂ ਇਕ ਇਨਸਾਨ ਨੂੰ ਕੁੱਤਾ ਕਿਹਾ ਜਾਵੇ ਤਾਂ ਉਹਦੇ ਮਨ 'ਤੇ ਕੀ ਬੀਤਦੀ ਹੈ। ਇਸ ਅਹਿਸਾਸ ਨੇ ਗਦਰੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਪ੍ਰੇਰਿਆ ਅਤੇ ਉਹਨਾਂ ਨੇ ਕੰਮਾਂ ਕਾਰਾਂ ਨੂੰ ਠੇਡੇ ਮਾਰ ਕੇ ਹਿੰਦੋਸਤਾਨ ਨੂੰ ਚਾਲੇ ਪਾਏ। ਵਤਨ ਨੂੰ ਚਾਲੇ ਪਾਉਣ ਤੋਂ ਪਹਿਲਾਂ ਉਹਨਾਂ ਨੇ ਗਦਰ ਪਾਰਟੀ ਦਾ ਗਠਨ ਕੀਤਾ ਤੇ ਜਿਹੜੀ ਪਹਿਲੀ ਜਥੇਬੰਦੀ ਬਣਾਈ ਵਧਾਈ ਦੇ ਪਾਤਰ ਜੇ ਤੁਸੀਂ ਕੈਲੇਫੋਰਨੀਆ ਦੇ ਵਾਸੀਓ ਉਹਦਾ ਗਠਨ ਇੱਥੇ ਕੈਲੇਫੋਰਨੀਆ ਵਿਚ ਹੋਇਆ ਸੀ। ਬਾਬਾ ਜਵਾਲਾ ਸਿੰਘ ਦਾ ਫਾਰਮ, ਗਦਰ ਪਾਰਟੀ ਦਾ ਯੁਗਾਂਤਰ ਕੁਰਬਾਨੀਆਂ ਦੇਣ ਵਿਚ ਡੱਟਕੇ ਰਹੇ ਆ। ਅਸੀਂ ਸ਼ਤਾਬਦੀ ਵਰ੍ਹਾ ਮਨਾ ਰਹੇ ਆਂ ਲਾਹੌਰ ਸਾਜਿਸ਼ ਕੇਸ ਦਾ। ਇਸ ਕੇਸ ਵਿਚ ਪੰਜ ਗਦਰੀਆਂ ਨੂੰ ਫਾਂਸੀ ਲੱਗੀ। ਇਸ ਵਰ੍ਹੇ ਦੇ ਸਾਡੇ ਕੋਲ 23 ਸ਼ਹੀਦ ਨੇ, ਜਿਹਨਾਂ ਨੂੰ ਫਾਂਸੀਆਂ ਲੱਗੀਆਂ। ਇਹ ਵਰ੍ਹਾ ਹੈ ਸੋਹਣ ਲਾਲ ਪਾਠਕ ਦਾ ਜਿਹਨੂੰ ਪੰਡਤ ਦੇ ਨਾਂ ਨਾਲ ਜਾਣਿਆ ਜਾਂਦਾ। ਇੱਥੇ ਮੈਂ ਗੱਲ ਕਰਾਂਗੀ ਕਿ ਜਦੋਂ ਸੋਹਣ ਲਾਲ ਪਾਠਕ ਨੂੰ ਫਾਂਸੀ ਹੋਣ ਲੱਗੀ, ਉਹਨਾਂ ਨੂੰ ਬਰਮਾ ਸਾਜਿਸ਼ ਕੇਸ ਵਿਚ ਫਾਂਸੀ ਲੱਗੀ ਸੀ ਤੇ ਉਦੋਂ ਬਰਮਾ ਦਾ ਗਵਰਨਰ ਉਹਨਾ ਕੋਲ ਖੁਦ ਆਇਆ, ਕਹਿਣ ਲੱਗਾ- ਸੋਹਣ ਲਾਲ ਜੇ ਤੂੰ ਮਾਫੀ ਮੰਗ ਲਵੇਂ ਤਾਂ ਫਾਂਸੀ ਤੋਂ ਬਚ ਸਕਦਾ ਹੈਂ। ਸੋਹਣ ਲਾਲ ਪਾਠਕ ਨੇ ਪਤਾ ਕੀ ਕਿਹਾ- "ਮਾਫੀ ਅੰਗਰੇਜ਼ਾਂ ਨੂੰ ਮੰਗਣੀ ਚਾਹੀਦੀ ਹੈ, ਜਿਹਨਾਂ ਨੇ ਸਾਡੇ 'ਤੇ ਬੇਤਹਾਸ਼ਾ ਜ਼ੁਲਮ ਕੀਤੇ ਹਨ। ਅਸੀਂ ਮਾਫੀ ਕਿਉਂ ਮੰਗੀਏ?'' ਇੱਥੇ ਮਾਣ ਮਹਿਸੂਸ ਹੁੰਦਾ ਹੈ ਕਿ ਜਦੋਂ ਫਾਂਸੀਆਂ ਹੋਈਆਂ ਤਾਂ ਇਕ ਵੀ ਗਦਰੀ ਨੇ ਮਾਫੀ ਨਹੀਂ ਮੰਗੀ। ਹੱਸ ਹੱਸ ਕੇ ਫਾਂਸੀਆਂ ਦੇ ਰੱਸੇ ਚੁੰਮੇ ਆ। ਜਦੋਂ ਅਸੀਂ ਇਤਿਹਾਸ ਪੜ੍ਹਦੇ ਹਾਂ ਤਾਂ ਸਾਨੂੰ ਇਹੋ ਜਿਹੀਆਂ ਉਦਾਹਰਣਾਂ ਮਿਲਦੀਆਂ ਹਨ, ਜਿਸ ਤੇ ਔਰਤ ਜਾਤੀ ਨੂੰ ਮਾਣ ਮਹਿਸੂਸ ਹੋਣਾ ਚਾਹੀਦਾ ਹੈ। ਮੈਂ ਪੜ੍ਹ ਰਹੀ ਸੀ 1915 ਈ: ਵਿਚ 110 ਗਦਰੀਆਂ ਦੀਆਂ ਸ਼ਹੀਦੀਆਂ ਹੋਈਆਂ। ਇਹਨਾਂ ਵਿਚ ਅਰਜਨ ਸਿੰਘ ਖੁਖਰਾਣਾ ਦੀ ਸ਼ਹੀਦੀ ਆ। ਕਿਹਾ ਜਾਂਦਾ ਹੈ ਕਿ ਜਦੋਂ ਅਰਜਨ ਸਿੰਘ ਖੁਖਰਾਣਾ ਨੂੰ ਫਾਂਸੀ ਹੋਈ ਤਾਂ ਉਸਦੀ ਮਾਤਾ ਉਸਨੂੰ ਮਿਲਣ ਆਈ ਕਹਿਣ ਲੱਗੀ ਕਿ ਪੁੱਤ ਤੂੰ ਦੇਸ਼ ਲਈ ਕੰਮ ਤਾਂ ਬਹੁਤ ਚੰਗਾ ਕੀਤਾ। ਹੁਣ ਸਮਾਂ ਆ ਗਿਆ ਜਦੋਂ ਅਸੀਂ ਵਿਛੜ ਜਾਣਾ ਹੈ। ਪੁੱਤ ਨੇ ਪਤਾ ਮਾਂ ਨੂੰ ਕੀ ਕਿਹਾ- ਰੋਇਆ ਨਹੀਂ, ਕਹਿੰਦਾ ਮਾਂ ਬੰਬ ਬਣਾਉਣ ਦਾ ਨੁਸਖਾ ਤੈਨੂੰ ਮੈਂ ਦੱਸ ਦਿੰਦਾ। ਤੂੰ ਬੰਬ ਬਣਾ। ਡੀ. ਸੀ. ਦੇ ਸਿਰ ਵਿਚ ਮਾਰ, ਫਿਰ ਤੈਨੂੰ ਫਾਂਸੀ ਹੋ ਜਾਵੇਗੀ ਤੇ ਅਸੀਂ ਮਾਂ-ਪੁੱਤ ਇਕੱਠੇ ਹੋ ਜਾਵਾਂਗੇ। ਇਹ ਹੈ ਸਾਡੇ ਗਦਰੀਆਂ ਦਾ ਇਤਿਹਾਸ। ਜੇ ਅਸੀਂ ਇਹਨਾਂ ਦੀਆਂ ਕੁਰਬਾਨੀਆਂ 'ਤੇ ਮਾਣ ਨਾ ਕਰੀਏ ਤਾਂ ਇਹ ਸਾਡਾ ਕਸੂਰ ਆ। ਜਿੱਥੋਂ ਤੱਕ ਮੁਸਲਮਾਨ ਭਾਈਚਾਰੇ ਦਾ ਸਵਾਲ ਆ, ਮੈਂ ਕਹਿੰਦੀ ਹਾਂ ਇਤਿਹਾਸ ਕਹਿੰਦਾ ਹੈ ਕਿ ਜਿਹੜੇ ਸਾਡੇ ਸਭ ਤੋਂ ਪਹਿਲਾਂ ਸ਼ਹੀਦ ਹੋਣ ਵਾਲੇ ਆ, ਉਹ ਸੀ ਸਿੰਗਾਪੁਰ ਦੀ ਬਗਾਵਤ ਦੇ 41 ਸ਼ਹੀਦ। ਇਹਨਾਂ ਨੂੰ ਗੋਲੀ ਨਾਲ ਉਡਾ ਦਿੱਤਾ ਗਿਆ, ਚਾਰ ਫੌਜੀਆਂ ਨੂੰ ਪਬਲਿਕ ਦੇ ਹੈ, ਜਿਹੜੀ ਲੋਕਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਮਾਣ ਮਹਿਸੂਸ ਕਰ ਰਹੀ ਆ। ਮੈਂ ਵਧਾਈ ਦੇਵਾਂਗੀ ਕਿ ਇਸ ਸੰਸਥਾ ਨੂੰ ਤੇ ਸਮੂਹ ਹਿੰਦੋਸਤਾਨੀਆਂ ਨੂੰ, ਵਿਸ਼ੇਸ਼ ਤੌਰ ਤੇ ਪੰਜਾਬੀਆਂ ਨੂੰ ਇਹਨਾਂ ਬੱਚਿਆਂ ਦੇ ਮਾਪਿਆਂ ਨੂੰ, ਜਿਹਨਾਂ ਨੇ ਬੱਚਿਆਂ ਨੂੰ ਇਸ ਪਾਸੇ ਲਾਇਆ ਹੈ। ਕਿਉਂਕਿ ਇਹਨਾਂ ਬੱਚਿਆਂ ਨੇ ਸਾਡਾ ਭਵਿੱਖ ਬਣਨਾ ਹੈ। ਮੈਂ ਇੰਗਲੈਂਡ, ਕੈਨੇਡਾ ਦੀ ਧਰਤੀ 'ਤੇ ਵੀ ਗਈ ਆਂ। ਪਰ ਜੋ ਅੱਜ ਇੱਥੇ ਫਰਿਜ਼ਨੋ ਦੀ ਧਰਤੀ 'ਤੇ ਪੰਜਾਬੀ ਵਿਰਸੇ ਦੀ ਝਲਕ ਦਿੱਖ ਰਹੀ ਹੈ, ਉਹ ਕਿਤੇ ਨੀ ਦੇਖੀ।

ਜਦੋਂ ਅਸੀਂ ਗਦਰੀਆਂ ਦੀ ਸ਼ਤਾਬਦੀ ਦੀ ਗੱਲ ਕਰ ਰਹੇ ਆਂ, ਜਿਹੜੇ ਲਾਹੌਰ ਸਾਜਿਸ਼ ਕੇਸ ਅਧੀਨ ਫਾਂਸੀ ਲੱਗੇ, ਜਦੋਂ ਇਹ ਗਦਰੀ ਹਜ਼ਾਰੀ ਬਾਗ ਜੇਲ੍ਹ ਵਿਚ ਸੀ, ਪਹਿਲਾਂ ਇਹ ਅੰਡੇਮਾਨ ਜੇਲ੍ਹ ਵਿਚ ਰਹੇ। ਇਹ ਘਟਨਾ ਸੁਣਾ ਕੇ ਮੈਂ ਤੁਹਾਡੇ ਨਾਲ ਗੱਲ ਸਮਾਪਤ ਕਰਾਂਗੀ। ਜਿਹਨਾਂ ਦੀ ਅਸੀਂ ਸ਼ਤਾਬਦੀ ਮਨਾ ਰਹੇ ਆਂ, ਇਹ ਉਹਨਾਂ ਦੀ ਗੱਲ ਆ। ਗੁਟਕੇ ਪਰਨੇ ਉਹਨਾਂ ਕੋਲੋਂ ਪਹਿਲਾਂ ਖੋਹ ਲਏ, ਕਹਿਰ ਦਾ ਉਹਨਾਂ 'ਤੇ ਜ਼ੁਲਮ ਢਾਹਿਆ। ਬਾਬਾ ਹਰਨਾਮ ਸਿੰਘ ਕਾਲੇ ਸੰਘਿਆਂ ਇਸ ਕੇਸ ਵਿਚ ਕੈਦੀ ਸੀ, ਉਹ ਦੱਸਦਾ ਕਿ ਜੇਲ੍ਹ ਵਿਚ ਸਾਨੂੰ ਬਹੁਤ ਤੰਗ ਕੀਤਾ ਜਾਂਦਾ ਸੀ ਤਾਂ ਅਸੀਂ ਸੋਚਿਆ ਕਿ ਜਾਂ ਕੁਛ ਕਰ ਮਰੋ ਤੇ ਜਾਂ ਇੱਥੋਂ ਭੱਜ ਤੁਰੋ। ਭੱਜਣ ਦਾ ਤਰੀਕਾ ਇਕੋ ਈ ਸੀ ਕਿ ਜੇਲ੍ਹ ਤੋੜੋ ਤੇ ਬਾਹਰ ਜਾਓ। 9 ਮਾਰਚ ਦੀ ਰਾਤ ਨੂੰ ਉਹਨਾਂ ਨੇ ਜੇਲ੍ਹ ਤੋੜਨ ਦਾ ਮਨ ਬਣਾ ਲਿਆ। ਇੱਥੇ ਇਹਨਾਂ ਨੇ ਇਕ ਕੋਡ ਵਰਤਿਆ-''ਪਾਠ ਕਰੋ'' ਜਦੋਂ ਉਹਨਾਂ ਨੇ ਕੋਈ ਇਹੋ ਜਿਹਾ ਕੰਮ ਕਰਨਾ ਤਾਂ ਕੋਈ ਨਾ ਕੋਈ ਕੋਡ ਵਰਤਦੇ ਸਨ।

ਇਸ ਤਰ੍ਹਾਂ ਉਹਨਾਂ ਦਾ ਰੌਲਾ ਬਾਹਰ ਤੱਕ ਨਹੀਂ ਸੀ ਪਹੁੰਚਦਾ ਤੇ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਜਾਂਦੇ ਸਨ। ਜਦੋਂ ਗਦਰੀ ਪਾਠ ਕਰ ਰਹੇ ਸੀ ਤਾਂ ਜੇਲ੍ਹ ਦਾ ਗਾਰਡ ਭੱਜਾ ਭੱਜਾ ਜੇਲ੍ਹ ਵਾਰਡਨ ਕੋਲ ਗਿਆ ਤੇ ਕਹਿਣ ਲੱਗਾ ਕਿ ਉਹ ਜਿਹੜੇ ਕੈਦੀ ਆ ਉਹ ਫਿਰ ਅੱਜ ਭੱਜਣ ਵਾਲਾ ਮੰਤਰ ਪੜ੍ਹ ਰਹੇ ਆ। ਉਧਰ ਹੁਕਮ ਕੀ ਹੋਇਆ ਕਿ ਜਿਹੜੇ ਗਾਰਡ ਡਿਊਟੀ ਤੇ ਖੜ੍ਹੇ ਹਨ, ਉਹਨਾਂ ਦੀਆਂ ਰਫਲਾਂ ਅਸਲੇ ਖਾਨੇ ਵਿਚ ਜਮ੍ਹਾ ਕਰਵਾ ਦਿੱਤੀਆਂ ਜਾਣ। ਤਾਂ ਕਿ ਦੌੜਦੇ ਹੋਏ ਗਦਰੀ ਇਹਨਾਂ ਦੀਆਂ ਰਫਲਾਂ ਨਾ ਲੈ ਜਾਣ। ਮੈਂ ਦੱਸਣਾ ਚਾਹੁੰਨੀ ਹਾਂ ਕਿ ਗਦਰੀਆਂ ਨੇ ਜਿੱਥੇ ਜ਼ੁਲਮ ਸਹੇ ਆ ਉਥੇ ਹੌਸਲਾ ਨੀ




ਉਸ ਕੁਰਬਾਨੀ ਨਾਲ ਸਾਨੂੰ ਸਦਾ ਜੁੜਨਾ ਚਾਹੀਦਾ ਹੈ। ਇੱਥੋਂ ਜਦੋਂ ਆਹ ਮੇਲਾ ਮਨਾਇਆ ਜਾ ਰਿਹਾ ਹੈ, ਜਦੋਂ ਅਸੀਂ ਸ਼ਰਧਾ ਦੇ ਫੁੱਲ ਗਦਰੀਆਂ ਨੂੰ ਭੇਂਟ ਕਰਦੇ ਹਾਂ, ਉਹਨਾਂ ਦੀ ਕੁਰਬਾਨੀ ਨੂੰ ਯਾਦ ਕਰਦੇ ਹਾਂ। ਕੀ ਜਿਸ ਉਦੇਸ਼ ਲਈ ਗਦਰੀਆਂ ਨੇ ਕੁਰਬਾਨੀ ਦਿੱਤੀ ਸੀ, ਉਹ ਪੂਰਾ ਹੋ ਗਿਆ। ਉਹ ਉਦੇਸ਼ ਸੱਚੀਂ ਅਜੇ ਪੂਰਾ ਨਹੀਂ ਹੋਇਆ। ਅੰਤ ਤੇ ਮੈਂ ਇਕ ਵਾਰ ਫਿਰ ਧੰਨਵਾਦ ਕਰਦੀ ਹਾਂ, ਜਿਹਨਾਂ ਨੇ ਮੈਨੂੰ ਇੰਨੀ ਦੇਰ ਸੁਣਿਆ ਧੰਨਵਾਦ ਕਰਦੀ ਹਾਂ, ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦਾ, ਜਿਹਨਾਂ ਨੇ ਮੈਨੂੰ ਮੌਕਾ ਦੇ ਕੇ ਤੁਹਾਡੇ ਰੂ-ਬ-ਰੂ ਕੀਤਾ। ਅਜੇ ਬਹੁਤ ਸਾਰੀਆਂ ਥਾਵਾਂ ਹਨ, ਜਿਹੜੀਆਂ ਮੈਂ ਦੇਖਣ ਜਾਣਾ ਹੈ। ਅਸੀਂ ਗਦਰੀਆਂ ਦੇ ਸੰਦੇਸ਼ ਨੂੰ ਨਾਲ ਲੈ ਕੇ ਜਾਣਾ ਹੈ, ਉਸਨੂੰ ਪੁਨਰ ਸੁਰਜੀਤ ਕਰਨਾ ਹੈ।

**ਤੁਹਾਡਾ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ**







ਆਸ਼ਰਮ ਇੱਥੇ ਹੈ, ਜਿਹੜਾ ਪਹਿਲਾਂ ਗੁਰਦੁਆਰਾ ਬਣਾਇਆ, ਉਹ ਇਸ ਧਰਤੀ ਦੇ ਉਤੇ ਹੈ। ਤੁਸੀਂ ਅੱਜ ਸਾਰੇ ਜੋ ਸੌਖਾ ਸਾਹ ਲੈ ਰਹੇ ਹੋ, ਉਹ ਸਾਰਾ ਇਹਨਾਂ ਗਦਰੀਆਂ ਦੀ ਬਦੌਲਤ ਹੈ। ਉਹ ਸਾਰੇ ਹਿੰਦੋਸਤਾਨ ਨੂੰ ਚਾਲੇ ਪਾ ਗਏ ਕਿ ਅਸੀਂ ਦੇਸ਼ ਆਜ਼ਾਦ ਕਰਾਉਣਾ ਹੈ। ਹਾਲੇ ਉਹਨਾਂ ਨੇ ਹਿੰਦੋਸਤਾਨ ਦੀ ਧਰਤੀ ਤੇ ਪੈਰ ਨਹੀਂ ਸੀ ਪਾਇਆ। ਜਦੋਂ ਉਹਨਾਂ ਵਿਚੋਂ ਸੈਂਕੜਿਆਂ ਨੂੰ ਗ੍ਰਿਫਤਾਰ ਕਰਕੇ ਫਾਂਸੀ ਚੜ੍ਹਾ ਦਿੱਤਾ ਗਿਆ, ਜੇਲ੍ਹਾਂ 'ਚ ਡੱਕ ਦਿੱਤਾ ਗਿਆ। ਕਾਲੇ ਪਾਣੀ ਭੇਜਿਆ ਗਿਆ ਤੇ ਪਿੰਡ ਵਿਚ ਜੂਹ ਬੰਦ ਕਰ ਦਿੱਤੀ ਗਈ। ਦੇਸ਼ ਨੂੰ ਆਜ਼ਾਦ ਕਰਾਉਣ ਦਾ ਤਾਂ ਹੋਰ ਜਥੇਬੰਦੀਆਂ ਨੇ ਵੀ ਨਾਅਰਾ ਲਾਇਆ ਹੋਵੇਗਾ ਪਰ ਗਦਰ ਪਾਰਟੀ ਪਹਿਲੀ ਪਾਰਟੀ ਹੈ, ਜਿਸਨੇ ਦੇਸ਼ ਦੀ ਆਜ਼ਾਦੀ ਦੇ ਨਾਲ ਨਾਲ ਸਾਂਝੀਵਾਲਤਾ, ਸਮਾਨਤਾ ਦਾ ਨਾਅਰਾ ਲਾਇਆ। ਉਹਨਾਂ ਦਾ ਉਦੇਸ਼ ਸੀ ਕਿ ਅਸੀਂ ਇਕੋ ਜਿਹੇ ਸਮਾਜ ਦੀ ਸਥਾਪਨਾ ਕਰਨੀ ਹੈ, ਜਿੱਥੇ ਹਰ ਇਕ ਲਈ ਰੁਜ਼ਗਾਰ ਹੋਵੇ, ਜਾਤ-ਪਾਤ ਦੀ ਕੋਈ ਥਾਂ ਨਾ ਹੋਵੇ। ਧਰਮ ਦੇ ਬਾਰੇ ਗਦਰੀਆਂ ਦਾ ਬੜਾ ਸਪੱਸ਼ਟ ਨਜ਼ਰੀਆ ਸੀ। ਉਹਨਾਂ ਕਿਹਾ ਸੀ ਕਿ ਸਾਡੇ ਸੰਵਿਧਾਨ ਦੇ ਵਿਚ ਜਾਂ ਮੀਟਿੰਗ ਵਿਚ ਧਰਮ ਬਹਿਸ ਦਾ ਮੁੱਦਾ ਨਹੀਂ ਹੋਵੇਗਾ। ਧਰਮ ਸਾਡਾ ਹਮੇਸ਼ਾ ਨਿੰਜੀ ਮੁੱਦਾ ਹੋਵੇਗਾ। ਮੈਂ ਤੁਹਾਨੂੰ ਇੱਥੇ ਉਦਾਹਰਣਾਂ ਦੇਣੀਆਂ ਚਾਹਾਂਗੀ ਜਦੋਂ ਬਾਬਾ ਸੋਹਣ ਸਿੰਘ ਭਕਨਾ ਫਿਲੌਰ ਦੀ ਜੇਲ੍ਹ ਵਿਚ ਕੈਦ ਸੀ ਤਾਂ ਉਹਨਾਂ ਨੂੰ ਪੱਗ ਅਤੇ ਕਛਹਿਰੇ ਦੇ ਮੁੱਦੇ 'ਤੇ ਭੁੱਖ ਹੜਤਾਲ ਕਰਨੀ ਪਈ। ਜੇਲ੍ਹਾਂ ਵਿਚ ਉਹਨਾਂ ਨਾਲ ਬਹੁਤ ਮਾੜਾ ਵਿਹਾਰ ਕੀਤਾ ਜਾਂਦਾ ਸੀ। ਕਾਲੇ ਪਾਣੀ ਦੀਆਂ ਜੇਲ੍ਹਾਂ ਵਿਚ ਉਹਨਾਂ ਨੂੰ ਪਿੰਜਰੇ ਵਿਚ ਬੰਦ ਕੀਤਾ ਜਾਂਦਾ ਸੀ। ਸਰਦੀਆਂ ਵਿਚ ਠੰਡੇ ਪਾਣੀ ਵਿਚ ਗੋਤੇ ਦਿੱਤੇ ਜਾਂਦੇ ਸਨ। ਫਿਰ ਉਹਨਾਂ ਨੂੰ ਜਿਸ ਪਿੰਜਰੇ ਵਿਚ ਬੰਦ ਕੀਤਾ ਜਾਂਦਾ ਸੀ, ਉਹਨਾਂ ਨੂੰ ਉਥੇ ਹੀ ਰੋਟੀ ਤੇ ਟੱਟੀ ਪਿਸ਼ਾਬ ਕਰਨਾ ਪੈਂਦਾ ਸੀ। ਮੈਂ ਗੱਲ ਕਰ ਰਹੀ ਸੀ ਬਾਬਾ ਸੋਹਣ ਸਿੰਘ ਭਕਨਾ ਦੀ ਜੇਲ੍ਹ ਹੜਤਾਲ ਬਾਰੇ। ਉਹਨਾਂ ਨੂੰ ਜੇਲ੍ਹ ਵਿਚ ਪੱਗ ਦੀ ਥਾਂ ਤੇ ਟੋਪੀਆਂ ਪਹਿਨਣ ਲਈ ਦਿੱਤੀਆਂ ਜਾ ਰਹੀਆਂ ਸਨ। ਭਾਈ ਪਰਮਾਨੰਦ ਹੋਰੀਂ ਵੀ ਹੜਤਾਲ ਵਿਚ ਸ਼ਾਮਲ ਹੋ ਗਏ। ਬਾਬੇ ਭਕਨੇ ਨੇ ਕਿਹਾ ਕਿ ਭਾਈ ਤੁਸੀਂ ਤਾਂ ਪੱਗ ਨਹੀਂ ਬੰਨ੍ਹਦੇ ਫਿਰ ਤੁਸੀਂ ਹੜਤਾਲ ਵਿਚ ਕਿਉਂ ਸ਼ਾਮਲ ਹੋ ਗਏ ਹੋ। ਭਾਈ ਪਰਮਾਨੰਦ ਨੇ ਜਵਾਬ ਦਿੱਤਾ -ਉਪੱਗ ਦਾ ਮਸਲਾ ਸਿੱਖਾਂ ਦਾ ਮਸਲਾ ਨਹੀਂ। ਇਹ ਹਿੰਦੋਸਤਾਨ ਦੀ ਪੱਗ ਦੇ ਮਸਲੇ ਦਾ ਸਵਾਲ ਹੈ। ਇਸ ਕਰਕੇ ਅਸੀਂ ਤੁਹਾਡੇ ਨਾਲ ਹੜਤਾਲ ਵਿਚ ਸ਼ਾਮਲ ਹੋਵਾਂਗੇ।''

ਅਸੀਂ ਕੁਰਬਾਨੀਆਂ ਦੀ ਗੱਲ ਕਰੀਏ ਚਾਹੇ ਹਿੰਦੂ, ਸਿੱਖ, ਮੁਸਲਮਾਨ ਗਿਣਤੀ ਵਿਚ ਵੱਧ ਘੱਟ ਹੋ ਸਕਦੇ ਹਨ ਪਰ ਸਾਹਮਣੇ ਫਾਂਸੀ ਦਿੱਤੀ ਗਈ। ਕੋਈ ਘਬਰਾਇਆ ਨਹੀਂ, ਕਿਸੇ ਨੇ ਮਾਫੀ ਨਹੀਂ ਮੰਗੀ। ਸੀਨਾ ਤਾਣ ਕੇ ਗੋਲੀਆਂ ਖਾਧੀਆਂ। ਮੈਂ ਇਕ ਹੋਰ ਉਦਾਹਰਣ ਦੇਣਾ ਚਾਹੁੰਦੀ ਹਾਂ, ਜਿਹੜੀ ਇਸ ਗੱਲ ਨਾਲ ਜੁੜਦੀ ਆ। 23 ਨੰਬਰ ਰਸਾਲਾ ਜਿਹੜੀ ਪਿਛਲੇ ਸਾਲ ਅਸੀਂ ਸ਼ਤਾਬਦੀ ਮਨਾਈ ਆ, ਇਹਦੇ 12 ਫੌਜੀਆਂ ਦਾ ਕੋਰਟ ਮਾਰਸ਼ਲ ਕਰਕੇ ਫਾਂਸੀ ਤੇ ਲਟਕਾਇਆ ਗਿਆ ਸੀ। ਇਹਨਾਂ ਵਿਚੋਂ 11 ਸਿੱਖ ਸੀ, ਇਕ ਮੁਸਲਮਾਨ ਸੀ। ਮੁਸਲਮਾਨ ਦਾ ਨਾਂ ਅਬਦੁੱਲਾ ਸੀ। ਜਦੋਂ ਇਹਨਾਂ ਨੂੰ ਫਾਂਸੀ ਲੱਗਣ ਲੱਗੀ ਤਾਂ ਸਾਰੇ ਇਕ ਲਾਈਨ ਵਿਚ ਖੜ੍ਹੇ ਸਨ। ਭਾਈ ਲਛਮਣ ਸਿੰਘ ਲੇਸੜੀਵਾਲ ਕਹਿਣ ਲੱਗਾ- ਅਬਦੁੱਲਾ ਤੂੰ ਵਾਅਦਾ ਮਾਫ ਗਵਾਹ ਬਣ ਜਾ। ਫਿਰ ਤੈਨੂੰ ਫਾਂਸੀ ਨਹੀਂ ਲੱਗ ਸਕਦੀ। 11 ਜਣੇ ਫਾਂਸੀ ਚੜ੍ਹ ਜਾਵਾਂਗੇ। ਅਬਦੁੱਲਾ ਕਹਿੰਦਾ- ਮੈਂ ਅਜੇ ਵੀ ਜ਼ਲਾਲਤ ਮਹਿਸੂਸ ਕਰਦਾ। ਅਸੀਂ 8 ਕਰੋੜ ਦੀ ਆਬਾਦੀ ਵਿਚੋਂ ਮੈਂ ਇਕੱਲਾ ਤੇ ਤੁਸੀਂ ਲੱਖਾਂ ਦੀ ਆਬਾਦੀ ਵਿਚੋਂ 11 ਜਣੇ। ਜਦੋਂ ਫਾਂਸੀ ਲੱਗਣ ਲੱਗੀ ਤਾਂ ਅਬਦੁੱਲੇ ਨੇ ਕਿਹਾ ਕਿ ਜਦੋਂ ਸਾਨੂੰ ਫਾਂਸੀ ਲੱਗ ਜਾਵੇਗੀ, ਚਾਹੇ ਸਾਨੂੰ ਜਲਾਇਓ ਤੇ ਚਾਹੇ ਦਫਨਾਇਆ ਜਾਵੇ ਪਰ ਇਕੱਠੇ ਰੱਖਿਓ। ਸਾਨੂੰ ਅੱਡ ਨਾ ਕਰਿਓ। ਇਹ ਸਾਡੀ ਹਿੰਦੂ ਮੁਸਲਮਾਨ, ਸਿੱਖ ਏਕੇ ਦੀ ਮਿਸਾਲ ਹੈ।

ਜਦੋਂ ਗਦਰ ਪਾਰਟੀ ਦਾ ਗਠਨ ਕੀਤਾ ਤਾਂ ਉਹਨਾਂ ਨੇ ਸਾਰੀਆਂ ਜਾਤਾਂ ਪਾਤਾਂ ਤੋਂ ਉਪਰ ਉੱਠ ਕੇ ਅਹੁਦੇਦਾਰ ਬਣਾਏ। ਗਦਰ ਪਾਰਟੀ ਦਾ ਪਹਿਲਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਜਨਰਲ ਸਕੱਤਰ, ਪੰਡਤ ਕਾਂਸ਼ੀ ਰਾਮ ਮੜ੍ਹੌਲੀ ਇਹਦੇ ਖਜਾਨਚੀ ਸਨ। ਅੱਜ ਜਿਹੜਾ ਮਾਰਚ ਮਹੀਨੇ ਦਾ ਦਿਨ ਆ ਤੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਜੋ ਅੱਜ ਇਹ ਮੇਲਾ ਮਨਾ ਰਹੀ ਆ। ਲੋਕਾਂ ਨੂੰ ਆਪਣੇ ਵਿਰਸੇ ਨਾਲ ਜੋੜ ਰਹੀ ਆ, ਉਥੇ ਪੰਡਤ ਕਾਂਸ਼ੀ ਰਾਮ ਮੜ੍ਹੌਲੀ ਦਾ ਅੱਜ ਸ਼ਹੀਦੀ ਦਿਨ ਆ। ਮੈਂ ਹੋਰ ਕਹਾਂਗੀ ਕਿ ਪੰਜਾਬ ਦੀ ਧਰਤੀ 'ਤੇ ਫਾਂਸੀ ਲੱਗਣ ਵਾਲੇ ਸਭ ਤੋਂ ਪਹਿਲੇ ਫੇਰੂ ਸ਼ਹਿਰ ਦੇ ਸਾਕੇ ਦੇ ਤਿੰਨ ਗਦਰੀਆਂ ਦਾ ਅੱਜ ਸ਼ਹੀਦੀ ਦਿਨ ਆ। ਉਹਦੇ ਵਿਚ ਪੰਡਤ ਕਾਂਸ਼ੀ ਰਾਮ ਮੜ੍ਹੌਲੀ, ਧਿਆਨ ਸਿੰਘ, ਬਖਸ਼ੀਸ਼ ਸਿੰਘ ਖਾਨਪੁਰ ਤੇ ਚੌਥੇ ਗਦਰੀ ਨੇ ਡਾ. ਮਥਰਾ ਸਿੰਘ ਜਿਹਨਾਂ ਦੀ ਅਗਲੇ ਵਰ੍ਹੇ ਸ਼ਤਾਬਦੀ ਆ ਰਹੀ ਆ। ਇਹਨਾਂ ਦੀ ਹੋਰ ਅਹਿਮੀਅਤ ਵੱਧ ਗਈ, ਜਦੋਂ ਇੰਡੋ ਅਮੈਰੀਕਨ ਫੋਰਮ ਆਪਣੇ ਵਿਰਸੇ ਨਾਲ ਜੋੜਨ ਦਾ ਯਤਨ ਕਰ ਰਹੀ ਆ। ਇਹ ਸਾਡੀ ਵਿਰਾਸਤ ਆ ਜਿਹਦੇ ਤੇ ਅਸੀਂ ਮਾਣ ਕਰਦੇ ਆਂ। ਮੈਨੂੰ ਹੋਰ ਵੀ ਮਹਿਸੂਸ ਹੋ ਰਿਹਾ ਕਿ ਅਮਰੀਕਾ ਦੀ ਧਰਤੀ ਕੈਲੇਫੋਰਨੀਆ ਜਿੱਥੇ ਗਦਰੀ ਸਭ ਤੋਂ ਪਹਿਲਾਂ ਤੇ ਵੱਧ ਗਿਣਤੀ ਵਿਚ ਆਏ, ਫਰਿਜ਼ਨੋ ਦੇ ਵਿਚ ਆਏ ਤੇ ਇੱਥੇ ਇਹੋ ਜਿਹੀ ਸੰਸਥਾ ਬਣੀ ਹਾਰਿਆ। ਉਹਨਾਂ ਦੀ ਦਹਿਸ਼ਤ ਇੰਨੀ ਸੀ ਕਿ ਫਾਂਸੀ 'ਤੇ ਚੜ੍ਹਨ ਲੱਗਿਆਂ ਕਦੇ ਡਰੇ ਨਹੀਂ। ਕਿਸੇ ਨੇ ਮਾਫੀ ਨਹੀਂ ਮੰਗੀ। ਉਹ ਆਖਰੀ ਦਮ ਤੱਕ ਚੜ੍ਹਦੀ ਕਲਾ ਵਿਚ ਰਹੇ ਆ। ਉਹਨਾਂ ਦੀ ਬਦੌਲਤ ਹੀ ਅਸੀਂ ਅੱਜ ਸਾਰੇ ਇੱਥੇ ਖੁੱਲ੍ਹੀ ਹਵਾ ਵਿਚ ਸਾਹ ਲੈ ਰਹੇ ਆਂ।

ਅੰਤ ਵਿਚ ਮੈਂ ਤੁਹਾਨੂੰ ਇਕ ਦੋ ਸੁਨੇਹੇ ਜ਼ਰੂਰ ਦੇਣੇ ਚਾਹਾਂਗੀ। ਸਭ ਤੋਂ ਪਹਿਲਾਂ ਤਾਂ ਮੈਂ ਵਧਾਈ ਦੇਣੀ ਚਾਹੁੰਦੀ ਹਾਂ ਇਕ ਵਾਰ ਫਿਰ ਤੋਂ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਸਮੂਹ ਸਟਾਫ ਨੂੰ ਜਿਹੜੇ ਆਪਣੇ ਇਤਿਹਾਸਕ ਵਿਰਸੇ ਨੂੰ ਜਿਉਂਦਾ ਰੱਖ ਰਹੇ ਆ। ਸਭਿਆਚਾਰ ਨਾਲ ਜੁੜੇ ਆ। ਕਹਿੰਦੇ ਆ ਕਿ ਜਦੋਂ ਅਸੀਂ ਜੜ੍ਹ ਨਾਲੋਂ ਟੁੱਟ ਜਾਈਏ ਤਾਂ ਉਦੋਂ ਅਸੀਂ ਸੁੱਕ ਜਾਂਦੇ ਹਾਂ। ਇਹਨਾਂ ਨੇ ਆਪਣੀਆਂ ਜੜ੍ਹਾਂ ਨਾਲ ਜੁੜਨ ਦਾ ਉਪਰਾਲਾ ਕੀਤਾ ਹੈ, ਤੁਸੀਂ ਸੱਚਮੁਚ ਵਧਾਈ ਦੇ ਪਾਤਰ ਜੇ। ਮੈਂ ਦੇਖ ਰਹੀ ਆਂ ਕਿ ਸਾਰੀ ਅਮਰੀਕਾ ਦੀ ਜਿਹੜੀ ਕਰੀਮ ਆ ਉਹ ਇੱਥੇ ਇਕੱਤਰ ਹੋਈ ਹੈ। ਮੈਂ ਨਾਵਾਂ 'ਚ ਨਹੀਂ ਪੈਂਦੀ। ਤੁਸੀਂ ਸਾਰੇ ਸਿਰ ਜੋੜ ਕੇ ਬੈਠੇ ਹੋ। ਜੇ ਸਿਰ ਜੋੜ ਕੇ ਬੈਠੇ ਹੋ ਤਾਂ ਕੋਈ ਨਾ ਕੋਈ ਵਧੀਆ ਗੱਲ ਹੀ ਲੱਭੋਗੇ। ਜਿਹਦੇ ਨਾਲ ਅਸੀਂ ਆਪਣੇ ਗਦਰੀ ਬਾਬਿਆਂ ਦਾ ਸਮਾਜ ਸਿਰਜ ਸਕੀਏ। ਗਦਰੀ ਬਾਬਿਆਂ ਨੇ ਜਿਸ ਤਰ੍ਹਾਂ ਦਾ ਸਮਾਜ ਸਿਰਜਣ ਦਾ ਸੁਪਨਾ ਲਿਆ ਸੀ, ਉਹ ਸੁਪਨਾ ਅਜੇ ਅਧੂਰਾ ਹੈ। ਉਹਨਾਂ ਸੁਪਨਾ ਲਿਆ ਸੀ ਕਿ ਸਾਡਾ ਸਮਾਜ ਨਿਰਪੱਖ ਹੋਵੇ। ਇੱਥੇ ਭ੍ਰਿਸ਼ਟਾਚਾਰ ਨਾ ਹੋਵੇ, ਆਜ਼ਾਦੀ ਹੋਵੇ, ਬਰਾਬਰੀ ਹੋਵੇ, ਸਾਡੀਆਂ ਧੀਆਂ ਭੈਣਾਂ ਮਰਦਾਂ ਦੇ ਬਰਾਬਰ ਹੋਣ ਪਰ ਅਸੀਂ ਦੇਖਦੇ ਹਾਂ ਕਿ ਉਹਨਾਂ ਦਾ ਸੁਪਨਾ ਅਜੇ ਅਧੂਰਾ ਹੈ। ਉਸ ਸੁਪਨੇ ਨੂੰ ਕਿਸਨੇ ਪੂਰਾ ਕਰਨਾ ਹੈ? ਆਪਾਂ ਲੋਕਾਂ ਨੇ ਪੂਰਾ ਕਰਨਾ ਹੈ। ਅਸੀਂ ਸਹੀ ਵਾਰਿਸ ਉਹਨਾਂ ਦੇ ਹਾਂ। ਉਸ ਵਿਰਸੇ ਨੂੰ ਅੱਗੇ ਤੋਰ ਕੇ ਆਪਣਾ ਬਣਦਾ ਯੋਗਦਾਨ ਪਾਉਣਾ ਹੈ। ਮੈਂ ਸਾਰੇ ਭਾਈਚਾਰੇ ਨੂੰ ਅਪੀਲ ਕਰਨੀ ਚਾਹੁੰਦੀ ਹਾਂ ਕਿ ਜਦੋਂ ਪੰਜਾਬ ਆਓ, ਗਦਰੀਆਂ ਨੇ ਜਿਹੜੀ ਆਪਣੇ ਹੱਥੀਂ ਸੰਸਥਾ ਉਸਾਰੀ ਹੈ, ਉਥੇ ਜ਼ਰੂਰ ਆਓ। ਉਥੇ ਤੁਹਾਡਾ ਇਤਿਹਾਸ ਹੈ, ਤੁਹਾਡੀ ਤਸਵੀਰਾਂ ਦੇ ਰਾਹੀਂ ਮੂੰਹ ਬੋਲਦੀ ਉਹ ਕਹਾਣੀ ਹੈ, ਜਿਹੜੀ ਗਦਰੀਆਂ ਦੇ ਨਾਲ ਵਾਪਰੀ ਹੈ। ਅਸੀਂ ਇਕ ਗੱਲ ਦਾ ਹੋਰ ਸੱਦਾ ਦਿੰਦੇ ਹਾਂ ਕਿ ਸਾਡੇ ਕੋਲ ਇੰਨਾ ਅਮੀਰ ਵਿਰਸਾ ਲਾਇਬ੍ਰੇਰੀ ਹੈ, ਤੁਸੀਂ ਉਸਦੇ ਤੇ ਖੋਜ ਕਰੋ। ਰਹਿਣ ਦਾ ਪ੍ਰਬੰਧ ਤੁਹਾਡੇ ਲਈ ਕਮੇਟੀ ਕਰੇਗੀ, ਖਾਣੇ ਦਾ ਪ੍ਰਬੰਧ ਕਮੇਟੀ ਕਰੇਗੀ। ਆਪਾਂ ਆਪਣੇ ਉਸ ਦੱਬੇ ਹੋਏ ਇਤਿਹਾਸ ਨੂੰ ਫਰੋਲੀਏ, ਫਿਰ ਤੋਂ ਲੋਕਾਂ ਦੇ ਸਾਹਮਣੇ ਲਿਆਈਏ ਕਿ ਜਿਹੜੀ ਕੁਰਬਾਨੀ ਗਦਰੀਆਂ ਨੇ ਲੋਕਾਂ ਲਈ ਕੀਤੀ ਹੈ, ਉਹ ਕੁਰਬਾਨੀ ਸਾਨੂੰ ਭੁਲਾਉਣੀ ਨਹੀਂ ਚਾਹੀਦੀ।

*ਗਦਰੀ ਬਾਬਿਆਂ ਦੇ ਮੇਲੇ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਕਮੇਟੀ ਅਤੇ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੀ ਜਨਰਲ ਸਕੱਤਰ ਡਾ. ਰਘਬੀਰ ਕੌਰ ਜੋ ਕਿ ਮੁੱਖ ਬੁਲਾਰੇ ਵਜੋਂ ਪ੍ਰੋਗਰਾਮ 'ਚ ਪਹੁੰਚੇ ਸਨ, ਵੱਲੋਂ ਇਸ ਸੁਭਾਗੇ ਮੌਕੇ ਤੇ "ਕੌਮ ਦਾ ਸਿਤਾਰਾ- ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਕਿਤਾਬ ਅਤੇ "ਦੇਸ਼ ਦੁਆਬਾ" ਹਫਤਾਵਾਰੀ ਅਖਬਾਰ ਲੋਕ ਅਰਪਣ ਕੀਤੇ ਗਏ। ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਕਿਤਾਬ ਦੇ ਲੇਖਕ ਡਾ. ਜਸਵੰਤ ਰਾਏ ਸਾਹਰੀ ਹਨ। ਬਾਬੂ ਹਰਨਾਮ ਸਿੰਘ ਜੀ ਗਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲਿਆਂ ਵਿਚੋਂ ਸਨ। ਇਹਨਾਂ ਨੇ ਅਮਰੀਕਾ ਦੀ ਧਰਤੀ 'ਤੇ ਪਹਿਲਾ ਪੰਜਾਬੀ ਅਖਬਾਰ 1910 ਵਿਚ "ਸਵਦੇਸ਼-ਸੇਵਕ" ਆਰੰਭ ਕੀਤਾ ਸੀ। ਇਸ ਅਖਬਾਰ ਵਿਚ ਉਹ ਸਾਮਰਾਜਵਾਦੀ ਹਕੂਮਤ ਦੇ ਪਾਜ ਉਧੇੜਦੇ ਸਨ। ਇਹਨਾਂ ਨੂੰ ਬਰਮਾ ਕਾਂਸਪੀਰੇਸੀ ਕੇਸ ਵਿਚ ਫਾਂਸੀ ਦੀ ਸਜਾ ਹੋਈ ਸੀ। ਇਹ ਵਰ੍ਹਾ ਉਹਨਾਂ ਦਾ ਸ਼ਤਾਬਦੀ ਸ਼ਹੀਦੀ ਵਰ੍ਹਾ ਹੈ। ਇਸ ਕਿਤਾਬ ਦੇ ਪਬਲੀਸ਼ਰ "ਦੇਸ਼ ਦੁਆਬਾ" ਪ੍ਰਕਾਸ਼ਨ ਦੇ ਕਰਤਾ ਧਰਤਾ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਹਨ। ਚੁੰਬਰ ਹੋਰਾਂ ਨੇ ਇਸ ਤੋਂ ਪਹਿਲਾਂ ਡਾ. ਜਸਵੰਤ ਰਾਏ ਦੀ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ" ਵੀ ਛਾਪੀ ਹੈ। 'ਲੋਕ-ਅਰਪਣ' ਕੀਤਾ ਗਿਆ ਹਫਤਾਵਰੀ ਅਖ਼ਬਾਰ "ਦੇਸ਼ ਦੁਆਬਾ" ਸਿਰਫ ਦੁਆਬੇ ਦੇ ਖੇਤਰ ਦੀ ਹੀ ਪੇਸ਼ਕਾਰੀ ਨਹੀਂ ਕਰਦਾ ਸਗੋਂ ਇਸ ਵਿਚ ਸਮੁੱਚੇ ਪੰਜਾਬ, ਦੇਸ਼, ਵਿਦੇਸ਼ ਦੇ ਸਭਿਆਚਾਰ, ਰਾਜਨੀਤਿਕ, ਆਰਥਿਕ, ਸਮਾਜਿਕ ਮਸਲਿਆਂ ਦੇ ਸੰਦਰਭ ਵਿਚ ਚੌਖੀ ਜਾਣਕਾਰੀ ਪੇਸ਼ ਕੀਤੀ ਜਾਂਦੀ ਹੈ। ਵਿਦੇਸ਼ੀ ਧਰਤੀ ਤੇ ਪੰਜਾਬੀਆਂ ਦੀ ਹਰ ਗਤੀਵਿਧੀ ਖਾਸ ਕਰਕੇ ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਏ ਜਾਂਦੇ ਵਿਚਾਰਾਂ ਨੂੰ ਇਸ ਪਰਚੇ ਵਿਚ ਤਰਜੀਹ ਦਿੱਤੀ ਜਾਂਦੀ ਹੈ। ਪਰਚੇ ਦੇ ਸੰਪਾਦਕ ਸ੍ਰੀ ਚੁੰਬਰ ਸਾਹਿਬ ਦੁਆਬੇ ਦੇ ਜੰਮਪਲ ਹੋਣ ਕਰਕੇ 'ਦੇਸ਼ ਦੁਆਬਾ' ਪਰਚੇ ਰਾਹੀਂ ਨਰੋਈਆਂ ਕਦਰਾਂ-ਕੀਮਤਾਂ ਦੇ ਧਾਰਨੀ ਹਨ। ਇਸੇ ਕਰਕੇ ਪਰਚਾ ਅਮਲਾਂ ਤੇ ਖਰਾ ਉਤਰ ਰਿਹਾ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਦੇਸ਼ ਦੁਆਬਾ ਅਖਬਾਰ ਦੇ ਪਿਛਲੇ ਅੰਕ ਵਿਚ ਜਿਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਅਸੀਂ ਮੇਲਾ ਗ਼ਦਰੀ ਬਾਬਿਆਂ ਦਾ ਮਨਾ ਰਹੇ ਹਾਂ ਉਹਨਾਂ ਦੇ ਜੀਵਨ ਅਤੇ ਮਿਸ਼ਨ ਬਾਰੇ ਵੱਖ ਵੱਖ ਨਾਮਵਰ ਲੇਖਕਾਂ ਦੇ ਲੇਖ, ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਕਮੇਟੀ ਦੀਆਂ ਗਤੀਵਿਧੀਆਂ ਨੂੰ ਵੀ ਬਾਖੂਬੀ ਛਾਪਿਆ ਗਿਆ ਹੈ, ਵਰਣਨਯੋਗ ਹੈ ਕਿ ਇਸ ਅੰਕ ਵਿਚ ਪ੍ਰੋ. ਐਚ. ਐਲ. ਕਪੂਰ ਦੇ 4 ਲੇਖ ਸਨ।*

***ਰਿਪੋਰਟ***
***- ਡਾ ਜਸਵੰਤ ਰਾਏ ਸਾਹਰੀ 91-98158 25999***

# ਸਾਹਿਬ ਕਾਂਸ਼ੀ ਰਾਮ ਜੀ ਨੂੰ ਯਾਦ ਕਰਦਿਆਂ



- ਫਤਿਹਜੰਗ ਸਿੰਘ
91-98726-70278

ਕਾਂਸ਼ੀ ਰਾਮ ਇਕ ਵਿਅਕਤੀ ਦਾ ਨਾਂ ਨਹੀਂ, ਉਹ ਇਕ ਲਹਿਰ, ਇਕ ਇਨਕਲਾਬ, ਇਕ ਜਾਗ੍ਰਿਤੀ, ਇਕ ਸੰਘਰਸ਼ ਦਾ ਪ੍ਰਤੀਕ ਬਣ ਚੁੱਕਿਆ ਹੈ। ਰੋਪੜ ਦੇ ਇਕ ਛੋਟੇ ਜਿਹੇ ਪਿੰਡ ਖੁਆਸਪੁਰਾ ਤੋਂ ਉਠ ਕੇ ਸਾਧਨਹੀਣ ਹੋਣ ਦੇ ਬਾਵਜੂਦ ਉਹਨਾਂ ਨੇ ਦੋ ਪੈਰਾਂ ਤੇ ਦੋ ਪਹੀਆਂ (ਸਾਇਕਲ) ਨਾਲ ਅਜਿਹਾ ਕਮਾਲ ਕਰ ਦਿਖਾਇਆ ਕਿ ਦਿੱਲੀ ਦੇ ਤਖਤ ਨੂੰ ਵੀ ਤਰੇਲੀਆਂ ਆ ਗਈਆਂ। ਸਦੀਆਂ ਤੋਂ ਸਥਾਪਤ, ਸਰਬ ਸਾਧਨ ਸੰਪੰਨ ਜਮਾਤ ਇਸ ਖਾਲੀ ਹੱਥ, ਖਾਲੀ ਪੇਟ ਅਣਥੱਕ ਯੋਧੇ ਦੀ ਗਰਜਣ ਤੋਂ ਭੈਅ ਖਾਣ ਲੱਗ ਪਈ ਸੀ। ਉਸਨੇ ਇਕ ਸਰਬਹਾਰਾ ਸਮਾਜ ਨੂੰ ਇਸ ਕਦਰ ਤਿਆਰ ਕਰ ਦਿੱਤਾ ਕਿ ਇਸ ਵਿਚ ਜਾਗ੍ਰਿਤੀ ਦੀ ਇਕ ਮਸ਼ਾਲ ਲਟ ਲਟ ਕਰ ਉੱਠੀ ਜਿਸਦੀ ਰੋਸ਼ਨੀ ਵਿਚ ਇਸਨੂੰ ਆਪਣੀ ਮੰਜ਼ਿਲ ਦਿਸ ਪਈ ਤੇ ਇਹ ਵਹੀਰਾਂ ਘੱਤ ਆਪਣੇ ਰਹਿਬਰ ਦੇ ਪਿੱਛੇ ਲੱਗ ਤੁਰਿਆ। ਇਸ ਸਮਾਜ ਦੇ ਕੁਝ ਅਖੌਤੀ ਲੀਡਰ ਅਕਸਰ ਦੁਖੀ ਹੋ ਕੇ ਆਖ ਦਿੰਦੇ ਹਨ ਕਿ ਇਹ ਸਮਾਜ ਸਦੀਆਂ ਤੋਂ ਗੂੰਗਾ ਤੇ ਬੋਲਾ ਰਿਹਾ ਹੈ, ਇਸ ਲਈ ਇਹ ਹੁਣ ਵੀ ਕਿਸੇ ਦੀ ਗੱਲ ਸਮਝਣ ਤੇ ਸੁਣਨ ਦੇ ਕਾਬਲ ਨਹੀਂ ਹੈ। ਪਰ ਕਾਂਸ਼ੀ ਰਾਮ ਨੇ ਇਸ ਭਰਮ ਨੂੰ ਤੋੜ ਕੇ ਵਿਖਾਇਆ ਤੇ ਇਸੇ ਸਮਾਜ ਤੋਂ ਵੱਡੇ ਵੱਡੇ ਕਾਰਨਾਮੇ ਕਰ ਦਿਖਾਏ।

ਆਖਿਰ ਕੀ ਸੀ ਇਸ ਇਨਸਾਨ ਵਿਚ? ਸਮਾਜ ਦੀ ਬਿਹਤਰੀ ਲਈ ਅਣਥੱਕ ਮਿਹਨਤ, ਸੱਚੀ ਲਗਨ, ਦਲੇਰੀ ਤੇ ਸਵੈ ਵਿਸ਼ਵਾਸ ਨਾਲ ਅੱਗੇ ਹੀ ਅੱਗੇ ਵਧਦੇ ਜਾਣਾ ਬੱਸ ਇਹ ਗੁਣ ਸਨ ਉਸ ਵਿਚ। ਇਹ ਇਨਸਾਨ ਡਾ. ਅੰਬੇਡਕਰ ਦੀ ਵਿਚਾਰਧਾਰਾ ਤੋਂ ਅਜਿਹਾ ਟੁੰਬਿਆ ਗਿਆ ਕਿ ਆਪਣੀ ਵਧੀਆ ਨੌਕਰੀ ਤੇ ਵਧੀਆ ਜ਼ਿੰਦਗੀ ਨੂੰ ਤਿਆਗ ਕੇ ਆਪਣੇ ਸਮਾਜ ਦੇ ਉਥਾਨ ਲਈ ਮੈਦਾਨ ਵਿਚ ਆ ਉੱਤਰਿਆ। ਤੇ ਬੱਸ ਉਸਦੇ ਦਿਨ ਤੇ ਰਾਤ ਇਕ ਬਣ ਗਏ ਤੇ ਉਹ ਇਕ ਪਲ ਵੀ ਚੈਨ ਨਾਲ ਨਹੀਂ ਬੈਠਿਆ। ਕਾਫੀ ਸਮਾਂ ਉਹਨਾਂ ਦੇ ਸੰਘਰਸ਼ ਦਾ ਹਿੱਸਾ ਰਹਿਣ ਕਰਕੇ ਉਹਨਾਂ ਨੂੰ ਨੇੜਿਉਂ ਤੱਕਣ ਦਾ ਮੌਕਾ ਮਿਲਿਆ। ਅੱਜ ਉਹਨਾਂ ਦੇ ਜਨਮ ਦਿਨ 'ਤੇ ਉਹਨਾਂ ਦੀਆਂ ਛੋਟੀਆਂ-ਛੋਟੀਆਂ ਪਰ ਮਹੱਤਵਪੂਰਨ ਗੱਲਾਂ ਯਾਦ ਆ ਰਹੀਆਂ ਹਨ, ਜਿਹਨਾਂ ਵਿਚੋਂ ਉਨ੍ਹਾਂ ਦੀ ਸ਼ਖਸੀਅਤ ਅਤੇ ਵੱਡੇ ਵੱਡੇ ਇਰਾਦਿਆਂ ਦੀ ਝਲਕ ਪੈਂਦੀ ਸੀ।

1. ਇਹ ਗੱਲ ਉਸ ਸਮੇਂ ਦੀ ਹੈ ਜਦੋਂ ਉਹ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਦਲਿਤ ਸਮਾਜ, ਵੱਖ-ਵੱਖ ਜਥੇਬੰਦੀਆਂ ਅਤੇ ਰਾਜਨੀਤਿਕ ਪਾਰਟੀਆਂ ਦੀ ਕਾਰਗੁਜ਼ਾਰੀ ਦਾ ਅਧਿਐਨ ਕਰਨ ਉਪਰੰਤ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰਕੇ ਦਿੱਲੀ ਵਿਚ ਆਪਣਾ ਕੇਂਦਰੀ ਦਫ਼ਤਰ ਸਥਾਪਤ ਕਰਕੇ ਉਥੋਂ ਗਤੀਵਿਧੀਆਂ ਦਾ ਸੰਚਾਲਨ ਕਰਨ ਲਈ ਵਿਉਂਤਬੰਦੀ ਕਰ ਰਹੇ ਸਨ। ਕਰੋਲ ਬਾਗ ਵਿਚ ਇਕ ਛੋਟਾ ਜਿਹਾ ਚੁਬਾਰਾ ਕਿਰਾਏ 'ਤੇ ਲੈ ਲਿਆ ਸੀ। ਉਹੀ ਦਫ਼ਤਰ ਸੀ ਤੇ ਉਹੀ ਉਹਨਾਂ ਦੀ ਰਿਹਾਇਸ਼। ਦੇਖਭਾਲ ਲਈ ਇਕ ਅਜਿਹੇ ਬੰਦੇ ਦੀ ਲੋੜ ਸੀ ਜੋ ਉਥੇ ਹਰ ਵਕਤ ਹਾਜ਼ਰ ਰਹੇ। ਕਹਿਣ ਲੱਗੇ ਕਿ ਮੈਂ ਦਫ਼ਤਰ ਲਈ ਇਕ ਫੁੱਲ ਟਾਈਮ- 24 ਘੰਟੇ ਦਾ ਕਰਮਚਾਰੀ ਰੱਖਣਾ ਹੈ ਜੋ ਚੰਗਾ ਪੜ੍ਹਿਆ-ਲਿਖਿਆ ਹੋਵੇ, ਤਕੜਾ ਹੱਟਾ ਕੱਟਾ ਵੀ ਹੋਵੇ, ਮਿਹਨਤੀ ਵੀ ਹੋਵੇ, ਤਿਆਗੀ ਵੀ ਹੋਵੇ, ਤਨਖਾਹ ਵੀ ਨਾ ਮੰਗੇ ਤੇ ਬੱਸ ਹਵਾ ਖਾ ਕੇ ਪਾਣੀ ਪੀ ਕੇ ਗੁਜ਼ਾਰਾ ਕਰੇ।

ਇੰਨਾ ਆਖ ਕੇ ਉਹ ਹੱਸ ਪੈਂਦੇ ਸਨ ਤੇ ਬਹੁਤ ਹੱਸਦੇ ਸਨ। ਨਾਲ ਦੇ ਵੀ ਹੱਸ ਪੈਂਦੇ ਸਨ ਕਿ ਅਜਿਹਾ ਕਿਹੜਾ ਬੰਦਾ ਮਿਲੇਗਾ ਇਹਨਾਂ ਨੂੰ। ਪਰ ਜਲਦੀ ਹੀ ਅਜਿਹਾ ਬੰਦਾ ਮਿਲ ਗਿਆ। ਮਹਾਰਾਸ਼ਟਰ ਤੋਂ ਮਨੋਹਰ ਆਟੇ ਇਹਨਾਂ ਦੀ ਸ਼ਰਤਾਂ 'ਤੇ ਮੰਨ ਗਿਆ ਤੇ ਕਿੰਨੇ ਹੀ ਸਾਲ ਤਿਆਗ ਭਾਵਨਾ ਨਾਲ ਉਹ ਉਥੇ ਕੰਮ ਕਰਦਾ ਰਿਹਾ। ਪੈਸੇ ਵੱਲੋਂ ਬਹੁਤ ਤੰਗੀ ਸੀ। ਇਕ ਰਾਤ ਸੁੱਤੇ ਪਿਆਂ ਕਾਂਸ਼ੀ ਰਾਮ ਨੂੰ ਮਨੋਹਰ ਆਟੇ ਦੇ ਕਰਾਉਣ ਦੀ ਆਵਾਜ਼ ਆਈ ਤਾਂ ਉਹਨਾਂ ਨੇ ਪੁੱਛਿਆ ਕਿ ਕੀ ਗੱਲ ਹੈ? ਮਨੋਹਰ ਆਟੇ ਨੇ ਕਿਹਾ ਕਿ ਪੇਟ ਵਿਚ ਦਰਦ ਹੈ। ਕਹਿਣ ਲੱਗੇ ਕਿ ਸ਼ਾਇਦ ਜ਼ਿਆਦਾ ਖਾ ਲਿਆ ਹੋਵੇਗਾ? ਮਨੋਹਰ ਆਟੇ ਕਹਿੰਦਾ, "ਨਹੀਂ ਸਾਹਬ ਦੋ ਦਿਨਾਂ ਤੋਂ ਖਾਧਾ ਹੀ ਕੁਝ ਨਹੀਂ?" ਉਹਨਾਂ ਆਪ ਵੀ ਕਿਹੜਾ ਕੁਝ ਖਾਧਾ ਸੀ।"ਤਾਂ ਫਿਰ ਹਵਾ ਖਾ ਕੇ ਪਾਣੀ ਵੱਧ ਪੀ ਲਿਆ ਹੋਵੇਗਾ?" ਇਹ ਗੱਲ ਉਹ ਕਈ ਵਾਰੀ ਦੱਸਦੇ ਹੁੰਦੇ ਸਨ ਕਿ ਦੱਸ ਕੇ ਫਿਰ ਹੱਸਦੇ ਬਹੁਤ ਹੁੰਦੇ ਸਨ। ਭੁੱਖਿਆਂ ਰਹਿ ਕੇ ਵੀ ਸੰਘਰਸ਼ ਵਿਚ ਜੁਟੇ ਰਹਿਣਾ, ਫਿਰ ਵੀ ਕਿਸੇ ਨਾਲ ਗਿਲਾ ਸ਼ਿਕਵਾ ਨਹੀਂ, ਚੜ੍ਹਦੀਆਂ ਕਲਾਂ ਵਿਚ ਰਹਿਣਾ ਤੇ ਔਖੀਆਂ ਘੜੀਆਂ ਵੀ ਹੱਸ ਕੇ ਗੁਜ਼ਾਰ ਦੇਣੀਆਂ ਕੋਈ ਮਾਮੂਲੀ ਗੱਲਾਂ ਤਾਂ ਨਹੀਂ।

2. ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਉਹ ਆਪਣੇ ਸਾਧਨਹੀਣ ਸਮਾਜ ਨੂੰ ਆਪਣੇ ਹੀ ਦੋ ਪੈਰਾਂ (ਪੈਦਲ) ਜਾਂ ਦੋ ਪਹੀਆਂ (ਸਾਇਕਲ) ਦੀ ਵਰਤੋਂ ਕਰਕੇ ਰੈਲੀਆਂ, ਮਾਰਚ ਤੇ ਕਾਨਫਰੰਸਾਂ ਰਾਹੀਂ ਜਗਾਉਣ ਦਾ ਕੰਮ ਕਰ ਰਹੇ ਸਨ। ਉਹਨਾਂ ਦੇ ਕਹਿਣ ਅਨੁਸਾਰ ਸਾਡਾ ਸਮਾਜ ਬਹਾਨੇਬਾਜ਼ ਵੀ ਬਹੁਤ ਹੈ। ਜੇ ਉਹਨਾਂ ਨੂੰ ਪੈਦਲ ਜਾਂ ਸਾਇਕਲ ਚਲਾ ਕੇ ਇਕੱਠ ਵਿਚ ਸ਼ਾਮਲ ਹੋਣ ਲਈ ਆਖਿਆ ਤਾਂ ਸੌ ਬਹਾਨੇ ਤਿਆਰ ਹੋ ਜਾਣੇ ਹਨ। ਇਸ ਲਈ ਕਾਂਸ਼ੀ ਰਾਮ ਜੀ ਨੇ ਸੋਚਿਆ ਕਿ ਪਹਿਲਾਂ ਇਹਨਾਂ ਨੂੰ ਆਪ ਇਹ ਕੰਮ ਕਰਕੇ ਦਿਖਾਉਣਾ ਪਵੇਗਾ। ਉਹਨਾਂ ਨੇ ਦਿੱਲੀ ਤੋਂ ਜੰਮੂ ਤੇ ਵਾਪਸੀ ਤੱਕ ਆਪਣੇ ਕੁਝ ਸਾਥੀਆਂ ਨੂੰ ਨਾਲ ਲੈ ਕੇ ਸਾਇਕਲਾਂ ਤੇ ਚਾਰ ਹਜ਼ਾਰ ਕਿਲੋਮੀਟਰ ਦਾ 'ਮਹਾਨ ਸਫ਼ਰ' ਸ਼ੁਰੂ ਕੀਤਾ। ਮੁੱਖ ਸੜਕਾਂ, ਲਿੰਕ ਸੜਕਾਂ ਅਤੇ ਪਿੰਡਾਂ ਵਿਚੋਂ ਦੀ ਹੁੰਦਾ ਹੋਇਆ ਜਦੋਂ ਇਹ ਕਾਫਲਾ ਲੰਘਦਾ ਤਾਂ ਲੋਕੀਂ ਵੇਖਦੇ ਹੀ ਰਹਿ ਜਾਂਦੇ ਤੇ ਉਤਸ਼ਾਹ ਨਾਲ ਭਰਪੂਰ ਹੋ ਜਾਂਦੇ। ਫਿਰ ਜਦੋਂ ਕਦੇ ਕਾਂਸ਼ੀ ਰਾਮ ਜੀ ਨੇ ਛੋਟੀ ਜਾਂ ਵੱਡੀ ਕਿਸੇ ਕਾਨਫਰੰਸ ਲਈ ਲੋਕਾਂ ਨੂੰ ਆਵਾਜ਼ ਦੇਣੀ ਤਾਂ ਲੋਕਾਂ ਨੇ ਸਾਇਕਲ ਚੁੱਕਣੇ, ਝੰਡੇ ਲਾਉਣੇ, ਰੋਟੀਆਂ ਨਾਲ ਬੰਨ੍ਹਣੀਆਂ ਤੇ ਕਾਫਲੇ ਬਣਾ ਕੇ ਪਿੰਡਾਂ ਵਿਚੋਂ ਦੀ ਨਾਅਰੇ ਮਾਰਦੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੋ ਜਾਂਦੇ। ਇਕ ਵਾਰੀ ਤਾਂ ਦੇਸ਼ ਦੇ ਕੋਨੇ ਕੋਨੇ ਤੋਂ ਲੋਕੀਂ ਲੱਖਾਂ ਦੀ ਗਿਣਤੀ ਵਿਚ ਦਿੱਲੀ ਪੁੱਜ ਗਏ ਸਨ ਤੇ ਕਿੰਨੇ ਹੀ ਦਿਨ ਪ੍ਰਸ਼ਾਸਨ ਨੂੰ ਵਕਤ ਪਾਈ ਰੱਖਿਆ। ਇਸ ਤਰ੍ਹਾਂ ਦੇ ਵਰਤਾਰੇ ਤੋਂ ਵੱਡੀਆਂ ਪਾਰਟੀਆਂ ਵਾਲੇ, ਕਾਰਾਂ, ਟਰੱਕਾਂ, ਬੱਸਾਂ ਰਾਹੀਂ ਦਿਹਾੜੀਆਂ ਤੇ ਬੰਦੇ ਇਕੱਠੇ ਕਰਕੇ ਕਾਨਫਰੰਸਾਂ ਕਰਨ ਵਾਲੇ ਬੜਾ ਤਰਾਹੁਣ ਲੱਗੇ ਸਨ।

ਜਦੋਂ ਕਾਂਸ਼ੀ ਰਾਮ ਜੀ ਇਸ ਮਹਾਨ ਯਾਤਰਾ ਰਾਹੀਂ ਲੋਕਾਂ ਨੂੰ ਆਪ ਉਦਾਹਰਣ ਬਣ ਕੇ ਇਕ ਸਬਕ ਸਿਖਾਉਣ ਦੇ ਰਾਹ ਤੁਰੇ ਹੋਏ ਸਨ ਤਾਂ ਉਹਨਾਂ ਦੀ ਸਾਇਕਲ ਚਲਾ ਚਲਾ ਕੇ ਬਹੁਤ ਬੁਰੀ ਹਾਲਤ ਹੋ ਗਈ ਸੀ। ਸੀਟ ਤੇ ਬੈਠ ਬੈਠ ਕੇ ਰਗੜੇ ਨਾਲ ਪਿੱਛੇ ਟਾਕੀਆਂ ਪੈ ਗਈਆਂ, ਜ਼ਖਮ ਹੋ ਗਏ ਜਿਹਨਾਂ ਵਿਚੋਂ ਲਹੂ ਸਿੰਮਦਾ ਰਹਿੰਦਾ, ਲੱਤਾਂ ਦਰਦ ਕਰਦੀਆਂ। ਜਿੱਥੇ ਰਾਤ ਰਹਿੰਦੇ ਦਵਾਈਆਂ ਲਾਉਂਦੇ, ਸੇਕ ਦਿੰਦੇ ਪਰ ਅਗਲੀ ਸਵੇਰ ਤੜਕੇ ਹੀ ਫਿਰ ਤਿਆਰ ਬਰ ਤਿਆਰ ਤੁਰ ਪੈਂਦੇ। ਕਿੰਨੀਆਂ ਔਕੜਾਂ ਭਰਿਆ ਸੀ ਇਹ ਸਫ਼ਰ ਪਰ ਉਹ ਇਸਦੇ ਬਾਵਜੂਦ ਵੀ ਚੱਲਦੇ ਰਹੇ, ਚਲਦੇ ਰਹੇ ਤੇ ਸਫ਼ਰ ਪੂਰੀ ਸਫਲਤਾ ਨਾਲ ਮੁਕੰਮਲ ਕੀਤਾ।



3. ਇਹਨਾਂ ਦਿਨਾਂ ਦੀ ਹੀ ਗੱਲ ਹੈ ਜਦੋਂ ਉਹ ਵਾਪਸੀ ਵੇਲੇ ਸਾਡੇ ਇਲਾਕੇ ਵਿਚੋਂ ਦੀ ਗੁਜ਼ਰੇ ਤਾਂ ਮੈਂ ਤੇ ਮੇਰਾ ਸਾਥੀ ਜੀਵਨ ਸਿੰਘ ਨੇ ਸਲਾਹ ਕੀਤੀ ਕਿ ਸਾਨੂੰ ਵੀ ਕਾਫਲੇ ਨੂੰ ਰੋਕ ਕੇ ਇੱਜ਼ਤ ਮਾਣ ਕਰਨਾ ਚਾਹੀਦਾ ਹੈ ਤੇ ਚਾਹ-ਪਾਣੀ ਪਿਲਾਉਣਾ ਚਾਹੀਦਾ ਹੈ। ਲਾਲੜੂ (ਉਸ ਵੇਲੇ ਜ਼ਿਲ੍ਹਾ ਪਟਿਆਲਾ) ਇਕ ਗੁਰਦੁਆਰੇ ਵਿਚ ਅਸੀਂ ਪ੍ਰਬੰਧ ਕਰ ਲਿਆ। ਪਰ ਉਸ ਦਿਨ ਸਵੇਰ ਤੋਂ ਹੀ ਤੇਜ਼ ਬਾਰਸ਼ ਤੇ ਝੱਖੜ ਸ਼ੁਰੂ ਹੋ ਗਿਆ। ਮਹੀਨਾ ਭਾਵੇਂ ਅਪ੍ਰੈਲ ਦਾ ਸੀ ਪਰ ਇੰਨੀ ਠੰਢ ਹੋ ਗਈ ਕਿ ਲੋਕਾਂ ਨੇ ਮੁੜ ਗਰਮ ਕੱਪੜੇ ਕੱਢ ਕੇ ਪਾ ਲਏ। ਅਜਿਹੇ ਝੱਖੜ ਵਿਚ ਵੀ ਉਹਨਾਂ ਦਾ ਕਾਫਲਾ ਰੁਕਿਆ ਨਹੀਂ ਤੇ ਅੱਗੇ ਹੀ ਅੱਗੇ ਵਧਦਾ ਗਿਆ। ਕਿਤੇ ਸਾਇਕਲ ਹੌਲੀ ਹੋ ਜਾਂਦੇ ਤੇ ਕਿਤੇ ਝੱਖੜ ਦਾ ਮੁਕਾਬਲਾ ਕਰਨ ਲਈ ਸਾਇਕਲ ਹੱਥ ਵਿਚ ਪਕੜ ਪੈਦਲ ਵੀ ਤੁਰਨਾ ਪੈਂਦਾ। ਕਾਫਲਾ ਚਾਰ-ਪੰਜ ਘੰਟੇ ਲੇਟ ਸੀ। ਜਦੋਂ ਕਾਫਲਾ ਲਾਲੜੂ ਪੁੱਜਿਆ ਤਾਂ ਸਭ ਥਕਾਵਟ ਤੇ ਠੰਢ ਦੇ ਝੰਬੇ ਹੋਏ ਬੁਰੇ ਹਾਲ ਸਨ। ਚਿਹਰਿਆਂ ਤੋਂ ਅੰਦਰੂਨੀ ਹਾਲਤ ਸਾਫ ਝਲਕ ਰਹੀ ਸੀ। ਕਾਂਸ਼ੀ ਰਾਮ ਜੀ ਨੇ ਸਾਨੂੰ ਕਿਹਾ ਕਿ ਰਾਤ ਠਹਿਰਨ ਦਾ ਇੰਤਜ਼ਾਮ ਇੱਥੇ ਹੀ ਕਰੋ ਨਹੀਂ ਤਾਂ ਅੱਜ ਕਾਫਲੇ ਵਿਚੋਂ ਘੱਟੋ ਘੱਟ ਦੋ ਤਿੰਨ ਬੰਦੇ ਚਲ ਵੱਸਣਗੇ। ਵਾਕਈ ਕੁਝ ਬੰਦਿਆਂ ਦੀ ਹਾਲਤ ਨਾਜ਼ੁਕ ਜਾਪਦੀ ਸੀ ਤੇ ਬਾਕੀਆਂ ਦੀ ਵੀ ਕੋਈ ਬਹੁਤੀ ਚੰਗੀ ਨਹੀਂ ਸੀ। ਅਸੀਂ ਮੁਹੱਲੇ ਵਿਚੋਂ ਜਿੰਨੇ ਵੀ ਕੰਬਲ, ਰਜਾਈਆਂ ਮਿਲੀਆਂ ਇਕੱਠੇ ਕਰ ਲਏ। ਜਿੰਨੇ ਵੀ ਅੰਡੇ ਮਿਲੇ ਉਬਾਲ ਲਏ ਤੇ ਗਰਮ ਗਰਮ ਚਾਹ ਨਾਲ ਦਿੱਤੇ ਤਾਂ ਜਾ ਕੇ ਉਹਨਾਂ ਨੂੰ ਕੁਝ ਰਾਹਤ ਮਿਲੀ। ਹੁਣ ਗਰਮੀਆਂ ਦੇ ਦਿਨਾਂ ਵਿਚ ਸਰਦੀਆਂ ਦੀ ਮਾਰ ਝੱਲਦੇ ਹੋਏ, ਸਮਾਜ ਨੂੰ ਜਾਗ੍ਰਿਤ ਕਰਨ ਤੁਰੇ ਕਾਫਲੇ ਦੇ ਰਾਹੀਂ ਰਜਾਈਆਂ ਵਿਚ ਨਿੱਘ ਭਾਲਦੇ, ਆਰਾਮ ਕਰ ਰਹੇ, ਸੁਫਨੇ ਬੁਣ ਰਹੇ ਸਨ। ਗਰਮੀ, ਸਰਦੀ, ਸੰਘਰਸ਼, ਸੁਫਨੇ ਅਜੀਬ ਮੇਲ ਸੀ। ਬਾਅਦ ਵਿਚ ਕਈ ਵਾਰੀ ਕਾਂਸ਼ੀ ਰਾਮ ਜੀ ਨੇ ਇਸ ਘਟਨਾ ਦਾ ਜ਼ਿਕਰ ਕਰਨਾ ਤੇ ਹਰ ਵਾਰੀ ਕਾਫਲੇ ਦੇ ਦੋ ਤਿੰਨ ਬੰਦਿਆਂ ਦੇ ਮੌਤ ਦੇ ਮੂੰਹ ਵਿਚ ਜਾਣੋਂ ਬਚਣ ਦਾ ਜ਼ਿਕਰ ਕਰਦੇ। ਕਿਹੋ ਜਿਹਾ ਇਨਸਾਨ ਸੀ ਕਾਂਸ਼ੀ ਰਾਮ ਜਿਸਨੇ ਆਪਣੇ ਵਰਗੇ ਹੀ ਕਿੰਨੇ ਮਰਜੀਵੜੇ ਪੈਦਾ ਕਰ ਦਿੱਤੇ ਸਨ।

4. ਕਾਂਸੀ ਰਾਮ ਜੀ ਬਚਪਨ ਤੋਂ ਹੀ ਮਿਹਨਤੀ ਸੁਭਾਅ ਦੇ ਸਨ। ਜਦੋਂ ਕਦੇ ਉਹਨਾਂ ਨਾਲ ਬੱਸ ਜਾਂ ਕਾਰ ਵਿਚ ਚੰਡੀਗੜ੍ਹ ਤੋਂ ਰੋਪੜ ਹੁੰਦੇ ਹੋਏ ਵੱਡੇ ਪੁਲ ਉਪਰੋਂ ਗੁਜ਼ਰਨਾ ਤਾਂ ਉਹ ਸੱਜੇ ਪਾਸੇ ਦੂਰ ਦਿੱਸਦੇ ਉਹਨਾਂ ਦੇ ਪਿੰਡ ਖੁਆਸਪੁਰੇ ਦੀਆਂ ਯਾਦਾਂ ਵਿਚ ਗੁਆਚ ਜਾਂਦੇ ਤੇ ਕਿੰਨਾ ਚਿਰ ਦੂਰ ਉੱਧਰ ਵੇਖਦੇ ਕੁਝ ਸੋਚਦੇ ਰਹਿੰਦੇ। ਫਿਰ ਇਕ ਵਾਰੀ ਕਹਿਣ ਲੱਗੇ ਕਿ ਪਿੰਡ ਦੇ ਨਾਲ ਵਗਦੇ ਦਰਿਆ ਵਿਚੋਂ ਅਸੀਂ ਪਿੰਡ ਦੇ ਮੁੰਡਿਆਂ ਨੇ ਇਕੱਠੇ ਹੋ ਕੇ ਉਸ ਵਿਚ ਹੜ੍ਹ ਕੇ ਆਈਆਂ ਸ਼ਤੀਰੀਆਂ ਜਾਂ ਹੋਰ ਛੋਟੀਆਂ-ਮੋਟੀਆਂ ਲੱਕੜਾਂ ਇਕੱਠੀਆਂ ਕਰਕੇ ਵੇਚ ਦੇਣੀਆਂ ਤੇ ਚੰਗੇ ਪੈਸੇ ਬਣਾ ਲੈਂਦੇ ਸਾਂ। ਪੜ੍ਹਾਈ ਦਾ ਖਰਚਾ ਵੀ ਨਿਕਲ ਜਾਂਦਾ ਸੀ ਤੇ ਕਈ ਵਾਰੀ ਉਹਨਾਂ ਪੈਸਿਆਂ ਦਾ ਦੇਸੀ ਘਿਓ ਖਰੀਦਕੇ ਖਾਣਾ, ਦੁੱਧ ਪੀਣਾ ਤੇ ਡੰਡ-ਬੈਠਕਾਂ ਮਾਰਨੀਆਂ, ਭਲਵਾਨੀ ਕਰਨੀ। ਇਸ ਬਾਰੇ ਆਮ ਘੱਟ ਹੀ ਪਤਾ ਹੈ ਕਿ ਉਹ ਆਪਣੇ ਵੇਲੇ ਚੰਗੇ ਜੁੱਸੇ ਵਾਲੇ ਚੰਗੇ ਭਲਵਾਨ ਰਹੇ ਹਨ। ਉਹਨਾਂ ਦਾ ਗਠਿਆ ਮਜ਼ਬੂਤ ਸਰੀਰ ਇਸ ਗੱਲ ਦੀ ਗਵਾਹੀ ਭਰਦਾ ਸੀ। ਉਹਨਾਂ ਦੇ ਚਾਚਾ ਬਿਸ਼ਨ ਸਿੰਘ ਜੀ ਵੀ ਦੱਸਦੇ ਹੁੰਦੇ ਸਨ ਕਿ ਉਹ ਚੰਗਾ ਭਲਵਾਨ ਸੀ ਤੇ ਜਦੋਂ ਕਦੇ ਉਹ ਕੋਈ ਕੁਸ਼ਤੀ ਜਿੱਤ ਕੇ ਆਉਂਦਾ ਤਾਂ ਇਨਾਮ ਵਜੋਂ ਉਹ ਉਸਨੂੰ ਘਿਓ ਦੀ ਪੀਪੀ ਦਿਆ ਕਰਦੇ ਸਨ। ਤਕੜੇ ਸਰੀਰ ਕਰਕੇ ਹੀ ਉਹਨਾਂ ਦੇ ਬਲਵਾਨ ਇਰਾਦੇ ਕਦੇ ਕਮਜ਼ੋਰ ਨਹੀਂ ਸੀ ਪਏ ਤੇ ਲਗਾਤਾਰ ਦਿਨ ਰਾਤ ਸੰਘਰਸ਼ ਕਰਨ ਤੋਂ ਕੰਨੀ ਨਹੀਂ ਸੀ ਕਤਰਾਉਂਦੇ। ਉਹਨਾਂ ਨੂੰ ਕਦੇ ਉਬਾਸੀ ਲੈਂਦਿਆਂ ਨਹੀਂ ਸੀ ਵੇਖਿਆ।

5. ਇਹ ਵੀ ਸ਼ਾਇਦ ਘੱਟ ਹੀ ਲੋਕਾਂ ਨੂੰ ਪਤਾ ਹੋਵੇਗਾ ਕਿ ਕਾਂਸ਼ੀ ਰਾਮ ਜੀ ਨੂੰ ਸ਼ੇਅਰ ਬਾਜ਼ਾਰ ਦਾ ਬੜਾ ਗਿਆਨ ਸੀ। ਉਹਨਾਂ ਆਪ ਦੱਸਿਆ ਸੀ ਕਿ ਜਦੋਂ ਉਹ ਪੂਨੇ ਵਿਚ ਨੌਕਰੀ ਕਰਦੇ ਸਨ ਤਾਂ ਸ਼ੇਅਰਾਂ ਤੋਂ ਉਹਨਾਂ ਨੇ ਚੋਖਾ ਪੈਸਾ ਕਮਾਇਆ। ਉਹਨਾਂ ਨੇ ਆਪਣੇ ਮੰਗਣੇ ਦੀ ਰਸਮ ਤੇ ਖਰਚ ਕਰਨ ਲਈ ਪੈਂਦੀ ਹਜ਼ਾਰ ਰੁਪਿਆ ਸ਼ੇਅਰਾਂ ਤੋਂ ਕਮਾ ਕੇ ਤਿਆਰ ਕਰਕੇ ਰੱਖਿਆ ਹੋਇਆ ਸੀ। ਉਹਨਾਂ ਦਿਨਾਂ ਵਿਚ ਉਹਨਾਂ ਦੀ ਮੰਗਣੀ ਤਹਿ ਹੋ ਚੁੱਕੀ ਸੀ ਤੇ ਰਸਮ ਹੋਣ ਵਾਲੀ ਸੀ। ਉਹਨਾਂ ਦਿਨਾਂ ਵਿਚ ਕਾਂਸ਼ੀ ਰਾਮ ਜੀ ਰਹਿੰਦੇ ਵੀ ਪੂਨੇ ਦੀ ਪੌਸ਼ (ਅਮੀਰ) ਕਲੌਨੀ ਵਿਚ ਸੀ ਤੇ ਚੰਗੇ ਵਧੀਆ ਕੱਪੜੇ ਪਹਿਨਦੇ ਸਨ ਤੇ ਠਾਠ-ਬਾਠ ਨਾਲ ਰਹਿੰਦੇ ਸਨ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਉਹ ਮੰਗਣੇ ਤੇ ਹੀ ਇੰਨਾ ਪੈਸਾ ਲਾਉਣਾ ਚਾਹੁੰਦੇ ਸਨ, ਵਿਆਹ ਕਿੰਨੇ ਠਾਠ-ਬਾਠ ਨਾਲ ਕਰਨ ਦੇ ਚਾਹਵਾਨ ਸਨ। ਪਰ ਜਦੋਂ ਵਕਤ ਨੇ ਮੋੜਾ ਖਾਧਾ ਤਾਂ ਸਮਾਜ ਨੂੰ ਇੰਨੇ ਸਮਰਪਿਤ ਹੋ ਗਏ ਕਿ ਵਿਆਹ ਕਰਵਾਉਣ ਤੋਂ ਹੀ ਨਾਂਹ ਕਰ ਦਿੱਤੀ ਤੇ ਮਾਂ ਨੂੰ ਚਿੱਠੀ ਲਿਖ ਦਿੱਤੀ ਕਿ ਸਮਝ ਲੈ ਤੇਰਾ ਪੁੱਤ ਮਰ ਗਿਆ ਹੈ। ਕਿੰਨੇ ਹੀ ਸਾਲ ਮਾਂ ਰੋਂਦੀ ਰਹੀ ਕਿ ਉਸਦਾ ਪੁੱਤ ਦੁਨੀਆਂ ਤੇ ਨਹੀਂ ਰਿਹਾ। ਤੇ ਫਿਰ ਉਹ ਆਪਣੇ ਮੰਤਵ ਦੀ ਪੂਰਤੀ ਵਿਚ ਖਾਣ-ਪੀਣ, ਪਹਿਨਣ ਸਭ ਕੁਝ ਹੀ ਭੁੱਲ ਗਿਆ। ਬਾਅਦ ਵਿਚ ਤਾਂ ਇਹ ਹਾਲ ਸੀ ਕਿ ਉਹ ਕੱਪੜੇ ਤਾਂ ਭਾਵੇਂ ਸਾਫ ਸੁਥਰੇ ਪਹਿਨਦੇ ਸਨ ਪਰ ਚਟਕ ਮਟਕ ਨਹੀਂ। ਪੈਰਾਂ ਵਿਚ ਚੱਪਲ ਹੀ ਜ਼ਿਆਦਾ ਪਹਿਨਦੇ ਸਨ। ਪੈਰਾਂ ਦੇ ਨਹੁੰ ਕੱਟਣ ਦਾ ਵੀ ਕਦੇ ਕਦੇ ਵਕਤ ਮਿਲਦਾ ਉਹ ਵੀ ਜੇ ਕਿਤੇ ਕੋਈ ਵਰਕਰ ਜ਼ੋਰ ਪਾਉਂਦਾ। ਜਦੋਂ ਉਹਨਾਂ ਇਕ ਵਾਰੀ ਇਕ ਕਾਨਫਰੰਸ ਵਿਚ ਭਾਗ ਲੈਣ ਜਾਪਾਨ ਜਾਣਾ ਸੀ ਤਾਂ ਉਹਨਾਂ ਲਈ ਗਰਮ ਸੂਟ ਸਵਾਇਆ ਗਿਆ ਤਾਂ ਸੂਟ ਨਾਲ ਬੂਟ ਪਾਉਣ ਵਿਚ ਉਹਨਾਂ ਨੂੰ ਬਹੁਤ ਮੁਸ਼ਕਿਲ ਪੇਸ਼ ਆਈ ਕਿਉਂਕਿ ਉਹ ਖੁੱਲ੍ਹੇ ਕੱਪੜੇ ਤੇ ਖੁੱਲ੍ਹੀ ਚੱਪਲ ਪਹਿਨ ਕੇ ਜ਼ਿਆਦਾ ਖੁਸ਼ ਤੇ ਸੁਖਾਲੇ ਰਹਿੰਦੇ ਸਨ।

6. ਕਾਂਸ਼ੀ ਰਾਮ ਜੀ ਨੇ ਸਮਾਜ ਲਈ ਜੋ ਕਰਨ ਦਾ ਬੀੜਾ ਚੁੱਕਿਆ ਸੀ, ਉਸ ਲਈ ਇਕ ਸਮਰਪਿਤ ਤੇ ਹਰ ਤਰ੍ਹਾਂ ਨਾਲ ਸੋਧੇ ਹੋਏ ਖਾਸ ਕਿਸਮ ਦੇ ਇਨਸਾਨ ਦੀ ਲੋੜ ਸੀ ਜੋ ਉਹਨਾਂ ਨੇ ਆਪਣੇ ਆਪ ਨੂੰ ਉਸ ਅਨੁਸਾਰ ਹੀ ਢਾਲ ਲਿਆ ਸੀ। ਉਹ ਘੰਟਿਆਂ ਬੱਧੀ ਬਿਨਾਂ ਦਿਨ ਰਾਤ ਵੇਖਿਆਂ ਬਿਨਾਂ ਭੁੱਖ ਪਿਆਸ ਦੀ ਪਰਵਾਹ ਕੀਤਿਆਂ ਲਗਾਤਾਰ ਕੰਮ ਵਿਚ ਰੁੱਝੇ ਰਹਿੰਦੇ। ਇਸ ਤੋਂ ਇਲਾਵਾ ਹੋਰ ਕਿਸੇ ਤਰ੍ਹਾਂ ਦੇ ਕੰਮਾਂ ਲਈ ਉਹਨਾਂ ਕੋਲ ਕੋਈ ਸਮਾਂ ਨਹੀਂ ਸੀ। ਕਿਸੇ ਦੇ ਵਿਆਹ, ਭੋਗ, ਰਸਮ ਉਹਨਾਂ ਲਈ ਕੋਈ ਮਾਅਨੇ ਨਹੀਂ ਸੀ ਰੱਖਦੇ। ਚੌਵੀ ਘੰਟਿਆਂ ਵਿਚੋਂ ਕਦੇ ਕਦੇ ਤਾਂ ਇਕ ਘੰਟਾ ਹੀ ਸੌਂ ਕੇ ਸਾਰ ਲੈਂਦੇ ਸਨ। ਜਦੋਂ ਕਦੇ ਕੈਡਰ ਕੈਂਪ ਲੈ ਰਹੇ ਹੁੰਦੇ ਤਾਂ ਸਾਰੀ ਰਾਤ ਬੋਲਦੇ ਰਹਿੰਦੇ ਸਨ। ਜਦੋਂ ਸੁਸਤੀ ਜਾਂ ਥਕਾਵਟ ਮਹਿਸੂਸ ਕਰਨਾ ਤਾਂ ਕਹਿਣਾ ਕਿ ਮੈਂ ਅੱਧਾ ਘੰਟਾ ਆਰਾਮ ਕਰਨਾ ਹੈ ਤੁਸੀਂ ਵੀ ਛੁੱਟੀ ਕਰ ਲਓ। ਪੈਂਦਿਆਂ ਹੀ ਘੁਰਾੜੇ ਮਾਰਨੇ ਸ਼ੁਰੂ ਕਰ ਦੇਣੇ ਤੇ ਅੱਧੇ ਘੰਟੇ ਮਗਰੋਂ ਆਪਦੇ ਆਪ ਉੱਠ ਬੈਠਦੇ ਤੇ ਅੱਖਾਂ ਤੇ ਛਿੱਟੇ ਮਾਰ ਤਰੋ ਤਾਜ਼ਾ ਹੋ ਕੇ ਫਿਰ ਜੁਟ ਜਾਂਦੇ। ਜਦੋਂ ਕੋਈ ਵੱਡਾ ਪ੍ਰੋਗਰਾਮ ਉਲੀਕਣਾ ਤਾਂ ਨਾਲ ਹੀ ਆਪਣੇ ਆਪ ਨਾਲ ਵੀ ਇਹ ਵਾਅਦਾ ਕਰਦੇ ਕਿ ਮੈਂ ਇੰਨਾ ਚਿਰ ਸਾਲ ਜਾਂ ਛੇ ਮਹੀਨੇ ਬਿਮਾਰ ਵੀ ਨਹੀਂ ਹੋਣਾ ਜਦੋਂ ਤੱਕ ਕਿ ਪ੍ਰੋਗਰਾਮ ਮੁਕੰਮਲ ਨਹੀਂ ਹੋ ਜਾਂਦਾ। ਕਿੰਨਾ ਸਵੈ ਕਾਬੂ ਵਾਲਾ ਸਮਰਪਿਤ ਇਨਸਾਨ ਸੀ ਉਹ। ਥਕਾਵਟ ਦੂਰ ਕਰਨ ਅਤੇ ਤਰੋਤਾਜ਼ਾ ਹੋਣ ਦਾ ਉਹਨਾਂ ਦਾ ਇਕ ਹੋਰ ਤਰੀਕਾ ਵੀ ਸੀ। ਗੰਭੀਰ ਤੋਂ ਗੰਭੀਰ ਵਿਚਾਰ ਚਰਚਾ ਕਰਦਿਆਂ ਜਦੋਂ ਉਹਨਾਂ ਵੇਖਣਾ ਕਿ ਚਰਚਾ ਵਿਚ ਹਿੱਸਾ ਲੈਣ ਵਾਲੇ ਕਿਤੇ ਬੋਝ ਮਹਿਸੂਸ ਕਰਨ ਲੱਗ ਪਏ ਹਨ ਜਾਂ ਉਹ ਆਪ ਵੀ ਕੁਝ ਥਕਾਵਟ ਮਹਿਸੂਸ ਕਰਨ ਲੱਗ ਪਏ ਹਨ ਤਾਂ ਅਜਿਹੇ ਮੌਕੇ ਉਹ ਆਪਣੇ ਤਜਰਬੇ 'ਚੋਂ ਕੋਈ ਅਜਿਹੀ ਹਾਸੇ ਵਾਲੀ ਗੱਲ ਸਾਂਝੀ ਕਰਦੇ ਕਿ ਆਪ ਵੀ ਲੋਟ ਪੋਟ ਹੋ ਜਾਂਦੇ ਤੇ ਸੁਣਨ ਵਾਲੇ ਵੀ ਹੱਸ ਹੱਸ ਦੂਹਰੇ ਹੋ ਜਾਂਦੇ। ਉਹ ਹੱਸਦੇ ਵੀ ਬਹੁਤ ਖੁੱਲ੍ਹ ਕੇ ਸੀ- ਚਿਹਰਾ ਲਾਲ ਹੋ ਜਾਂਦਾ ਸੀ ਤੇ ਅੱਖਾਂ ਵਿਚ ਅੱਥਰੂ ਆ ਜਾਂਦੇ।

7. ਉਹ ਛੋਟੇ ਤੋਂ ਛੋਟਾ ਜਾਂ ਵੱਡੇ ਤੋਂ ਵੱਡਾ ਜੋ ਵੀ ਕੰਮ ਕਰਦੇ ਤਾਂ ਹਮੇਸ਼ਾ ਇਹੀ ਸੋਚ ਕੇ ਕਰਦੇ ਕਿ ਇਸ ਵਿਚੋਂ ਸਮਾਜ ਲਈ ਕੋਈ ਲਾਭਦਾਇਕ ਗੱਲ ਜਾਂ ਕੋਈ ਸੇਧ ਨਿਕਲ ਸਕਦੀ ਹੈ ਜਾਂ ਨਹੀਂ। ਇਕ ਵਾਰੀ ਉਹਨਾਂ ਨੂੰ ਜਾਪਾਨ ਵੱਲੋਂ ਇਕ ਏਸ਼ੀਆਈ ਕਾਨਫਰੰਸ ਵਿਚ ਹਿੱਸਾ ਲੈਣ ਲਈ ਸੱਦਾ ਪੱਤਰ ਆਇਆ। ਕਾਨਫਰੰਸ ਵੱਖ ਵੱਖ ਦੇਸ਼ਾਂ ਵਿਚ ਦੱਬੇ ਕੁਚਲੇ ਲੋਕਾਂ ਦੀਆਂ ਸਮੱਸਿਆਵਾਂ ਵਿਚਾਰਨ ਦੇ ਸਬੰਧ ਵਿਚ ਸੀ। ਕਾਨਫਰੰਸ ਵਿਚ ਵੱਖ ਵੱਖ ਦੇਸ਼ਾਂ ਦੇ ਖਾਣ-ਪੀਣ ਦੇ ਵੱਖ-ਵੱਖ ਪ੍ਰਬੰਧ ਸਨ ਕਿਉਂਕਿ ਸਭ ਦੇ ਆਪਣੇ ਆਪਣੇ ਢੰਗ-ਤਰੀਕੇ ਸਨ। ਪਰ ਇਕ ਦਿਨ ਉਹਨਾਂ ਨੇ ਅਜਿਹਾ ਰੱਖਿਆ ਸੀ ਕਿ ਹਰ ਇਕ ਦੀ ਮਨਪਸੰਦ ਦਾ ਖਾਣਾ ਉਹਨਾਂ ਨੇ ਤਿਆਰ ਕਰਨਾ ਸੀ। ਜਦੋਂ ਕਾਂਸ਼ੀ ਰਾਮ ਜੀ ਨੂੰ ਉਹਨਾਂ ਦੀ ਪਸੰਦ ਪੁੱਛੀ ਗਈ ਤਾਂ ਉਹਨਾਂ ਨੇ ਆਖਿਆ ਕਿ ਜੋ ਜਾਪਾਨੀਆਂ ਦਾ ਸਭ ਤੋਂ ਚੰਗਾ ਖਾਣਾ ਹੁੰਦਾ ਹੈ ਮੈਂ ਉਹ ਹੀ ਖਾਵਾਂਗਾ। ਇਹ ਗੱਲ ਦੱਸਦਿਆਂ ਵੀ ਉਹ ਬਹੁਤ ਖੁੱਲ੍ਹ ਕੇ ਹੱਸਦੇ ਹੁੰਦੇ ਸਨ। ਜਦੋਂ ਖਾਣਾ ਖਾਣ ਲੱਗੇ ਤਾਂ ਉਸ ਵਿਚ ਇਕ ਖਾਸ ਕਿਸਮ ਦੀ ਮੱਛੀ ਵੀ ਪਰੋਸੀ ਗਈ ਜੋ ਬਿਲਕੁਲ ਕੱਚੀ ਹੀ ਸੀ। ਫਸਿਆ ਹੋਇਆ ਮਹਿਸੂਸ ਕਰਨ ਲੱਗੇ ਤੇ ਇੱਧਰ ਉਧਰ ਵੇਖਿਆ ਕਿ ਪੰਗਾ ਹੀ ਲੈ ਲਿਆ। ਖਾਣੇ ਦੇ ਮੇਜ ਤੇ ਕਿੰਨੀ ਹੀ ਹੋਰ ਵੀ ਬੈਠੇ ਸਨ। ਨਾਂਹ ਵੀ ਨਹੀਂ ਸੀ ਕਰ ਸਕਦੇ, ਆਪਣੀ ਮਰਜ਼ੀ ਨਾਲ ਹੀ ਤਾਂ ਉਹਨਾਂ ਨੇ ਇਸ ਖਾਣੇ ਦੀ ਸਹਿਮਤੀ ਦਿੱਤੀ ਸੀ। ਉਹਨਾਂ ਦਿਲ ਮਜ਼ਬੂਤ ਕੀਤਾ ਤੇ ਕੱਚੀ ਮੱਛੀ ਮੂੰਹ ਵਿਚ ਪਾ ਲਈ। ਚਿੱਥਦਿਆਂ ਜਾੜ੍ਹਾਂ ਵਿਚ ਫਸ ਗਈ ਤੇ ਜ਼ੋਰ ਨਾਲ ਅੰਦਰ ਨਿਗਲਣ ਤੇ ਵੀ ਬਾਹਰ ਨੂੰ ਆਵੇ, ਅੱਖਾਂ ਅੱਡੀਆਂ ਗਈਆਂ ਤੇ ਅੱਖਾਂ ਵਿਚ ਪਾਣੀ ਆ ਗਿਆ। ਫਿਰ ਪਾਣੀ ਦਾ ਗਿਲਾਸ ਲਿਆ ਤੇ ਪਾਣੀ ਨਾਲ ਅੰਦਰ ਨਿਗਲ ਲਈ ਤੇ ਇੰਜ ਹੀ ਘੁਟਾਂਬਾਟੀ ਸਾਰੀ ਮੱਛੀ ਮੁਕਾ ਲਈ। ਬਾਅਦ ਵਿਚ ਜਾਪਾਨੀ ਮੇਜ਼ਬਾਨਾਂ ਨੇ ਪੁੱਛਿਆ ਕਿ ਤੁਹਾਨੂੰ ਇਹ ਕੱਚੀ ਮੱਛੀ ਖਾਣ ਵਿਚ ਮੁਸ਼ਕਿਲ ਨਹੀਂ ਆਈ, ਤੁਹਾਡਾ ਕਲਚਰ ਤਾਂ ਇਹੋ ਜਿਹਾ ਨਹੀਂ ਹੈ? ਕਿਉਂ ਨਹੀਂ ਹੈ? ਉਹਨਾਂ ਕਿਹਾ ਇਹ ਤਾਂ ਮੱਛੀ ਹੈ ਸਾਡੇ ਬਜ਼ੁਰਗਾਂ ਨੂੰ ਤਾਂ ਮਰੇ ਹੋਏ ਡੰਗਰ ਖਾਣੇ ਪੈਂਦੇ ਸਨ। ਤੇ ਉਹਨਾਂ ਨੇ ਆਪਣੇ ਬਜ਼ੁਰਗਾਂ ਨਾਲ ਹੁੰਦੀਆਂ ਵਧੀਕੀਆਂ ਦਾ ਇਤਿਹਾਸ ਸਮਝਾ ਦਿੱਤਾ। ਸ਼ੂਦਰਾਂ ਨਾਲ ਹੋਈਆਂ ਵਧੀਕੀਆਂ ਸੁਣ ਕੇ ਜਪਾਨੀਆਂ ਨੇ ਬੜਾ ਦੁੱਖ ਦਰਦ ਮਹਿਸੂਸ ਕੀਤਾ।

8. ਇਸੇ ਤਰ੍ਹਾਂ ਉਹਨਾਂ ਨੂੰ ਇਕ ਹੋਰ ਕਿਸੇ ਜ਼ਰੂਰੀ ਮੀਟਿੰਗ ਵਿਚ ਹਿੱਸਾ ਲੈਣ ਮਗਰੋਂ ਖਾਣੇ ਦੀ ਮੇਜ ਤੇ ਭਾਰਤ ਦੇ ਗਿਣੇ-ਚੁਣੇ ਕੁਝ ਅਮੀਰ ਲੋਕਾਂ ਨਾਲ ਖਾਣਾ ਖਾਣ ਦਾ ਮੌਕਾ ਮਿਲਿਆ। ਉਥੇ ਵੀ ਉਹਨਾਂ ਮੌਕਾ ਨਾ ਖੁੰਝਣ ਦਿੱਤਾ ਤੇ ਆਪਣੀ ਗੱਲ ਉਹਨਾਂ ਨੂੰ ਸੁਣਾ ਦਿੱਤੀ। ਹੋਇਆ ਇੰਝ ਕਿ ਉਹਨਾਂ ਵਿਚ ਬਹੁਤੇ ਪਰਹੇਜ਼ ਕਰਨ ਵਾਲੇ ਸਨ। ਕੋਈ ਮਿੱਠੇ ਤੋਂ ਪਰਹੇਜ਼ ਕਰ ਰਿਹਾ ਸੀ, ਕੋਈ ਨਮਕ ਤੋਂ ਤੇ ਕੋਈ ਘਿਓ ਤੋਂ। ਕਾਂਸ਼ੀ ਰਾਮ ਜੀ ਨੇ ਖੂਬ ਰੱਜ ਖਾਣਾ ਖਾਧਾ ਤੇ ਉਹਨਾਂ ਨੂੰ ਕਹਿਣ ਲੱਗੇ ਕਿ ਤੁਸੀਂ ਇੰਨੇ ਪੈਸੇ ਕਮਾ ਕੇ ਕੀ ਕਰੋਗੇ ਤੁਸੀਂ ਤੁਸੀਂ ਕੁਝ ਖਾ ਪੀ ਤਾਂ ਸਕਦੇ ਨਹੀਂ? ਇਹੋ ਜਿਹਾ ਇਹ ਖਾਣਾ ਤੁਹਾਡੇ ਲਈ ਨਹੀਂ ਚਾਹੀਦਾ। ਤੁਹਾਡਾ ਖਾਣਾ ਹੋਰ ਹੈ- ਹਲਕਾ ਫੁਲਕਾ। ਇਹ ਸਾਡੀ ਲੋੜ ਹੈ। ਇਸ ਤਰ੍ਹਾਂ ਦੇ ਖਾਣੇ ਨੂੰ ਸਾਡੇ ਗਰੀਬ ਸਮਾਜ ਤੱਕ ਪਹੁੰਚਣ ਦਿਓ।

9. ਇਸ ਤਰ੍ਹਾਂ ਸੰਘਰਸ਼ ਵਿਚੋਂ ਗੁਜ਼ਰਦਿਆਂ, ਨਵੇਂ ਨਵੇਂ ਤਜਰਬੇ ਹੰਢਾਉਂਦਿਆਂ, ਕਿਤੇ ਰੁੱਖੀ ਮਿਸੀ ਖਾ ਕੇ, ਕਿਤੇ ਭੁੱਖਿਆਂ ਰਹਿ ਕੇ ਉਹ ਲਗਾਤਾਰ ਆਪਣੀ ਤੋਰ ਤੁਰਦੇ ਰਹੇ। ਇਕ ਵਾਰੀ ਜਦੋਂ ਉਹ ਸਾਡੇ ਘਰ ਠਹਿਰੇ ਤਾਂ ਉਸ ਦਿਨ ਉਹਨਾਂ ਦਾ ਜਨਮ ਦਿਨ ਸੀ। ਅਸੀਂ ਉਹਨਾਂ ਨੂੰ ਮੁਬਾਰਕਾਂ ਦਿੱਤੀਆਂ ਤਾਂ ਉਹ ਕਹਿਣ ਲੱਗੇ, ਅੱਛਾ ਮੈਨੂੰ ਤਾਂ ਯਾਦ ਹੀ ਨਹੀਂ ਸੀ। ਅਸੀਂ ਕਿਹਾ ਕਿ ਚੱਲੋ ਦੱਸੋ ਕਿਵੇਂ ਮਨਾਈਏ? ਕਹਿਣ ਲੱਗੇ ਕਿ ਤੁਹਾਨੂੰ ਗੁਰਦੁਆਰੇ ਵਾਲਾ ਕੜਾਹ ਬਣਾਉਣਾ ਆਉਂਦਾ ਹੈ? ਮੈਨੂੰ ਉਹ ਬਹੁਤ ਸੁਆਦ ਲਗਦਾ ਹੈ, ਉਹ ਬਣਾਓ। ਤਰਲੋਚਨ (ਮੇਰੀ ਪਤਨੀ) ਕਹਿਣ ਲੱਗੀ ਹਾਂ ਮੈਨੂੰ ਆਉਂਦਾ ਹੈ ਮੈਂ ਹੁਣੇ ਬਣਾ ਕੇ ਲਿਆਈ। ਉਸਨੇ ਥੋੜ੍ਹੀ ਦੇਰ ਮਗਰੋਂ ਗਰਮਾ ਗਰਮ ਤੈਰਦੇ ਘਿਓ ਵਾਲੇ ਕੜਾਹ ਦਾ ਛੋਟਾ ਡੌਂਗਾ ਮੇਜ਼ 'ਤੇ ਲਿਆ ਰੱਖਿਆ ਤੇ ਮੁੜ ਕੌਲੀਆਂ ਚਮਚ ਲਿਆਉਣ ਰਸੋਈ ਵਿਚ ਚਲੀ ਗਈ। ਮੁੜ ਕੇ ਆਈ ਤਾਂ ਵੇਖਿਆ ਕਾਂਸ਼ੀ ਰਾਮ ਜੀ ਨੇ ਡੌਂਗਾ ਹੀ ਆਪਣੇ ਵੱਲ ਕਰ ਲਿਆ ਤੇ ਚਮਚੇ ਦੀ ਉਡੀਕ ਕਰ ਰਹੇ ਸਨ। ਕਹਿਣ ਲੱਗੇ ਇਹ ਤਾਂ ਮੇਰਾ ਹੀ ਹੈ, ਤੁਸੀਂ ਹੋਰ ਲੈ ਲਓ। ਅਸੀਂ ਬੜੇ ਹੱਸੇ ਤੇ

(ਬਾਕੀ ਅਗਲੇ ਸਫੇ ਤੇ)

ਕਹਾਣੀ

# ਅਨੋਖਾ ਇੰਨਸਾਫ

ਸਰੂਚੀ ਕੰਬੋਜ (98723-48277)



ਅਨਾਥ ਨੂਰਾਂ ਲਈ ਉਸਦਾ ਪਰਿਵਾਰ ਉਸਦਾ ਪਿੰਡ ਹੀ ਸੀ। ਉਹ ਅਪਣੇ ਪਿੰਡ ਦੀ ਸਭ ਤੋਂ ਸੋਹਣੀ ਤੇ ਸੁਸ਼ੀਲ ਕੁੜੀ ਸੀ।ਪਤਲੀ ਛਮਕ ਜਿਹੀ ਨਾਰ, ਨਿਡਰ ਤੇ ਦਲੇਰ।ਪੂਰੇ ਪਿੰਡ ਦਾ ਮਾਨ ਤੇ ਜਾਨ ਸੀ ਉਹ। ਕੋਈ ਵੀ ਬੁਰਾਈ ਉਸ ਤੋਂ ਬਰਦਾਸ਼ਤ ਨਹੀਂ ਹੁੰਦੀ ਸੀ। ਜੇਕਰ ਕੋਈ ਕਿਸੇ ਨਾਲ ਬੁਰਾ ਸਲੂਕ ਕਰਦਾ ਤਾਂ ਉਹ ਕਿਰਪਾਨ ਨਾਲੋਂ ਵੀ ਤੇਜ਼ ਜਵਾਬ ਦਿੰਦੀ ਤੇ ਜਿਥੇ ਸਮਝਾਉਣਾ ਪੈਂਦਾ ਉਥੇ ਉਸਨੂੰ ਸਮਝਾਉਂਦੀ ਵੀ। ਹਰ ਇਕ ਖੂਬੀ ਸੀ ਉਸ ਵਿਚ ਸੋਹਣੀ ਵੀ ਹੱਦੋਂ ਵੱਧ ਤੇ ਬਹਾਦਰ ਵੀ।ਇਹੀ ਵਜ੍ਹਾ ਸੀ ਕਿ ਪਿੰਡ ਵਿਚ ਹਰ ਕੋਈ ਛੋਟਾ ਵੱਡਾ ਉਸਨੂੰ ਪਸੰਦ ਕਰਦਾ ਸੀ। ਪਿੰਡ ਦਾ ਹਰ ਮੁੰਡਾ ਉਸਨੂੰ ਪਾਉਣ ਦੀ ਚਾਹ ਰੱਖਦਾ ਸੀ ਪਰ ਜਿਸ ਤੇ ਉਹ ਜਾਨ ਛਿੜਕਦੀ ਸੀ ਉਹ ਸੀ ਨਿਹਾਲ ਜਿਸ ਤੇ ਉਸਦੀ ਹਰ ਖੁਸ਼ੀ ਹਰ ਇੱਛਾ ਉਸਦਾ ਸੰਸਾਰ ਸਵਰਗ ਸਭ ਕੁਰਬਾਨ ਸੀ। ਭਲੇ ਹੀ ਉਹ ਗਰੀਬ ਪਰਿਵਾਰ ਤੋਂ ਸੀ ਪਰ ਸੀ ਬਹੁਤ ਬਹਾਦਰ ਦਲੇਰ ਤੇ ਸੋਹਣਾ ਜੱਟ। ਜੇ ਕਿਸੇ ਨੇ ਪਿੰਡ ਦਾ ਸੋਹਣਾ ਜੱਟ ਵੇਖਣਾ ਤਾਂ ਸਭ ਕਹਿੰਦੇ ਨਿਹਾਲ ਸਿੰਘ ਨੂੰ ਵੇਖ ਲਓ। ਨਿਹਾਲ ਸਿੰਘ ਵੀ ਦਿਲੀ ਨੂਰਾਂ ਨੂੰ ਬਹੁਤ ਚਾਹੁੰਦਾ ਸੀ।ਜਦ ਘਰ ਦਿਆਂ ਨੂੰ ਪਤਾ ਲੱਗਿਆ ਝੱਟ ਉਹਨਾਂ ਨੂਰਾਂ ਨੂੰ ਅਪਣੇ ਘਰ ਦੀ ਨੂੰਹ ਬਣਾਉਣ ਦਾ ਫੈਸਲਾ ਕਰ ਲਿਆ ਸੀ।ਭਲੇ ਗਰੀਬ ਸੀ ਪਰ ਹਰ ਅੱਛਾਈ ਭਰੀ ਸੀ ਨੂਰਾਂ ਵਿੱਚ।ਤੇ ਇਸੇ ਗੱਲ ਦਾ ਨਿਹਾਲ ਸਿੰਘ ਨੂੰ ਡਰ ਵੀ ਲੱਗਦਾ ਸੀ ਕਿ ਕਿਤੇ ਨੂਰਾਂ ਦੀ ਅੱ-ਛਾਈ ਹੀ ਉਸ ਦੀ ਦੁਸ਼ਮਣ ਨਾ ਬਣ ਜਾਵੇ

ਫਿਰ ਇਕ ਦਿਨ ਅਚਾਨਕ ਨੂਰਾਂ ਦਾ ਟਾਕਰਾ ਪਿੰਡ ਦੇ ਜਗੀਰਦਾਰ ਤੇ ਨੌਜਵਾਨ ਗੱਭਰੂ ਬਲਰਾਜ ਨਾਲ ਹੋ ਗਿਆ।ਨੂਰਾਂ ਤੇ ਉਸ ਦੀਆਂ ਕੁਝ ਸਹੇਲੀਆਂ ਬਲਰਾਜ ਸਿੰਘ ਦੇ ਖੇਤਾਂ ਵਿਚ ਲੱਗੀ ਬੇਰੀ ਦੇ ਹੇਠਾਂ ਡਿੱਗੇ ਬੇਰਾਂ ਨੂੰ ਚੁੱਕ ਰਹੀਆਂ ਸਨ ਕਿ ਅਚਾਨਕ ਬਲਰਾਜ ਉੱਥੇ ਆ ਗਿਆ ਤੇ ਉਹਨਾਂ ਸਭ ਨੂੰ ਛੇੜਨ ਲੱਗ ਗਿਆ।

ਨੂਰਾਂ ਨੇ ਪਹਿਲਾਂ ਤਾਂ ਉਸਨੂੰ ਬੜੇ ਪਿਆਰ ਨਾਲ ਸਮਝਾਇਆ ਪਰ ਜਦ ਉਸਤੇ ਕੋਈ ਅਸਰ ਨਾ ਹੋਇਆ ਤਾਂ ਉਸਨੇ ਉਸਨੂੰ ਪੱਥਰ ਚੁੱਕ ਕੇ ਵਿਖਾਉਂਦੇ ਹੋਏ ਅਜਿਹਾ ਕਰਨ ਤੋਂ ਮਨਾ ਕੀਤਾ ਪਰ ਉਸਨੇ ਝੱਟ ਨਾਲ ਉਸਦੀ ਬਾਂਹ ਫੜ ਲਈ ਤੇ ਉਹ ਪੱਥਰ ਦਾ ਟੁਕੜਾ ਹੇਠਾਂ ਡਿੱਗ ਪਿਆ। ਨੂਰਾਂ ਨੇ ਵੀ ਪੂਰੀ ਤਾਕਤ ਨਾਲ ਉਸਨੂੰ ਧੱਕਾ ਮਾਰ ਕੇ ਜਮੀਨ ਤੇ ਡੇਗ ਦਿੱਤਾ ਤੇ ਦੋਬਾਰਾ ਉਹੀ ਪੱਥਰ ਚੁੱਕ ਕੇ ਉਸ ਦੇ ਸਿਰ ਚ ਜੋਰ ਨਾਲ ਮਾਰਿਆ। ਬਲਰਾਜ ਨੂੰ ਲਹੂ ਲੁਹਾਨ ਤੇ ਚਾਰੇ ਖਾਨੇ ਚਿੱਤ ਕਰ ਉਹ ਉਥੋਂ ਅਪਨੀਆ ਸਹੇਲੀਆਂ ਨਾਲ ਵਾਪਸ ਪਰਤ ਆਈ।ਬਲਰਾਜ ਨੇ ਕੁੜੀਆਂ ਨਾਲ ਕੀਤੀ ਛੇੜਖਾਨੀ ਤੇ ਆਪਣੀ ਹਾਰ ਨੂੰ ਕੁਝ ਪਲ ਚ ਹੀ ਭੁਲਾ ਦਿੱਤਾ। ਪਰ ਉਸਨੂੰ ਅਪਣੀ ਹਾਰ ਦਾ ਬਹੁਤ ਜਿਆਦਾ ਅਹਿਸਾਸ ਤਦ ਹੋਇਆ ਜਦ ਅਗਲੇ ਦਿਨ ਸਾਰੇ ਪਿੰਡ ਵਿੱਚ ਇਹ ਗੱਲ ਫੈਲ ਗਈ ਕਿ ਨੂਰਾਂ ਨੇ ਬਲਰਾਜ ਨੂੰ ਕੁੜੀਆਂ ਨੂੰ ਛੇੜਨ ਦਾ ਚੰਗਾ ਸਬਕ ਸਿਖਾਇਆ। ਬਲਰਾਜ ਨੂੰ ਅਪਣੇ ਦੋਸਤਾਂ ਤੇ ਦੁਸ਼ਮਣਾਂ ਦੀਆਂ ਬਹੁਤ ਸਾਰੀਆਂ ਗੱਲਾਂ ਸੁਣਨੀਆ ਪਈਆਂ।ਕੁਝ ਦਿਨ ਤੇ ਉਹ ਖਾਮੋਸ਼ ਰਿਹਾ ਪਰ ਨੂਰਾਂ ਤੋਂ ਬਦਲਾ ਲੈਣ ਦੀ ਉਸਨੇ ਮਨ ਵਿਚ ਠਾਨ ਲਈ ਸੀ।ਇਕ ਦਿਨ ਉਸ ਨੇ ਅਪਣੇ ਕੁਝ ਦੋਸਤਾਂ ਨਾਲ ਮਿਲ ਕੇ ਨੂਰਾਂ ਨੂੰ ਸਬਕ ਸਿਖਾਉਣ ਦੀ ਸੋਚ ਲਈ ਸੀ।ਕਈ ਦਿਨ ਬੀਤ ਗਏ ਤੇ ਹੌਲੀ ਹੌਲੀ ਉਹ ਗੱਲ ਪੁਰਾਣੀ ਵੀ ਹੋ ਗਈ।

ਅੱਜ ਤੋਂ ਨੂਰਾਂ ਦੇ ਵਿਆਹ ਦੀਆਂ ਸਭ ਰਸਮਾਂ ਸ਼ੁਰੂ ਸਨ।ਪ੍ਰਾਹੁਣਿਆ ਦਾ ਘਰ ਆਉਣਾ ਜਾਣਾ ਸ਼ੁਰੂ ਹੋ ਗਿਆ ਸੀ।ਪਿੰਡ ਦੀਆਂ ਸਭ ਔਰਤਾਂ ਨੇ ਰਲ ਨੂਰਾਂ ਲਈ ਗਹਿਣੇ ਤੇ ਸੋਹਣੇ ਕੱਪੜੇ ਤਿਆਰ ਕੀਤੇ।ਨੂਰਾਂ ਦਾ ਮਨ ਆਪਣੀ ਛੋਟੀ ਜਿਹੀ ਝੋਪੜੀ ਨੂੰ ਪ੍ਰਾਹੁਣਿਆ ਨਾਲ ਭਰਿਆ ਵੇਖ ਕੇ ਬਹੁਤ ਖੁਸ਼ ਸੀ।ਖੁਸ਼ੀ ਕਾਰਨ ਉਹ ਪਹਿਲਾਂ ਤੋਂ ਵੀ ਜਿਆਦਾ ਸੋਹਣੀ ਲੱਗ ਰਹੀ ਸੀ।

ਅੱਧੀ ਰਾਤ ਹੋ ਗਈ ਸੀ ਸਭ ਮਹਿਮਾਨ ਅਪਣੇ ਅਪਣੇ ਘਰ ਚਲੇ ਗਏ ਤਾਂ ਜੋ ਅਗਲੇ ਦਿਨ ਬਾਰਾਤ ਦੇ ਸਵਾਗਤ ਦੀ ਤਿਆਰੀ ਵੀ ਕਰਨੀ ਸੀ। ਨੂਰਾਂ ਅਪਣੇ ਤੇ ਨਿਹਾਲ ਦੇ ਸੁਨਹਿਰੀ ਭਵਿੱਖ ਦੇ ਸੁਪਨਿਆਂ ਵਿਚ ਲੀਨ ਸੀ। ਉਸਨੂੰ ਹਰ ਪਾਸੇ ਨਿਹਾਲ ਆਉਂਦਾ ਵਿਖਾਈ ਦਿੰਦਾ ਘੋੜੇ ਤੇ ਸਵਾਰ ਲਹਿਰੀਆ ਪੱਗੜੀ ਬੰਨ ਕੇ ਤੇ ਇਕ ਹੱਥ ਤਲਵਾਰ ਪਕੜੇ। ਉਹ ਦੌੜ ਕੇ ਉਸਦੀਆਂ ਬਾਹਾਂ ਵਿੱਚ ਸਿਮਟ ਗਈ। ਉਹ ਉਹਨੂੰ ਅਪਣੀ ਗੋਦ ਵਿਚ ਚੁਕ ਅਪਣੇ ਪਿੰਡ ਦੀ ਬਜਾਏ ਕਿਤੇ ਦੂਰ ਆਪਣੇ ਸੁਪਨਿਆਂ ਦੇ ਸੰਸਾਰ ਵਿੱਚ ਲੈ ਕੇ ਜਾ ਰਿਹਾ ਸੀ। ਇਕ ਦੂਜੇ ਨੂੰ ਉਹ ਵੇਖ ਕੇ ਮੁਸਕਰਾ ਰਹੇ ਸਨ ਉਹ ਆਪਣੇ ਖਿਆਲਾਂ ਵਿੱਚ ਗੁਆਚੀ ਹੋਈ ਸੀ ਕਿ ਅਚਾਨਕ ਬਲਰਾਜ ਨੇ ਆਪਣੇ ਦੋਸਤਾਂ ਦੀ ਮਦਦ ਨਾਲ ਨੂਰਾਂ ਦੇ ਘਰ ਧਾਵਾ ਬੋਲ ਦਿੱਤਾ ਤੇ ਉਸ ਨੂੰ ਉਸਦੇ ਘਰੋਂ ਚੁੱਕ ਕੇ ਬਾਹਰ ਅਪਣੇ ਖੇਤ ਵਾਲੇ ਮਕਾਨ ਚ ਲੈ ਆਇਆ ਤੇ ਉਸ ਨਾਲ ਜੋਰ ਜਬਰਦਸਤੀ ਕਰਕੇ ਪਲਾਂ ਛਿਨਾ ਵਿੱਚ ਹੀ ਉਸਦੀ ਇੱਜ਼ਤ ਤਾਰ ਤਾਰ ਕਰ ਦਿੱਤੀ। ਜਦੋਂ ਕੁਝ ਪਲਾਂ ਬਾਅਦ ਉਸਨੂੰ ਹੋਸ਼ ਆਇਆ ਤੇ ਖੁਦ ਨੂੰ ਸੰਭਾਲ ਬੇਸੁੱਧ ਬੁਰੀ ਹਾਲਤ ਵਿਚ ਪਿੰਡ ਪਰਤੀ।

ਉਧਰ ਪਿੰਡ ਵਾਲਿਆਂ ਨੂੰ ਵੀ ਨੂਰਾਂ ਦੇ ਅਗਵਾ ਹੋਣ ਦੀ ਖਬਰ ਪਤਾ ਚਲ ਗਈ ਤੇ ਸਭ ਪਰੇਸ਼ਾਨ ਸਨ ਕਿ ਆਖਿਰ ਉਹ ਕਿਧਰ ਗਈ।ਅਜੇ ਸਭ ਇਹ ਗੱਲਾਂ ਕਰ ਹੀ ਰਹੇ ਸਨ ਕਿ ਨੂਰਾਂ ਉਹਨਾਂ ਦੇ ਸਾਹਮਣੇ ਆ ਖੜੀ ਹੋਈ ਤੇ ਉਸ ਨੇ ਸਭ ਨੂੰ ਅਪਣੇ ਨਾਲ ਹੋਇਆ ਸਾਰਾ ਵਾਕਿਆ ਕਹਿ ਸੁਣਾਇਆ। ਪਰ ਸਭ ਨੇ ਉਸਨੂੰ ਨਫਰਤ ਦੀ ਨਜ਼ਰ ਨਾਲ ਵੇਖਿਆ, ਕਿਸੇ ਨੇ ਉਸਨੂੰ ਕੋਈ ਸਹਾਰਾ ਤੇ ਨਾ ਕੋਈ ਦਿਲਾਸਾ ਦਿੱਤਾ। ਇਹ ਜਾਣ-ਦਿਆਂ ਹੋਇਆਂ ਵੀ ਕਿ ਉਹ ਨਿਰਦੋਸ਼ ਹੈ।ਅਗਲੇ ਦਿਨ ਬਹੁਤ ਸੋਚ ਵਿਚਾਰ ਬਾਅਦ ਪੰਚਾਇਤ ਨੇ ਫੈਸਲਾ ਸੁਣਾਉਂਦੇ ਹੋਏ ਬਲਰਾਜ ਨੂੰ ਪੰਜ ਜੁੱਤੀਆਂ ਮਾਰਨ ਦੀ ਸਜ਼ਾ ਦਿੱਤੀ ਤੇ ਨੂਰਾਂ ਨੂੰ ਪਿੰਡ ਚੋਂ ਨਿਕਲ ਜਾਣ ਲਈ ਕਿਹਾ, ਇਹ ਕਹਿ ਕੇ ਕਿ ਜੇਕਰ ਉਹ ਇਸ ਪਿੰਡ ਵਿਚ ਰਹੇਗੀ ਤਾਂ ਪਿੰਡ ਦਾ ਸਾਫ ਸੁਥਰਾ ਮਾਹੌਲ ਖਰਾਬ ਹੋ ਜਾਵੇਗਾ। ਕਿਸੇ ਨੇ ਤਾਂ ਕੀ ਉਸਦੇ ਪਿਆਰ ਨਿਹਾਲ ਤੱਕ ਨੇ ਉਸਦੀ ਕੋਈ ਗੱਲ ਨਹੀਂ ਸੁਣੀ, ਉਹ ਹਸਰਤ ਭਰੀਆਂ ਨਜ਼ਰਾਂ ਨਾਲ ਉਸ ਵੱਲ ਵੇਖਦੀ ਰਹੀ ਕਿ ਸ਼ਾਇਦ ਉਹ ਉਸਨੂੰ ਰੋਕ ਲਵੇਗਾ ਪਰ ਅਜਿਹਾ ਕੁਝ ਵੀ ਨਹੀਂ ਹੋਇਆ। ਉਹ ਦੁਖੀ ਤੇ ਨਿਰਾਸ਼ ਆਖਿਰ ਪਿੰਡ ਛੱਡ ਕੇ ਚਲੀ ਗਈ। ਉਹ ਸਮਝ ਗਈ ਸੀ ਕਿ ਇਕ ਮਰਦ ਇਜਤਦਾਰ ਕੁੜੀ ਨਾਲ ਪਿਆਰ ਤੇ ਕਰ ਸਕਦਾ ਪਰ ਜੇ ਉਸਦੀ ਇਜਤ ਤਾਰ ਤਾਰ ਹੋ ਜਾਏ ਤਾਂ ਪਿਆਰ ਇਕ ਪੰਛੀ ਵਾਂਗ ਉਡਾਰੀ ਮਾਰ ਜਾਂਦਾ ਹੈ। ਤਿੰਨ ਦਿਨ ਤੱਕ ਉਹ ਭੁੱਖੀ ਪਿਆਸੀ ਭਟਕਦੀ ਰਹੀ। ਚੌਥੇ ਦਿਨ ਸ਼ਾਮ ਨੂੰ ਇਕ ਜਗ੍ਹਾ ਉਸ ਦੀ ਲਾਸ਼ ਮਿਲੀ। ਉਸ ਸੱਚਾਈ ਦੀ ਮਿਸਾਲ ਦੀ ਜੋਤ ਹਮੇਸ਼ਾ ਲਈ ਬੁੱਝ ਗਈ।

ਕੁਝ ਮਹੀਨਿਆਂ ਬਾਅਦ ਉਸ ਪਿੰਡ ਦੀ ਇਕ ਕੁੜੀ ਨਿੰਦੀ ਅਪਣੇ ਪ੍ਰੇਮੀ ਨਾਲ ਭੱਜ ਗਈ।ਉਹ ਕੋਈ ਹੋਰ ਨਹੀਂ ਬਲਕਿ ਪੰਚਾਇਤ ਦੇ ਕਿਸੇ ਮੈਂਬਰ ਸਤਿੰਦਰ ਸਿੰਘ ਦੀ ਹੀ ਕੁੜੀ ਸੀ।ਜਦ ਪਿੰਡ ਵਾਸੀਆਂ ਨੂੰ ਪਤਾ ਲੱਗਾ ਤਾਂ ਸਭ ਲੋਕ ਉਹਨਾਂ ਨੂੰ ਲੱਭਣ ਵਿੱਚ ਜੁੱਟ ਗਏ। ਆਖਿਰ ਪੰਦਰਾਂ ਦਿਨਾਂ ਦੀ ਮਿਹਨਤ ਮੁਸ਼ੱਕਤ ਸਦਕਾ ਉਹ ਨਿੰਦੀ ਨੂੰ ਲੱਭ ਲਿਆਏ। ਪਿੰਡ ਆਉਂਦਿਆ ਹੀ ਉਸ ਦੇ ਮਾਪਿਆਂ ਨੇ ਨਿੰਦੀ ਨੂੰ ਖੁਸ਼ੀ ਖੁਸ਼ੀ ਗੱਲ ਨਾਲ ਲਾ ਲਿਆ।ਕਿਸੇ ਨੇ ਵੀ ਉਸਤੇ ਕੋਈ ਉਂਗਲ ਨਾ ਚੁੱਕੀ। ਨਾ ਹੀ ਪੰਚਾਇਤ ਨੇ ਨੂਰਾਂ ਦੀ ਤਰਾਂ ਉਸਨੂੰ ਪਿੰਡ ਤੋਂ ਬਾਹਰ ਕੱਢਿਆ। ਨਿੰਦੀ ਅੱਜ ਵੀ ਪਿੰਡ ਚ ਸ਼ਾਨ ਨਾਲ ਘੁੰਮ ਫਿਰ ਰਹੀ ਹੈ।ਕੀ ਨਿੰਦੀ ਦੇ ਰਹਿਣ ਨਾਲ ਪਿੰਡ ਦਾ ਮਾਹੌਲ ਖਰਾਬ ਨਹੀਂ ਹੋਇਆ। ਆਖਿਰ ਕੀ ਗੁਨਾਹ ਸੀ ਨੂਰਾਂ ਦਾ ਜੋ ਉਸਨੂੰ ਇਹ ਸਜਾ ਮਿਲੀ ਤੇ ਕੀ ਨਿੰਦੀ ਦਾ ਕੋਈ ਕਸੂਰ ਨਹੀਂ ਸੀ। ਨੂਰਾਂ ਸਿਰਫ ਇਕ ਰਾਤ ਲਈ ਘਰ ਤੋਂ ਬਾਹਰ ਰਹੀ ਤੇ ਉਹ ਨਿੰਦੀ ਪੂਰੇ ਪੰਦਰਾਂ ਦਿਨ। ਬਲਰਾਜ ਆਪਣੇ ਬਦਲੇ ਨੂੰ ਪੂਰਾ ਕਰਨ ਲਈ ਉਸਨੂੰ ਚੁੱਕ ਕੇ ਲੈ ਗਿਆ ਸੀ ਤੇ ਨਿੰਦੀ ਅਪਣੀ ਮਰਜੀ ਨਾਲ ਗਈ ਸੀ ਉਸ ਮੁੰਡੇ ਨਾਲ।ਬਲਰਾਜ ਨੂੰ ਮਾਮੂਲੀ ਜਿਹੀ ਸਜ਼ਾ ਦੇ ਕੇ ਆਜ਼ਾਦ ਕਰ ਦਿੱਤਾ ਗਿਆ ਕਿਉਂ ਜੋ ਉਹ ਅਮੀਰ ਸੀ ਉਸ ਕੋਲ ਪਾਵਰ ਸੀ ਤੇ ਨੂਰਾਂ ਇਕ ਗਰੀਬ ਤੇ ਲਾਚਾਰ ਕੁੜੀ ਸੀ।ਕੀ ਸਾਡੇ ਪਿੰਡਾਂ ਦੀ ਪੰਚਾਇਤ ਦਾ ਇਨਸਾਫ ਸਹੀ ਹੈ? ਕੀ ਇਹ ਇਨਸਾਫ ਸਹੀ ਸੀ?ਕੀ ਅਮੀਰ ਗਰੀਬ ਅੱਗੇ ਸੱਚਾਈ ਦੀ ਕੋਈ ਕੀਮਤ ਨਹੀਂ?

# ਸੋਹੰ ਜੈ ਗੁਰਦੇਵ



ਆਦ ਧਰਮ ਰਵਿ ਉਪਜਿਆ ਨਾਸੇ ਅਭੀ ਅੰਧੇਰ॥
ਮੂਲ ਨਿਵਾਸੀ ਆਦਧਰਮਿਓ ਹੋ ਜਾਓ ਸਭੀ ਦਲੇਰ॥

ਸਮੂਹ ਜਗਤ ਨੂੰ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ। ਸਾਨੂੰ ਮਾਣ ਹੈ ਆਦਧਰਮੀ ਹੋਣ ਦਾ ਕਿ ਅਸੀਂ ਓਹਨਾ ਆਦੀ ਮਹਾਂਪੁਰਸ਼ਾਂ ਦੇ ਪੈਰੋਕਾਰ ਹਾਂ ਜੋ ਭਾਰਤ ਦੇ ਮੂਲਨਿਵਾਸੀ, ਆਦਿ ਵਸ਼ਿੰਦੇ ਸਨ, ਜਿਨ੍ਹਾਂ ਨੇ ਪੂਰੇ ਜਗਤ ਨੂੰ ਆਪਣੇ ਗਿਆਨ ਸਦਕਾ ਮਾਰਗ ਦਿਖਾਇਆ।

ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਬਾਣੀ ਵੀ ਸਾਨੂੰ ਸਦਾ ਗਿਆਨ ਅਤੇ ਵਿੱਦਿਆ ਪ੍ਰਾਪਤੀ ਦੀ ਹੀ ਹੀ ਸਿੱਖਿਆ ਦਿੰਦੀ ਹੈ।

ਮਾਧੋ ਅਬਿਦਿਆ ਹਿਤ ਕੀਨ।
ਬਿਬੇਕ ਦੀਪ ਮਲੀਨ॥ਰਹਾਉ॥

ਗੁਰੂ ਜੀ ਨੇ ਆਪਣੀ ਬਾਣੀ ਦੁਆਰਾ ਏਹੀ ਫਰਮਾਇਆ ਕਿ ਵਿੱਦਿਆ ਤੋਂ ਬਿਨਾ ਜਿੰਦਗੀ ਦਾ ਦੀਪਕ ਮਲੀਨ ਭਾਵ ਮੈਲਾ, ਧੁੰਦਲਾ ਹੀ ਰਹਿੰਦਾ ਹੈ। ਏਸੇ ਤਰ੍ਹਾਂ ਸਤਿਗੁਰੂ ਜੀ ,ਆਦਿ ਧਰਮ ਦੇ ਮਹਾਨ ਪਵਿੱਤਰ ਗਰੰਥ ਸ਼੍ਰੀ ਗੁਰੂ ਆਦ ਪ੍ਰਗਾਸ਼ ਜੀ ਵਿੱਚ ਵੀ ਪੂਰੀ ਮਾਨਵਤਾ ਨੂੰ ਵਿੱਦਿਆ ਪ੍ਰਾਪਤੀ ਦਾ ਹੀ ਉਪਦੇਸ਼ ਮਿਲਦਾ ਹੈ:

ਤਬਲਗ ਵਿੱਦਿਆ ਪੜੀਐ ਜਬਲਗ ਘਟ ਮੇਂ ਪ੍ਰਾਣ॥
ਧਨੀ ਪੁਰਖ ਪਹੁੰਚੇ ਨਹੀਂ ਜਹਾਂ ਪਹੁੰਚੇ ਵਿਦਵਾਨ॥
ਵਿੱਦਿਆ ਹੈ ਤੋ ਸੁਖ ਘਣਾ ਵਿੱਦਿਆ ਬਿਨ ਖਰ ਭਾਰ॥
ਜਿਧਰ ਚਾਹੇ ਤੋਰੀਏ ਲਾਦਿਆ ਊਠ ਕਤਾਰ॥

ਸਤਿਗੁਰੁ ਫਰਮਾਂਦੇ ਹਨ ਕੀ ਜਦ ਤਕ ਸਾਡੇ ਸਾਹ ਬਾਕੀ ਹਨ ਉਦੋਂ ਤਕ ਸਾਨੂੰ ਵਿੱਦਿਆ ਅਤੇ ਗਿਆਨ ਦੀ ਪ੍ਰਾਪਤੀ ਜਰੂਰ ਕਰਨੀ ਚਾਹੀਦੀ ਹੈ, ਕਿਓਂਕਿ ਜਿਸ ਮਕਾਮ ਤੇ ਇੱਕ ਧਨੀ ਆਦਮੀ ਨਹੀਂ ਪਹੁੰਚ ਸਕਦਾ ,ਉੱਥੇ ਇੱਕ ਗਿਆਨਵਾਨ ਵਿਦਵਾਨ ਹੀ ਪਹੁੰਚ ਸਕਦਾ ਹੈ। ਜਿਨ੍ਹਾਂ ਕੋਲ ਗਿਆਨ ਹੈ, ਓਹਨਾ ਨੂੰ ਸੁੱਖਾਂ ਦੀ ਕਮੀ ਨਹੀਂ ਰਹਿੰਦੀ, ਪਰ ਜੋ ਗਿਆਨਹੀਣ ਭਾਵ ਵਿੱਦਿਆ ਤੋਂ ਵਾਂਝੇ ਹਨ, ਉਹ ਇਸ ਤਰ੍ਹਾਂ ਜਾਪਦੇ ਹਨ ਜਿਵੇਂ ਇੱਕ ਊਠ ਤੇ ਭਾਰ ਲੱਦ ਕੇ ਕਤਾਰ ਵਿੱਚ ਤੋਰਿਆ ਹੋਵੇ।

ਸੋ ਸਾਧਸੰਗਤਿ ਜੀ, ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ ਮਨਾਉਣ ਦਾ ਤਾਹੀ ਫੈਦਾ ਹੈ, ਜੇਕਰ ਅਸੀਂ ਗੁਰੂ ਜੀ ਦੀ ਬਾਣੀ ਨੂੰ ਜਿੰਦਗੀ ਦਾ ਅਧਾਰ ਮੰਨ ਕੇ ਅਮਲ ਕਰੀਏ ਅਤੇ ਸਤਿਗੁਰੁ ਜੀ ਦੇ ਦੱਸੇ ਮਾਰਗ ਤੇ ਚਲੀਏ। ਤਾਂਹੀ ਸਾਡੀ ਕੌਮ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਕਰੇਗੀ। ਇੱਕ ਵਾਰ ਫਿਰ ਮੇਰੇ ਅਤੇ ਮੇਰੇ ਪਰਿਵਾਰ ਵਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ। ਸੋਹੰ ਜੈ ਗੁਰਦੇਵ।

**– ਅਵਤਾਰ ਚੰਦ ਪੋਲ**
**ਸਾਊਥ ਅਫ਼ਰੀਕਾ**

ਸਫਾ 18 ਦੀ ਬਾਕੀ

# ਸਾਹਿਬ ਕਾਂਸ਼ੀ ਰਾਮ ਜੀ ਨੂੰ ਯਾਦ ਕਰਦਿਆਂ

ਉਹ ਆਪ ਵੀ ਬਹੁਤ ਹੱਸੇ। ਤੇ ਹਾਸੇ ਹਾਸੇ ਵਿਚ ਹੀ ਕੜਾਹ ਮੁਕਾ ਦਿੱਤਾ। ਜਦੋਂ ਕਦੇ ਘਰ ਆਉਂਦੇ ਤਾਂ ਅਸੀਂ ਕੋਸ਼ਿਸ਼ ਕਰਦੇ ਕਿ ਉਹਨਾਂ ਦਾ ਮਨਪਸੰਦ ਖਾਣਾ ਬਣਾਈਏ। ਬੇਬੇ ਤੇ ਤਰਲੋਚਨ ਨੂੰ ਉਹਨਾਂ ਦੀ ਪਸੰਦ ਪਤਾ ਸੀ। ਕੋਈ ਖਾਸ ਨਹੀਂ ਬੱਸ ਮੱਕੀ ਦੀ ਰੋਟੀ ਸਾਗ, ਸਾਬਤ ਮਾਹਾਂ ਦੀ ਦਾਲ, ਖੀਰ, ਕੜਾਹ ਆਦਿ ਉਹ ਬੜੇ ਸ਼ੌਂਕ ਨਾਲ ਖਾਂਦੇ ਤੇ ਆਮ ਕਰਕੇ ਥੋੜ੍ਹਾ ਜ਼ਿਆਦਾ ਵੀ ਖਾ ਬੈਠਦੇ। ਫਿਰ ਭਾਵੇਂ ਦੋ ਦਿਨ ਖਾਣਾ ਨਾ ਵੀ ਮਿਲੇ ਕੋਈ ਪਰਵਾਹ ਨਹੀਂ।

10. ਅੱਜ ਦੇ ਇਸ ਸਿਫਾਰਸ਼ੀ, ਚਾਪਲੂਸੀ ਤੇ ਮੌਕਾਪ੍ਰਸਤੀ ਵਾਲੇ ਯੁੱਗ ਵਿਚ ਉਹ ਇਹਨਾਂ ਗੱਲਾਂ ਤੋਂ ਬੜੇ ਸਾਵਧਾਨ ਰਹਿੰਦੇ। ਉਹ ਆਪਣੀ ਲਹਿਰ ਨੂੰ ਇਹਨਾਂ ਬੁਰਾਈਆਂ ਤੋਂ ਨਿਰਲੇਪ ਰੱਖ ਕੇ ਹੀ ਅੱਗੇ ਵੱਧ ਸਕੇ। ਸੰਘਰਸ਼ ਦੇ ਸ਼ੁਰੂ ਵਾਲੇ ਦਿਨਾਂ ਵਿਚ ਇਹ ਹਾਲ ਸੀ ਕਿ ਅਸੀਂ ਲੋਕਾਂ ਨੂੰ ਦੱਸਣਾ ਕਿ ਕਾਂਸ਼ੀ ਰਾਮ ਜੀ ਆਏ ਹੋਏ ਹਨ।

ਆਓ ਇਕੱਠੇ ਹੋਵੋ ਕੋਈ ਗੱਲ ਕਰਦੇ ਹਾਂ ਤਾਂ ਲੋਕਾਂ ਨੇ ਆਮ ਤੌਰ ਤੇ ਕੰਨੀ ਕਤਰਾਉਣੀ ਕਿ ਇਹਨਾਂ ਨੇ ਪੈਸੇ-ਟਕੇ ਦੀ ਕੋਈ ਵਗਾਰ ਪਾਣੀ ਹੈ। ਫਿਰ ਇਕ ਟਾਈਮ ਉਹ ਵੀ ਆਇਆ ਕਿ ਉਹਨਾਂ ਨੂੰ ਮਿਲਣ ਲਈ ਵੱਡੇ-ਵੱਡੇ ਲੀਡਰਾਂ, ਮੰਤਰੀ ਤੇ ਮੁੱਖ ਮੰਤਰੀਆਂ ਨੂੰ ਵੀ ਵਕਤ ਲੈਣਾ ਪੈਂਦਾ ਸੀ। ਅਸੀਂ ਉਹਨਾਂ ਦੀਆਂ ਕਤਾਰਾਂ ਲੱਗੀਆਂ ਵੀ ਵੇਖੀਆਂ ਹਨ। ਇਸ ਮੁਕਾਮ 'ਤੇ ਪਹੁੰਚਣ ਉਪਰੰਤ ਜੇ ਇਹਨਾਂ ਦਿਨਾਂ ਵਿਚ ਉਹ ਕਿਤੇ ਸਾਡੇ ਘਰ ਆ ਜਾਂਦੇ ਜਾਂ ਚੰਡੀਗੜ੍ਹ ਆਇਆਂ ਦੀ ਹੀ ਭਿਣਕ ਪੈ ਜਾਂਦੀ ਤਾਂ ਉਹਨਾਂ ਹੀ ਲੋਕਾਂ ਦੇ ਟੈਲੀਫੋਨਾਂ ਦਾ ਤਾਂਤਾ ਲੱਗ ਜਾਂਦਾ ਤੇ ਥੋੜ੍ਹੀ ਦੇਰ ਮਿਲਣ ਜਾਂ ਗੱਲ ਕਰਨ ਦਾ ਵਕਤ ਲੈਣ ਲਈ ਮਿੰਨਤਾਂ ਕਰਦੇ। ਜੇ ਕਿਤੇ ਕੋਈ ਅਜਿਹਾ ਬੰਦਾ ਆ ਨਿਕਲਦਾ ਜੋ ਉਹਨਾਂ ਨੂੰ ਦੂਰੋਂ ਨੇੜਿਉਂ ਆਪਣਾ ਰਿਸ਼ਤੇਦਾਰ ਦੱਸਦਾ ਤਾਂ ਉਹ ਉਸਦੀ ਗੱਲ ਤਾਂ ਧਿਆਨ ਨਾਲ ਸੁਣ ਲੈਂਦੇ ਤੇ ਉਸਨੂੰ ਕੰਮ ਕਰਨ ਲਈ ਵੀ ਪ੍ਰੇਰਦੇ ਪਰ ਉਸਦੇ ਚਲੇ ਜਾਣ ਮਗਰੋਂ ਆਖਦੇ ਕਿ ਬਈ ਮੇਰੇ 'ਰਿਸ਼ਤੇਦਾਰ' ਤੋਂ ਬਚਣਾ। ਉਹਨਾਂ ਦਾ ਕਹਿਣਾ ਸੀ ਕਿ ਸੰਘਰਸ਼ ਵਿਚ ਮੇਰਾ ਕੋਈ ਰਿਸ਼ਤੇਦਾਰ ਨਹੀਂ ਲੱਗਦਾ। ਜੇ ਕੋਈ ਮਿਹਨਤ ਕਰਦਾ ਹੈ ਉਸਨੂੰ ਹੀ ਅੱਗੇ ਲਿਆਓ। ਨਿਰਾ ਰਿਸ਼ਤੇਦਾਰੀ ਜਾਂ ਚਮਚਾਗਿਰੀ ਦੇ ਸਹਾਰੇ ਕਿਸੇ ਦੀ ਰਿਆਇਤ ਨਹੀਂ ਕਰਨੀ। ਉਹਨਾਂ ਨੇ 'ਚਮਚਾ ਯੁੱਗ' ਕਿਤਾਬ ਵੀ ਲਿਖੀ ਹੈ ਜਿਸ ਵਿਚ ਉਹਨਾਂ ਨੇ ਸਾਬਤ ਕੀਤਾ ਹੈ ਕਿ ਸਾਡੇ ਦਲਿਤ ਸਮਾਜ ਦੇ ਆਗੂ ਚਮਚਾਗਿਰੀ ਵਿਚ ਘਿਰੇ ਆਪਣੇ ਸਮਾਜ ਨੂੰ ਧੋਖਾ ਦੇ ਰਹੇ ਹਨ ਤੇ ਕੁਝ ਕਰਨ ਦੇ ਅਸਮਰੱਥ ਹੋ ਚੁੱਕੇ ਹਨ। ਇਹ ਸਾਡੇ ਸਮਾਜ ਦੀ ਅਧੋਗਤੀ ਦਾ ਵੀ ਮੁੱਖ ਕਾਰਨ ਹੈ। ਇਹ ਅਵਸਥਾ ਪੂਨਾ ਪੈਕਟ ਤੋਂ ਬਾਅਦ ਉਤਪੰਨ ਹੋਈ ਅਤੇ ਹੁਣ ਆਪਣੇ ਸਿਖਰ 'ਤੇ ਹੈ।

ਇਸ ਤਰ੍ਹਾਂ ਦੇ ਸਨ ਕਾਂਸ਼ੀ ਰਾਮ ਜੀ। ਸਧਾਰਨ ਸੁਭਾਅ ਅਤੇ ਸਧਾਰਨ ਆਦਤਾਂ ਨੂੰ ਵੱਡੇ ਪੱਧਰ ਤੇ ਵਰਤ ਕੇ ਸੰਘਰਸ਼ ਵਿਚੋਂ ਨਿਕਲਿਆ ਕੁਠਾਲੀ 'ਚੋਂ ਨਿਕਲੇ ਕੁੰਦਨ ਵਰਗਾ ਘੜਿਆ ਘੜਾਇਆ ਮਹਾਨ ਮਨੁੱਖ।

ਹਰ ਪਲ, ਹਰ ਘੜੀ ਆਪਣੇ ਸਮਾਜ ਦੀਆਂ ਚਿੰਤਾਵਾਂ ਵਿਚ ਘਿਰਿਆ ਕੋਈ ਸੇਧ ਦਿੰਦਾ, ਕੋਈ ਸੇਵਾ ਲੈਂਦਾ ਸਮਾਜ ਨੂੰ ਸਮਰਪਿਤ ਉਹ ਇਨਸਾਨ ਜਿਸਦਾ ਬੱਸ ਇਕੋ ਟੀਚਾ ਸੀ ਕਿ ਸਦੀਆਂ ਤੋਂ ਝੰਬੇ ਹੋਏ ਇਸ ਪੀੜਾ ਗ੍ਰਸਤ ਆਪਣੇ ਸਮਾਜ ਨੂੰ ਕਿਵੇਂ ਸਹੀ ਦਿਸ਼ਾ ਦੇ ਕੇ ਆਖਰੀ ਮੰਜ਼ਿਲ ਤੱਕ ਲੈ ਕੇ ਜਾਇਆ ਜਾਵੇ। ਇਹੀ ਉਸਦਾ ਜੀਵਨ ਸੀ ਇਹੀ ਉਸਦਾ ਸੁਫਨਾ ਸੀ। ਸਾਰੀ ਉਮਰ ਉਹ ਇਸੇ ਸੁਫਨੇ ਨੂੰ ਸਾਕਾਰ ਕਰਨ ਲਈ ਸਮਰਪਿਤ ਰਹੇ। ਕਾਸ਼! ਉਹ ਕੁਝ ਚਿਰ ਹੋਰ ਸਾਡੇ ਵਿਚਕਾਰ ਰਹਿ ਸਕਦੇ।


ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ

ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।



JOHN SINGH BANGA
Realtor, Lic # 01397975
916-271-5404
banga.realtor@gmail.com

TEAM JD

ELITE REALTY SERVICES

DALVIR 'DIL' NIJJAR
Realtor, Lic # 01418648
916-628-2210
dil.realtor@gmail.com



Office: 916-681-5112
7412 Elsie Avenue, Sacramento CA 94828

# ਬ੍ਰਹਿਮੰਡ: ਇਕ ਨਜ਼ਰ

## (ਗਲੈਕਸੀਆਂ, ਤਾਰਿਆਂ ਅਤੇ ਗ੍ਰਹਿਆਂ ਦੀ ਦੁਨੀਆਂ)



ਸਤਵੰਤ ਕੌਰ ਕਲੋਟੀ
91-95011-98881

**(ਬਾਰਵੀ ਕਿਸਤ)**

**ਊਰਸਾ ਮੇਜਰ**

(Ursa Major)

(ਸਪਤਰਿਸ਼ੀ, ਗਰੇਟ ਬੀਅਰ, ਬਿੱਗ ਡਿੱਪਰ)


'ਉਰਸਾ ਮੇਜਰ' ਅਕਾਸ਼ ਵਿਚ ਨਜ਼ਰ ਆਉਣ ਵਾਲਾ ਇਕ ਪ੍ਰਮੁੱਖ ਅਤੇ ਉਘੜਵਾਂ ਤਾਰਾ-ਸਮੂਹ ਹੈ, ਜਿਸ ਨੂੰ ਸਾਰਾ ਸਾਲ ਲੱਗਭੱਗ ਪੂਰੇ ਉਤਰੀ ਗੋਲਾਰਧ ਵਿਚ ਵੱਖ-ਵੱਖ ਉਚਾਈਆਂ 'ਤੇ ਦੇਖਿਆ ਜਾ ਸਕਦਾ ਹੈ। ਇਹ ਧਰੁਵ ਤਾਰੇ ਦੇ ਨੇੜੇ ਦਿਖਾਈ ਦਿੰਦਾ ਹੈ ਜੋ ਕਿ ਉਤਰ ਦਿਸ਼ਾ ਦਾ ਇਕ ਪ੍ਰਸਿੱਧ ਤਾਰਾ ਹੈ। ਖਿਤਿਜ ਜਾਂ ਹੋਰਾਈਜ਼ਨ (Horizon) ਤੋਂ ਇਸ ਤਾਰਾ-ਸਮੂਹ ਦੀ ਉਚਾਈ ਰੁੱਤਾਂ ਅਨੁਸਾਰ ਬਦਲਦੀ ਰਹਿੰਦੀ ਹੈ। ਪੱਤਝੜ ਦੌਰਾਨ ਅਕਾਸ਼ ਵਿਚ ਇਸ ਦੀ ਸਥਿਤੀ ਕਾਫੀ ਨੀਵੀਂ (ਖਿਤਿਜ ਦੇ ਨੇੜੇ) ਹੁੰਦੀ ਹੈ, ਪ੍ਰੰਤੂ ਬਸੰਤ ਰੁੱਤ ਦੌਰਾਨ ਇਹ ਉਪਰ ਉਠ ਜਾਂਦਾ ਹੈ। ਇਸ ਨੂੰ ਦੇਖਣ ਲਈ ਸਭ ਤੋਂ ਢੁਕਵਾਂ ਸਮਾਂ ਅਪ੍ਰੈਲ ਮਹੀਨਾ ਹੈ, ਜਦੋਂ ਅਕਾਸ਼ ਵਿਚ ਇਸ ਦੀ ਸਥਿਤੀ ਖਿਤਿਜ ਤੋਂ ਕਾਫੀ ਉਤਾਂਹ ਹੁੰਦੀ ਹੈ।

ਉਰਸਾ ਮੇਜਰ ਤਾਰਾ-ਝੁੰਡ ਦੇ ਤਾਰਿਆਂ ਦੁਆਰਾ ਪੇਸ਼ ਕੀਤੀ ਜਾਂਦੀ ਵਿਸ਼ੇਸ਼ ਰੂਪ-ਰੇਖਾ ਇਸ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ। ਇਹ ਆਕਾਸ਼ ਵਿਚ ਇਕ ਪ੍ਰਸ਼ਨ ਚਿੰਨ (?) ਵਾਂਗ ਨਜ਼ਰ ਆਉਂਦਾ ਹੈ। ਵੱਖ-ਵੱਖ ਲੋਕਾਂ ਦਾ ਇਸ ਨੂੰ ਦੇਖਣ ਦਾ ਦ੍ਰਿਸ਼ਟੀਕੋਣ ਵੀ ਵੱਖ-ਵੱਖ ਹੈ, ਜਿਸ ਕਰਕੇ ਇਸ ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਸ ਵਿਚਲੇ 7 ਮੁੱਖ ਚਮਕਦਾਰ ਤਾਰੇ ਇਸ ਨੂੰ ਹੈਂਡਲ (ਹੱਥੇ) ਵਾਲੇ ਕਟੋਰੇ ਜਾਂ ਵੱਡੀ ਕੜਛੀ ਦੀ ਦਿੱਖ ਪ੍ਰਦਾਨ ਕਰਦੇ ਨਜ਼ਰ ਆਉਂਦੇ ਹਨ, ਜਿਸ ਕਾਰਨ ਅਮਰੀਕਾ ਅਤੇ ਕੈਨੇਡਾ ਵਿਚ ਇਸ ਨੂੰ 'ਬਿੱਗ ਡਿੱਪਰ' ਕਿਹਾ ਜਾਂਦਾ ਹੈ। ਇੰਗਲੈਂਡ ਵਿਚ ਇਸ ਦੀ ਤੁਲਨਾ ਹਲ (Plough) ਨਾਲ ਕੀਤੀ ਜਾਂਦੀ ਹੈ, ਜਿਸ ਕਾਰਨ ਇਸ ਨੂੰ Plough ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦਾ ਭਾਰਤੀ ਨਾਂ ਸਪਤਰਿਸ਼ੀ ਹੈ।

ਲਾਤੀਨੀ ਭਾਸ਼ਾ ਵਿਚ ਉਰਸਾ ਮੇਜਰ ਦਾ ਅਰਥ ਹੈ 'ਵੱਡਾ ਰਿੱਛ' ਜਾਂ 'ਗਰੇਟ ਬੀਅਰ'। ਇਸ ਤਾਰਾ ਝੁੰਡ ਦੇ 7 ਚਮਕਦਾਰ ਤਾਰੇ ਅਤੇ ਬਾਕੀ ਧੁੰਦਲੇ ਤਾਰੇ ਇਕ ਰਿੱਛ ਦੀ ਸ਼ਕਲ ਬਣਾਉਂਦੇ ਪ੍ਰਤੀਤ ਹੁੰਦੇ ਹਨ। ਇਸ ਲਈ ਇਸ ਦਾ ਨਾਂ Great Bear (ਗਰੇਟ ਬੀਅਰ) ਵੀ ਵੱਡੇ ਪੱਧਰ ਤੇ ਪ੍ਰਚੱਲਿਤ ਹੈ।

ਉਰਸਾ ਮੇਜਰ ਦੇ 7 ਪ੍ਰਮੁੱਖ ਤਾਰਆਂ ਦੇ ਨਾਂ ਇਸ ਤਰ੍ਹਾਂ ਹਨ: ਅਲਕੇਡ (Alkaid), ਮਾਈਜ਼ਾਰ (Mizar), ਐਲੀਓਥ (Alioth), ਮੈਗਰੇਜ਼ (Megrez), ਫੈਕਡਾ ਜਾਂ ਫੈਡ (Phecda of Phad), ਮੈਰਾਕ (Merak), ਅਤੇ ਡੂਬੇ (Dubhe) .


ਚਾਰ ਤਾਰੇ : ਮੈਗਰੇਜ਼, ਫੈਕਡਾ, ਮੈਰਾਕ ਅਤੇ ਡੂਬੇ ਇਕ ਕਟੋਰੇ ਵਾਂਗ ਨਜ਼ਰ ਆਉਂਦੇ ਹਨ, ਜਦਕਿ ਅਲਕੇਡ, ਮਾਈਜ਼ਾਰ ਅਤੇ ਐਲੀਓਥ ਇਸ ਦਾ ਹੈਂਡਲ ਬਣਾਉਂਦੇ ਪ੍ਰਤੀਤ ਹੁੰਦੇ ਹਨ। ਕਟੋਰੇ ਦੇ ਦੋ ਅੰਤਲੇ ਤਾਰੇ ਮੈਰਾਕ ਅਤੇ ਡੂਬੇ ਸੰਕੇਤਕ ਤਾਰੇ (ਪੋਲੈਰਿਸ, ਪੋਲ ਸਟਾਰ ਜਾਂ ਨੌਰਥ ਸਟਾਰ) ਤੱਕ ਲੈ ਜਾਂਦੀ ਹੈ ਜੋ ਕਿ ਉਤਰੀ ਅਕਾਸ਼ ਦਾ ਇਕ ਮੰਨਿਆ-ਪ੍ਰਮੰਨਿਆ ਤਾਰਾ ਹੈ ਅਤੇ ਧਰਤੀ ਦੇ ਘੁੰਮਣ-ਧੁਰੇ ਉਤੇ ਸਥਿਤ ਹੈ। ਧਰੁਵ ਤਾਰਾ ਇਸ ਰੇਖਾ ਉਤੇ ਸੰਕੇਤਕ ਤਾਰਿਆਂ ਵਿਚਲੇ ਫਾਸਲੇ ਨਾਲੋਂ ਕਰੀਬ ਛੇ ਗੁਣਾ ਦੂਰੀ ਉਤੇ ਸਥਿਤ ਹੈ। ਇਹ 'ਉਰਸਾ ਮੇਜਰ' ਦੇ ਜੋੜੀਦਾਰ (ਸਾਥੀ) ਤਾਰਾ-ਸਮੂਹ 'ਉਰਸਾ ਮਾਈਨਰ' ਦਾ ਹਿੱਸਾ ਹੈ।



ਉਰਸਾ ਮੇਜਰ (Ursa Major)

ਭਾਰਤੀ ਲੋਕਾਂ ਅਨੁਸਾਰ ਇਸ ਤਾਰਾ ਸਮੂਹ ਦੇ 7 ਮੁੱਖ ਚਮਕਦਾਰ ਤਾਰੇ 7 ਰਿਸ਼ੀਆਂ ਨੂੰ ਪ੍ਰਗਟਾਉਂਦੇ ਹਨ। ਅਰਬੀ ਲੋਕ ਇਸ ਤਾਰਾ-ਸਮੂਹ ਨੂੰ ਕਫਨ (funeral) ਅਤੇ ਮਾਤਮ ਨਾਲ ਜੋੜਦੇ ਹਨ। ਉਹਨਾਂ ਦਾ ਵਿਸ਼ਵਾਸ ਹੈ ਕਿ ਕਟੋਰੇ ਦੇ ਚਾਰ ਤਾਰੇ ਇਕ ਦਫਨ ਨੂੰ ਪ੍ਰਗਟਾ ਰਹੇ ਹਨ। ਇਹ ਕਫਨ ਧਰੁਵ ਤਾਰੇ ਦੁਆਰਾ ਕਤਲ ਕੀਤੇ ਗਏ ਵਿਅਕਤੀ ਦਾ ਮੰਨਿਆ ਜਾਂਦਾ ਹੈ। ਹੈਂਡਲ ਵਾਲੇ ਤਿੰਨ ਤਾਰੇ ਮ੍ਰਿਤਕ ਦੇ ਪੁੱਤਰ ਮੰਨੇ ਜਾਂਦੇ ਹਨ ਜੋ ਆਪਣੇ ਪਿਤਾ ਦੇ ਕਤਲ ਦਾ ਬਦਲਾ ਲੈਣ ਲਈ ਧਰੁਵ ਤਾਰੇ ਦਾ ਪਿੱਛਾ ਕਰ ਰਹੇ ਹਨ।

ਯੂਨਾਨੀ ਲੋਕ ਇਸ ਤਾਰਾ-ਸਮੂਹ ਨੂੰ ਕੈਲਿਸਟੋ (callisto) ਨਾਂ ਦੀ ਖੂਬਸੂਰਤ ਪਰੀ ਨਾਲ ਜੋੜਦੇ ਹਨ ਜੋ ਦੇਵੀ ਆਰਟੀਮਿਸ (Goddess Artemis) ਦੀ ਪੈਰੋਕਾਰ ਸੀ। ਦੇਵਤਿਆਂ ਦੇ ਰਾਜੇ 'ਜੀਅਸ' ਨੂੰ ਉਸ ਨਾਲ ਪਿਆਰ ਹੋ ਗਿਆ। ਕੈਲਿਸਟੋ ਨੇ ਜੀਅਸ ਦੇ ਬੱਚੇ ਨੂੰ ਜਨਮ ਦਿੱਤਾ ਜਿਸ ਦਾ ਨਾਂ 'ਅਰਕਸ' (Arcas) ਸੀ। ਜੀਅਸ ਦੀ ਪਤਨੀ ਹੈਰਾ ਨੇ ਈਰਖਾ ਅਤੇ ਗੁੱਸੇ ਨਾਲ ਕੈਲਿਸਟੋ ਨੂੰ ਰਿੱਛਣੀ ਬਣਾ ਕੇ ਜੰਗਲ ਵਿਚ ਛੱਡ ਦਿੱਤਾ। ਉਹ 15 ਸਾਲ ਸ਼ਿਕਾਰੀਆਂ ਤੋਂ ਛੁਪਦੀ-ਛੁਪਾਉਂਦੀ ਜੰਗਲ ਵਿਚ ਘੁੰਮਦੀ ਰਹੀ। ਇਕ ਦਿਨ ਅਚਾਨਕ ਉਸ ਦਾ ਸਾਹਮਣਾ ਆਪਣੇ ਪੁੱਤਰ ਅਰਕਸ ਨਾਲ ਹੋ ਗਿਆ।




ਉਸ ਨੇ ਆਪਣੇ ਪੁੱਤਰ ਨੂੰ ਪਹਿਚਾਣ ਕੇ ਇਕ ਦਮ ਮੋਹਰਲੀਆਂ ਲੱਤਾਂ ਚੁੱਕ ਲਈਆਂ ਅਤੇ ਪਿਛਲੀਆਂ ਲੱਤਾਂ ਭਾਰ ਖੜ੍ਹੀ ਹੋ ਗਈ। ਅਰਕਸ ਜੋ ਆਪਣੀ ਮਾਂ ਨੂੰ ਨਹੀਂ ਪਹਿਚਾਣਦਾ ਸੀ, ਨੇ ਸੋਚਿਆ ਕਿ ਰਿੱਛਣੀ ਉਸ ਉਤੇ ਹਮਲਾ ਕਰਨ ਵਾਲੀ ਹੈ। ਉਸ ਨੇ ਮੁਕਾਬਲੇ ਲਈ ਧਨੁਸ਼ ਤਾਣ ਲਿਆ। ਕਿਤੇ ਮਾਂ-ਪੁੱਤਰ ਵਿਚਾਲੇ ਕੁਝ ਕੁਝ ਅਨਰਥ ਨਾ ਵਾਪਰ ਜਾਵੇ, ਇਹ ਸੋਚਦਿਆਂ ਜੀਅਸ ਨੇ ਅਰਕਸ ਨੂੰ ਇਕ ਛੋਟੇ ਜਿਹੇ ਰਿੱਛ ਵਿਚ ਤਬਦੀਲ ਕਰ ਦਿੱਤਾ। ਉਸ ਨੇ ਰਿੱਛਣੀ ਅਤੇ ਛੋਟੇ ਰਿੱਛ ਦੋਵਾਂ ਨੂੰ ਪੂਛਾਂ ਤੋ ਘਸੀਟਦੇ ਹੋਏ ਆਕਾਸ਼ ਦੀ ਹਿਫਾਜ਼ਤ ਵਿਚ ਰੱਖ ਦਿੱਤਾ, ਜਿੱਥੇ ਹੁਣ ਤੱਕ ਉਰਸਾ ਮੇਜਰ ਅਤੇ ਉਰਸਾ ਮਾਈਨਰ ਦੇ ਰੂਪ ਵਿਚ ਵਿੱਚਰ ਰਹੇ ਹਨ।

ਨੋਟ- ਉਰਜਾ ਮੇਜਰ ਵਿਚਾਲੇ ਤਾਰਿਆਂ ਦੇ ਨਾਵਾਂ ਦੇ ਉਚਾਰਣ ਲਈ ਹਵਾਲਾ - ਵੈਬ ਪੇਜ (t.space.com/all/3250-stars-pronunciation-guide.html

# ਤਸਵੀਰਾਂ ਵਾਲੇ ਸਿੱਕਿਆਂ ਦਾ ਸੰਗ੍ਰਹਿ ਕਰਤਾ "ਚਮਕੌਰ ਸਿੰਘ ਘਣਗਸ"

ਹਰ ਵਿਅਕਤੀ ਨੂੰ ਕੋਈ ਨਾ ਕੋਈ ਸ਼ੌਕ ਜਰੂਰ ਹੁੰਦਾ ਹੈ, ਇਕ ਅਜਿਹੀ ਹੀ ਵਿਲੱਖਣ ਸਖਸੀਅਤ ਦਾ ਨਾਂ ਚਮਕੌਰ ਸਿੰਘ ਘਣਗਸ ਹੈ। ਰਾੜਾ ਸਾਹਿਬ ਦੇ ਨੇੜਲੇ ਪਿੰਡ ਘਣਗਸ ਦੇ ਜੰਮਪਲ, ਪਿਤਾ ਕਰਤਾਰ ਸਿੰਘ ਗੋਰੀਆ ਤੇ ਮਾਤਾ ਤੇਜ ਕੌਰ ਦੇ ਗ੍ਰਹਿ ਸੰਨ 1973 ਨੂੰ ਪੈਦਾ ਹੋਏ ਚਮਕੌਰ ਸਿੰਘ ਘਣਗਸ ਨੂੰ ਤਸਵੀਰਾਂ ਵਾਲੇ ਸਿੱਕੇ ਤੇ ਪੁਰਾਤਨ ਦੁਰਲੱਭ ਸਿੱਕੇ ਇੱਕਠੇ ਕਰਨ ਦਾ ਸ਼ੌਕ ਹੈ। ਤਸਵੀਰਾਂ ਵਾਲੇ ਸਿੱਕਿਆਂ ਦੇ ਸੰਗ੍ਰਹਿ 'ਚ ਉਸ ਕੋਲ ਪੰਡਤ ਜਵਾਹਰ ਲਾਲ ਨਹਿਰੂ , ਮਹਾਤਮਾ ਗਾਂਧੀ, ਰਾਜੀਵ ਗਾਂਧੀ, ਡਾਂ. ਬੀ ਆਰ ਅੰਬੇਦਕਰ, ਇੰਦਰਾ ਗਾਂਧੀ, ਸਤਿਗੁਰੂ ਰਾਮ ਸਿੰਘ, ਚਾਣਕਿਆ, ਦਾਦਾ ਭਾਈ ਨਾਰੋਜੀ, ਚਿੰਤਰੰਜਨ ਦਾਸ, ਭਗਤ ਸਿੰਘ, ਸਿਵਾ ਜੀ, ਸੁਭਾਸ ਚੰਦਰ ਬੋਸ, ਵੱਲਭ ਭਾਈ ਪਟੇਲ, ਰੇਨਫੈਡਫਾਰਮਿੰਗ, ਵਿਸ਼ਵ ਫੂਡ ਡੇ, ਸ੍ਰੀ ਅਰਵਿੰਦ, ਏਸ਼ੀਅਨ ਗੇਮ, ਮਾਤਾ ਵੈਸਨੂੰ ਦੇਵੀ, ਤਾਮਿਲ ਵਿਸ਼ਵ ਸੰਮੇਲਨ, ਸੰਤ ਤੁੱਕਾ ਰਾਮ, ਗਰੋਮੋਰ, ਪਰਿਵਾਰ ਨਿਯੋਜਨ, ਭਾਰਤ ਛੱਡੋ ਅੰਦੋਲਨ, ਭਾਰਤੀ ਰਿਜਰਵ ਬੈਪਕ, ਕਨੇਡਾ, ਗਰੇਟ ਬਰਟੇਨ, ਅਮਰੀਕਾ, ਡੁਬਈ, ਸਿੰਘਾਪੁਰ, ਦੱਖਣੀ ਕੋਰੀਆ, ਹਾਂਗਕਾਂਗ, ਡੈਨਮਾਰਕ, ਇਟਲੀ, ਜਰਮਨੀ, ਇਰਾਨ, ਇਰਾਕ, ਕੁਵੈਤ, ਤੁਰਕੀ, ਪੋਲੈਡ, ਪਾਕਿਸਤਾਨ, ਥਾਈਲੈਡ, ਲਿਬਨਾਨ, ਕਤਰ, ਆਸਟਰੇਲੀਆ, ਰੂਸ, ਚੀਨ, ਸ੍ਰੀਲੰਕਾ, ਬਰਮਾ, ਭੂਟਾਨ, ਨੇਪਾਲ, ਕੋਰੀਆ, ਫਰਾਂਸ, ਫਿਲਪਾਇਨ, ਸਾਉਦੀ ਅਰਬ, ਘਾਨਾ, ਉਮਾਨ,ਮੈਕਸੀਕੋ, ਬੰਗਲਾਦੇਸ, ਬਲਟਾਨੀਆਂ, ਨੀਦਰਲੈਡ, ਬੈਲਜੀਅਮ, ਬਹਰੀਨ, ਮਲੇਸੀਆ, ਗਿਆਨਾ ਆਦਿ ਦੇ ਤਸਵੀਰਾਂ ਵਾਲੇ ਸਿੱਕੇ ਮੌਜੂਦ ਹਨ। ਇਸ ਤੋ ਇਲਾਵਾ ਪੁਰਾਤਨ ਦੁਰਲੱਭ ਸਿੱਕਿਆਂ ਦੇ ਸੰਗ੍ਰਹਿ 'ਚ ਹਿੰਮਾਯੁ, ਸ਼ੇਰ ਸਾਹ ਸੂਰੀ, ਅਕਬਰ, ਔਰੰਗਜੇਬ, ਜਲਾਲਦੀਨ ਖਿਲਾਜੀ, ਗਿਆਸੂਦੀਨ ਬਲਬਲ, ਇਬਰਾਹਿਮ ਲੋਧੀ, ਬਹਿਲੋਲ ਲੋਧੀ, ਮਾਲਵਾ ਸੁਲਤਾਨ ਇਬਰਾਹੀਮ ਸਾਹ, ਜੋਧਪੁਰ ਸੁਲਤਾਨ ਇਬਰਾਹਿਮ ਅਲੀਸਾਹ, ਅਹਿਮਦਸਾਹ ਅਬਦਾਲੀ, ਬੀਕਾਨੇਰ ਦੇ ਰਾਜਾ ਮਾਨ ਸਿੰਘ, ਸਿੰਧ ਸੁਲਤਾਨ,ਮਨਸੂਰੀ ਧੇਲੇ, ਮਲੇਰਕੋਟਲਾ ਸਮੇ ਦੇ ਦਮੜੇ ਤੇ ਦਮੜੀਆਂ ਤੋ ਇਲਾਵਾ ਗਵਾਲੀਅਰ ਸਟੇਟ ਦੇ ਸ੍ਰੀ ਮਾਧਵ ਰਾਉ ਦੇ ਸਿੱਕੇ,ਅਲੀ ਬਹਾਦਰ, ਸ੍ਰੀ ਸਾਜਿਆ ਰਾਉ ਗਾਇਕਵਾੜ, ਸ੍ਰੀ ਜੋਧਾ ਜੀ ਰਾਵ,ਅਲੀ ਜਾ ਬਹਾਦਰ, ਸ੍ਰੀ ਜੀਵਾ ਜੀ, ਅਲੀ ਬਹਾਦਰ ਦੇ ਆਨੇ, ਅੱਧੇ ਆਨੇ, ਇੱਕ ਪੈਸਾ, ਮਹਾਰਾਜਾ ਰਣਜੀਤ ਸਿੰਘ ਸਮੇ ਦਾ ਆਨਾ, ਅੱਧਾ ਆਨਾ, ਚਾਂਦੀ ਦੇ ਰੁਪਏ, ਜਾਰਜ 5ਵੇ, 6ਵੇ, 7ਵੇ ਸਮੇ ਦੀ ਅਧਿਆਨੀ, ਦੁਆਨੀ, ਬਾਰਾਂ ਆਨੇ, ਚਾਰ ਆਨੇ, ਅੱਧਾ ਰੁਪਿਆ, 1 ਪੈਸਾ, 2 ਪੈਸੇ, 3 ਪੈਸੇ, 5 ਪੈਸੇ, 10 ਪੈਸੇ, 20 ਪੈਸੇ, 25 ਪੈਸੇ, 50 ਪੈਸੇ, 1 ਰੁਪਿਆ, 2 ਰੁਪਏ, 5 ਰੁਪਏ ਤੋ ਇਲਾਵਾ ਨਵਾਂ ਪੈਸਾ, ਗਲੀ ਵਾਲੇ ਪੈਸੇ, ਖੋਟੇ ਸਿੱਕੇ, ਦਮੜਾ, ਦਮੜੀ, ਧੇਲਾ, ਪਾਈ, ਡਬਲੀ ਪੈਸੇ ਆਦਿ ਵੀ ਉਸ ਕੋਲ ਮੌਜੂਦ ਹਨ। ਕਾਗਜੀ ਨੋਟਾਂ ਦਾ ਵੀ ਉਸ ਕੋਲ ਬਹੁਤ ਵੱਡਾ ਭੰਡਾਰ ਮੌਜੂਦ ਹੈ।



ਇਥੇ ਹੀ ਬੱਸ ਨਹੀਪ ਉਸਨੇ ਸ਼ੌਕ ਨੂੰ ਹੋਰ ਵਧਾਉਂਦੇ ਹੋਏ ਭਾਰਤ ਸਮੇਤ ਵੱਖ- ਵੱਖ ਦੇਸਾਂ ਦੀ 1600 ਤੋ ਵੱਧ ਡਾਕ ਟਿਕਟਾਂ ਵੀ ਇਕੱਠੀਆਂ ਕੀਤੀਆ ਹੋਈਆ ਹਨ। ਉਹਨਾਂ ਟਿਕਟਾਂ ਉੱਪਰ ਉਹਨਾਂ ਦੇਸਾਂ ਦੀਆਂ ਮੋਹਰਾਂ ਵੀ ਮੌਜੂਦ ਹਨ। ਉਹ ਇਨ੍ਹਾ ਟਿਕਟਾਂ ਨੂੰ ਡਾਕ ਲਿਫਾਫਿਆਂ ਉੱਤੋ ਉਤਾਰ ਕਿ ਇਕੱਠੀਆਂ ਕਰਦਾ ਹੈ।

ਉਸ ਨੂੰ ਇਹ ਸ਼ੌਕ ਆਪਣੇ ਪਿਤਾ ਜੀ ਤੋ ਮਿਲੇ ਕੁਝ ਕੁ ਪੁਰਾਤਨ ਸਿੱਕਿਆਂ ਤੋ ਪਿਆ। ਉਹ ਇਸ ਸ਼ੌਕ ਨੂੰ ਵੱਖ- ਵੱਖ ਸਕੂਲਾਂ, ਕਾਲਜਾਂ ਅਤੇ ਧਾਰਮਿਕ ਪ੍ਰਗਰਾਮਾਂ ਵਿੱਚ ਬੱਚਿਆਂ ਨੂੰ ਪ੍ਰਦਰਸਨੀ ਲਗਾ ਕੇ ਦਖਾਉਦਾ ਹੈ ਤਾਂ ਜੋ ਬੱਚੇ ਆਪਣੇ ਪੁਰਾਤਨ ਅਮੀਰ ਵਿਰਸੇ ਅਤੇ ਸੱਭਿਆਚਾਰ ਤੋ ਜਾਣੂ ਹੋ ਸਕਣ, ਜਿੰਨ੍ਹਾ ਦੀਆਂ ਤਸਵੀਰਾਂ ਸਿੱਕਿਆਂ ਅਤੇ ਨੋਟਾਂ 'ਤੇ ਹਨ ਉਹਨਾਂ ਦੀਆਂ ਆਪਣੇ ਦੇਸ ਪ੍ਰਤੀ ਕੀਤੀਆਂ ਕੁਰਬਾਨੀਆਂ ਅਤੇ ਸਮਾਜ ਪ੍ਰਤੀ ਕੀਤੇ ਕੰਮਾਂ ਤੋ ਜਾਣੂ ਵੀ ਕਰਵਾ ਰਿਹਾ ਹੈ। ਇਸ ਸ਼ੌਕ ਨੇ ਭਾਰਤ ਤੋ ਇਲਾਵਾ ਵੱਖ-ਵੱਖ ਦੇਸਾਂ ਵਿੱਚ ਸਿੱਕਿਆਂ ਦੇ ਸ਼ੌਕੀਨ ਲੋਕਾਂ ਤੱਕ ਉਸ ਦਾ ਨਾਂਅ ਰੋਸ਼ਨ ਕੀਤਾਂ ਹੈ, ਉਥੇ ਹੀ ਸਮਰਾਲਾ ਸ਼ਹਿਰ ਦਾ ਨਾਂਅ ਵੀ ਰੋਸ਼ਨ ਕੀਤਾ ਹੈ ਜਿਥੇ ਕਿ ਉਹ ਅੱਜ-ਕੱਲ੍ਹ ਆਪਣਾ ਜੀਵਨ ਬਸਰ ਕਰ ਰਿਹਾ ਹੈ।

ਇਸ ਸ਼ੌਕ ਤੋ ਇਲਾਵਾ ਉਹ ਸਮਾਜਿਕ ਅਤੇ ਧਾਰਮਿਕ ਕੰਮਾਂ ਵਿੱਚ ਵੀ ਮੋਹਰੀ ਭੂਮਿਕਾ ਨਿਭਾਉਦਾ ਹੈ। ਅਲੋਪ ਹੋ ਰਹੀ ਇਸ ਵਿਰਾਸਤ ਨੂੰ ਜਿਊਂਦਾ ਰੱਖਣ ਲਈ ਉਨ੍ਹਾਂ ਦਾ ਇਹ ਉਪਰਾਲਾ ਸਲਾਘਾਯੋਗ ਹੈ। ਰੱਬ ਕਰੇ, ਇਹਨਾਂ ਦਾ ਸ਼ੌਕ ਹੋਰਾ ਲੋਕਾਂ ਲਈ ਮਾਰਗ-ਦਰਸਕ ਬਣੇ।

**- ਤਸਵਿੰਦਰ ਸਿੰਘ ਬੜੈਚ**
**91-98763-22677**

# ਸਾਫ ਸੁਥਰੇ ਤੇ ਸੱਭਿਆਚਾਰਕ ਗੀਤਾਂ ਦਾ ਰਚੇਤਾ- ਗੀਤਕਾਰ ਸਤਨਾਮ ਮੱਟੂ



ਗੁਰਪ੍ਰੀਤ ਬੱਲ, ਰਾਜਪੁਰਾ

ਕਹਿੰਦੇ ਨੇ ਜੇਕਰ ਇਨਸਾਨ ਮਿਹਨਤ ਤੇ ਲਗਨ ਨਾਲ ਕੰਮ ਕਰੇ ਤਾਂ ਹਰ ਮੰਜ਼ਿਲ ਨੂੰ ਪਾ ਸਕਦਾ ਹੈ ਕਿਉਂਕਿ ਮਿਹਨਤ ਤੇ ਲਗਨ ਹੀ ਸਫਲਤਾ ਦੀ ਅਸਲ ਕੂੰਜ਼ੀ ਹੈ ਅੱਜ ਅਸੀ ਗੱਲ ਕਰ ਰਹੇ ਹਾਂ ਮਿਹਨਤ ਤੇ ਲਗਨ ਸਦਕਾ ਪੰਜਾਬੀ ਸੰਗੀਤ ਜਗਤ ਦੇ ਖੇਤਰ ਚ ਅਪਣੀ ਗੀਤਕਾਰੀ ਦਾ ਲੋਹਾ ਮੰਨਵਾ ਰਹੇ ਕਲਮ ਦੇ ਧੰਨੀ ਮਿੱਠ ਬੋਲੜੇ ਸੁਭਾਅ ਦੇ ਮਾਲਕ ਗੀਤਕਾਰ ਸਤਨਾਮ ਮੱਟੂ ਦੀ ਸਤਨਾਮ ਮੱਟੂ ਦਾ ਜਨਮ ਪਿਤਾ ਸ੍ਰ ਮੇਵਾ ਸਿੰਘ ਅਤੇ ਮਾਤਾ ਬਲਬੀਰ ਕੌਰ ਦੇ ਘਰ ਪਿੰਡ ਬਿੰਬੜ ਵਿਖੇ ਹੋਇਆ ਭੈਣ ਭਰਾਵਾਂ ਚੋਂ ਸੱਭ ਤੋਂ ਵੱਡਾ ਸਤਨਾਮ ਜ਼ਿੰਦਗੀ ਦੀਆਂ 43 ਕੁ ਪੱਤਝੜ ਬਹਾਰਾਂ ਦਾ ਆਨੰਦ ਮਾਣ ਚੁੱਕਾ ਹੈ।ਮੁੱਢਲੀ ਪੜ੍ਹਾਈ ਤੋਂ ਬਾਅਦ ਮੱਟੂ ਨੇ ਬੀ-ਏ ਪੰਜਾਬ ਯੂਨੀਵਰਸਿਟੀ ਚੰਡੀਗੜ ਤੋਂ, ਈਟੀਟੀ ਨਾਭਾ ਤੋਂ, ਇੰਜਨੀਅਰਿੰਗ ਵਿੱਚ ਡਿਪਲੋਮਾ ਅਤੇ ਬੀ-ਟੈੱਕ ਥਾਪਰ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ ਵਿੱਦਿਆ ਹਾਸਲ ਕਰਨ ਤੋਂ ਬਾਅਦ ਸਤਨਾਮ ਮੱਟੂ ਨੇ 3 ਸਾਲ ਬਤੌਰ ਅਧਿਆਪਕ ਸੇਵਾ ਨਿਭਾਈ। ਇਸ ਉਪਰੰਤ ਮੱਟੂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਬਤੌਰ ਜੂਨੀਅਰ ਇੰਜਨੀਅਰ ਦੇ ਅਹੁੱਦੇ ਉਤੇ ਰਹੇ ਅਤੇ ਹੁੱਣ ਵਿਭਾਗ ਵਿੱਚ ਬਤੌਰ ਸਹਾਇਕ ਇੰਜਨੀਅਰ ਦੇ ਅਹੁੱਦੇ ਉਤੇ ਸ਼ਹੀਦਾਂ ਦੀ ਧਰਤੀ ਸ੍ਰੀ ਫਤਿਹਗੜ ਸਾਹਿਬ ਵਿਖੇ ਅਪਣੀ ਸੇਵਾ ਨਿਭਾ ਰਹੇ ਹਨ। ਗੀਤਕਾਰੀ ਦੀ ਚੇਟਕ ਸਤਨਾਮ ਮੱਟੂ ਨੂੰ ਪ੍ਰਸਿੱਧ ਗੀਤਕਾਰ ਤੇ ਗਾਇਕ ਹਾਕਮ ਬੱਖਤੜੀ ਵਾਲਾ ਦੇ ਗੀਤ ਜਲੰਧਰ ਦੂਰਦਰਸ਼ਨ ਤੋਂ ਸੁਣਦੇ ਸੁਣਦੇ ਅਤੇ ਗੀਤਕਾਰੀ ਦੇ ਥੰਮ ਦੇਵ ਥਰੀਕੇ ਜੀ ਤੇ ਰਾਜ ਕਾਕੜਾ ਜੀ ਦੀ ਕਲਮ ਰਾਹੀਂ ਉਕਰੇ ਸ਼ਬਦਾਂ ਤੋਂ ਲੱਗੀ ਤੇ ਸਤਨਾਮ ਮੱਟੂ ਨੇ ਗੀਤਕਾਰੀ ਦਾ ਸਫਰ ਸ਼ੁਰੂ ਕੀਤਾ ਸਤਨਾਮ ਮੱਟੂ ਗੀਤਕਾਰੀ ਦੇ ਖੇਤਰ ਚ ਹਾਕਮ ਬੱਖਤੜੀ ਵਾਲਾ ਨੂੰ ਅਪਣਾ ਉਸਤਾਦ ਮੰਨਦਾ ਹੈ।ਹੁੱਣ ਤੱਕ ਮੱਟੂ ਦੇ ਲਿਖੇ ਕਾਫੀ ਗੀਤ ਮਾਰਕਿਟ ਵਿੱਚ ਆ ਚੁੱਕੇ ਹਨ।ਮੱਟੂ ਦੇ ਲਿਖੇ ਗੀਤਾਂ ਨੂੰ ਗਾਇਕ ਲੱਕੀ ਦੁਰਗਾ-ਪੁਰੀਆ, ਗਾਇਕ ਰਵੀ ਢਿੱਲੋਂ, ਗਾਇਕ ਬਹਾਦਰ ਬਿੱਟੂ, ਗਾਇਕ ਮਨਦੀਪ ਮਨੀ ਗਾ ਚੁੱਕੇ ਹਨ।ਆਉਣ ਵਾਲੇ ਸਮੇਂ ਚ ਸਤਨਾਮ ਮੱਟੂ ਦੇ ਗੀਤ ਗਾਇਕ ਵਤਨਜੀਤ ਸਿੰਘ, ਗਾਇਕ ਗੁਰਮੀਤ ਮੀਤ, ਗਾਇਕ ਲੱਕੀ ਦੁਰਗਾਪੁਰੀਆ, ਗਾਇਕ ਲਾਲੀ ਤਰਖੇੜੀ, ਗਾਇਕ ਹਰਿੰਦਰ ਧਾਲੀਵਾਲ ਤੋਂ ਇਲਾਵਾ ਹੋਰ ਵੀ ਗਾਇਕਾਂ ਰਣਜੀਤ ਬਾਵਾ, ਕੁਲਵਿੰਦਰ ਬਿੱਲਾ, ਰਵਿੰਦਰ ਗਰੇਵਾਲ, ਹਾਕਮ ਬੱਖਤੜੀ ਅਤੇ ਸੁੱਖੀ ਬਰਾੜ ਦੀਆਂ ਦਿੱਲਕਸ਼ ਆਵਾਜ਼ਾਂ ਵਿੱਚ ਜੱਲਦ ਹੀ ਸੁਣਨ ਨੂੰ ਮਿਲਣਗੇ। ਸਤਨਾਮ ਮੱਟੂ ਕਲਾ ਨੂੰ ਕੁਦਰਤ ਦੀ ਦੇਣ ਮੰਨਦਾ ਹੈ, ਇਸ ਲਈ ਉਹ ਆਪਣੀ ਇਸ ਕਲਾ ਨੂੰ ਦਿਲੋਜਾਨ ਤੋਂ ਸਮਰਪਿਤ ਹੈ। ਲੱਚਰਤਾ ਅਤੇ ਅਸ਼ਲੀਲਤਾ ਤੋਂ ਦੂਰ ਮੱਟੂ ਦੇ ਲਿਖੇ ਗੀਤਾਂ ਨੂੰ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਕਿਉਂਕਿ ਮੱਟੂ ਦੇ ਗੀਤਾਂ ਵਿੱਚ ਦੇਸ਼ਭਗਤੀ, ਅਮੀਰ ਵਿਰਸੇ, ਨਸ਼ਾ ਵਿਰੋਧੀ, ਸੱਭਿਆਚਾਰਕ ਅਤੇ ਸਮਾਜਿਕ ਮੁਸ਼ਕਿਲਾਂ ਦਾ ਜ਼ਿਕਰ ਆਮ ਮਿਲਦਾ ਹੈ। ਮੱਟੂ ਦੇ ਲਿਖੇ ਹੋਏ ਗੀਤ: "ਰਾਂਝੇ" ਅਤੇ "ਪੱਗ" ਨੂੰ ਦੇਸ਼ਾਂ-ਵਿਦੇਸ਼ਾਂ ਚ ਜਿੱਥੇ ਸਰੋਤਿਆਂ ਵੱਲੋਂ ਭਰਭੂਰ ਪਿਆਰ ਮਿਲਿਆ ਉੱਥੇ ਹੀ ਨਾਮਵਰ ਫਨਕਾਰਾਂ ਵੱਲੋਂ ਵੀ ਮੱਟੂ ਦੇ ਗੀਤਾਂ ਨੂੰ ਖੂਬ ਸਲਾਹਿਆ ਗਿਆ। ਆਪਣੇ ਹੋਰ ਚੂੱਚਿਤ ਗੀਤਾਂ ਸੁੱਤੀਆਂ ਸਰਕਾਰਾਂ, ਸੁਣੀਂ ਪਟਿਆਲੇ ਵਾਲਿਆ ਅਤੇ ਰਾਂਝੇ 2 ਰਾਹੀਂ ਵੀ ਮੱਟੂ ਨੇ ਚੰਗਾ ਨਾਮਣਾ ਖੱਟਿਆ ਹੈ। ਮੱਟੂ ਦੀ ਕਲਮ ਦੇ ਸ਼ਿੰਗਾਰੇ ਗੀਤ ਵੱਖ ਵੱਖ ਟੀ. ਵੀ. ਚੈਨਲਾਂ, ਫੇਸਬੁੱਕ, ਯੂ-ਟਿਊਬ, ਵਟਸ-ਅੱਪ ਉੱਤੇ ਧੂੰਮਾਂ ਪਾ ਰਹੇ ਹਨ ਮੱਟੂ ਨੇ ਜਿੱਥੇ ਪੰਜਾਬੀ ਸੰਗੀਤ ਜਗਤ ਦੇ ਖੇਤਰ ਚ ਵੱਖਰੀ ਪਹਿਚਾਣ ਬਣਾਈ ਹੈ ਉੱਥੇ ਹੀ ਮੱਟੂ ਧਾਰਮਿਕ ਖੇਤਰ ਦੇ ਵਿੱਚ ਵੀ ਆਪਣੀ ਪੱਕੜ ਮਜ਼ਬੂਤ ਕਰ ਰਿਹਾ ਹੈ। ਸਤਨਾਮ ਮੱਟੂ ਅਪਣੇ ਗੀਤਕਾਰੀ ਦੇ ਇਸ ਸਫਰ ਚ ਖਾਸ ਕਰ ਆਪਣੇ ਅਜ਼ੀਜ਼ ਦੋਸਤਾਂ, ਯਾਰਾਂ-ਮਿੱਤਰਾਂ ਤੇ ਸਰੋਤਿਆਂ ਦਾ ਵਿਸ਼ੇਸ਼ ਧੰਨਵਾਦੀ ਹੈ। ਜਿਨ੍ਹਾਂ ਦੇ ਨੇਕ ਮਸ਼ਵਰੇ, ਸਹਿਯੋਗ ਤੇ ਭਰਭੂਰ ਪਿਆਰ ਨਾਲ ਉਹ ਸ਼ੋਹਰਤ ਦੀਆਂ ਮੰਜ਼ਿਲਾਂ ਵੱਲ ਵੱਧ ਰਿਹਾ ਹੈ। ਸ਼ਾਲਾ ਇਹ ਮਿਹਨਤੀ, ਸਿਰੜੀ ਤੇ ਜਨੂੰਨੀ ਇਨਸਾਨ ਗੀਤਕਾਰੀ ਦੇ ਖੇਤਰ ਚ ਨਵੇਂ ਪੂਰਨੇ ਪਾਉਂਦਿਆਂ ਆਕਾਸ਼ ਦੀਆਂ ਬੁਲੰਦੀਆਂ ਨੂੰ ਛੂਹੇ।




(ਛਾਪਕ ਤੇ ਪਤਾ)
ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ ਚੰਡੀਗੜ
ਫੋਨ-91-1725077427
91-1725077428

ਡਾ. ਜਸਵੰਤ ਰਾਏ (ਲੇਖਕ)
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ
ਸ਼ੇਰ ਗੜ੍ਹ ਰੋਡ,ਹੁਸ਼ਿਆਰਪੁਰ
ਮੋਬਾ. 91-98158-25999
ਮੋਬਾ. 91-99150-40888


ਪ੍ਰਕਾਸ਼ਕ 'ਦੇਸ਼ ਦੁਆਬਾ' (ਕੈਲੇਫੋਰਨੀਆ)

# ਕੌਮ ਦਾ ਸਿਤਾਰਾ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ




## ਗਦਰ ਲਹਿਰ ਦਾ ਇਤਿਹਾਸਕ ਪਿਛੋਕੜ


ਯੂਰਪ ਦੀ ਧਰਤੀ ਤੇ ਗ਼ਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲੇ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਸਾਹਰੀ ਨੂੰ 14 ਨਵੰਬਰ, 1916 ਈਸਵੀ ਨੂੰ ਮਾਂਡਲੇ ਜੇਲ੍ਹ ਵਿਚ ਅੰਗਰੇਜ਼ੀ ਹਕੂਮਤ ਦੁਆਰਾ ਫਾਂਸੀ ਦਿੱਤੀ ਗਈ ਸੀ। ਵਰ੍ਹਾ 2016 ਉਸ ਗ਼ਦਰੀ ਸੂਰਮੇ ਨੂੰ ਯਾਦ ਕਰਨ ਲਈ ਸ਼ਤਾਬਦੀ ਵਰ੍ਹਾ ਹੈ। ਮੈਂ ਤਿੰਨ ਸਾਲ ਦੇ ਖੋਜ ਕਾਰਜ ਉਪਰੰਤ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਦਸਤਾਵੇਜ਼ "ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲਿਖਿਆ ਹੈ ਜਿਸਨੂੰ ਪੁਸਤਕ ਰੂਪ ਵਿਚ "ਦੇਸ ਦੁਆਬਾ" ਪ੍ਰਕਾਸ਼ਨ ਸਮੂਹ ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਹੈ। 'ਦੇਸ਼ ਦੁਆਬਾ' ਦੇ ਪਾਠਕਾਂ ਲਈ ਸ਼ਤਾਬਦੀ ਵਰ੍ਹੇ ਤੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਕੌਮੀ ਸੰਘਰਸ਼ ਦੀ ਗਾਥਾ ਨੂੰ ਲੜੀਵਾਰ ਛਾਪਣ ਦੇ ਵਡਮੁੱਲੇ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਜਿੱਥੇ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਨਮਾਨ ਦਿੱਤਾ ਹੈ ਉੱਥੇ ਸਾਡੇ ਮਾਣ ਨੂੰ ਵੀ ਵਧਾਇਆ ਹੈ। ਜਨਵਰੀ 2016 ਤੋਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪੱਤਰਕਾਰ ਦੇ ਜੀਵਨ ਬਿਰਤਾਂਤ ਅਤੇ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਬਾਰੇ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸੀਤਾ ਰਾਮ ਬਾਂਸਲ, ਪ੍ਰੇਮ ਕੁਮਾਰ ਚੁੰਬਰ ਅਤੇ ਮੇਰੇ ਸ਼ਬਦ "ਕਿੰਝ ਲਿਖ ਹੋਈ ਪੁਸਤਕ" ਲੇਖਾਂ ਤੋਂ ਬਾਅਦ ਲਗਾਤਾਰ ਇਸ ਦਸਤਾਵੇਜ਼ ਨੂੰ ਛਾਪਿਆ ਜਾ ਰਿਹਾ ਹੈ। ਇਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਯਾਦ ਵਿਚ ਸੱਚੀ ਸ਼ਰਧਾਂਜਲੀ ਹੋਵੇਗੀ।**–ਡਾ. ਜਸਵੰਤ ਰਾਏ**



(ਸੱਤਵੀ ਕਿਸਤ)

ਬ੍ਰਿਟਿਸ਼ ਸਰਕਾਰ ਦੇ ਬਾਹਰ ਆਉਣ ਜਾਣ ਸਬੰਧੀ ਪੱਖਪਾਤੀ ਵਿਵਹਾਰ ਦੀ ਸਭ ਤੋਂ ਵੱਡੀ ਉਦਾਹਰਣ ਰਾਮ ਚੰਦ ਨਾਲ ਵਾਪਰੇ ਦੁਖਾਂਤ ਦੀ ਦਿੱਤੀ ਜਾ ਸਕਦੀ ਹੇ। ਰਾਮ ਚੰਦ ਪੜ੍ਹਨ ਲਈ ਬ੍ਰਿਟਿਸ਼ ਕੋਲੰਬੀਆ ਗਿਆ ਸੀ। ਉਹ ਇਕ ਵਿਦਿਅਰਥੀ ਸੀ ਅਤੇ ਵਿਹਲੇ ਸਮੇਂ ਬਾਬੂ ਹਰਨਾਮ ਸਿੰਘ ਹੁਰਾਂ ਨਾਲ 'ਸਵਦੇਸ਼ ਸੇਵਕ' ਦੇ ਕੰਮਾਂ ਸਬੰਧੀ ਹੱਕ ਵਟਾਉਂਦਾ ਸੀ। ਛੁੱਟੀਆਂ ਵਿਚ ਉਹ ਖਾਸ ਤੌਰ ਤੇ ਆਗਿਆ ਲੈ ਕੇ ਹਿੰਦੋਸਤਾਨ ਆਇਆ। ਉਸ ਕੋਲ ਇੰਮੀਗ੍ਰੇਸ਼ਨ ਵਿਭਾਗ ਉਟਾਵਾ ਦਾ ਆਗਿਆ ਪੱਤਰ ਵੀ ਸੀ। ਜਦੋਂ ਉਹ ਕਲਕੱਤੇ ਕੈਨੇਡਾ ਜਾਣ ਲਈ ਟਿਕਟ ਖਰੀਦਣ ਆਇਆ ਤਾਂ ਉਸਨੂੰ ਇਨਕਾਰ ਕਰ ਦਿੱਤਾ ਗਿਆ। ਫਿਰ ਉਹ ਹਾਂਗਕਾਂਗ ਪਹੁੰਚਾ। ਹਾਂਗਕਾਂਗ ਪਹੁੰਚ ਕੇ ਕੈਨੇਡਾ ਲਈ ਟਿਕਟ ਖਰੀਦਣ ਦੀ ਕੋਸ਼ਿਸ਼ ਕੀਤੀ ਪਰ ਇੱਥੇ ਵੀ ਅਸਫਲਤਾ ਹੀ ਹੱਥ ਲੱਗੀ। ਉਸਨੂੰ ਜ਼ਬਰਦਸਤੀ ਅਮਰੀਕਾ ਦੇ ਸ਼ਹਿਰ ਸਿਆਟਲ ਜਾਣ ਵਾਲੀ ਬ੍ਰਿਟਿਸ਼ ਸਰਕਾਰ ਕਾਨੂੰਨ ਦੀਆਂ ਇਸ ਤਰ੍ਹਾਂ ਧੱਜੀਆਂ ਉਡਾਉਂਦੀ ਸੀ। ਰਾਮ ਚੰਦ ਨਾਲ ਹੋਈ ਜੱਗੋਂ ਤੇਰਵੀਂ ਦੀ ਗੱਲ ਬ੍ਰਿਟਿਸ਼ ਕੋਲੰਬੀਆ ਦੇ ਪਾਰਲੀਮੈਂਟ ਵਿਚ ਵੀ ਉਠੀ ਪਰ ਇਸ ਸਬੰਧੀ ਜਾਂਚ-ਪੜਤਾਲ ਕਰਾਉਣ ਦਾ ਲਾਰਾ ਲਾ ਕੇ ਇਸ ਕੇਸ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ।

ਰਾਮ ਚੰਦ ਨਾਲ ਇਸ ਕਾਰੇ ਨੂੰ ਕਰਵਾਉਣ ਪਿੱਛੇ ਵੀ ਵਿਲੀਅਮ ਹਾਪਕਿਨਸਨ ਦਾ ਹੱਥ ਸੀ। ਰਾਮ ਚੰਦ ਪੜ੍ਹਿਆ ਲਿਖਿਆ ਹੋਣ ਕਰਕੇ ਦੋਭਾਸ਼ੀਏ ਦੇ ਕੰਮ ਵਜੋਂ ਵੀ ਹੱਥ ਅਜ਼ਮਾਈ ਕਰ ਰਿਹਾ ਸੀ ਅਤੇ ਦੂਜਾ ਉਹ 'ਸਵਦੇਸ਼ ਸੇਵਕ' ਲਈ ਕੰਮ ਦੀਆਂ ਖਬਰਾਂ ਵੀ ਇਕੱਠੀਆਂ ਕਰਦਾ ਸੀ। ਹਾਪਕਿਨਸਨ ਕਾਫੀ ਸਮੇਂ ਤੋਂ ਰਾਮ ਚੰਦ ਬਾਰੇ ਗੁਪਤ ਰਿਪੋਰਟ ਤਿਆਰ ਕਰ ਰਿਹਾ ਸੀ। ਰਾਮ ਚੰਦ ਨੇ ਆਪਣੇ ਨਾਲ ਬੀਤੀ ਇਸ ਘਟਨਾ ਤੋਂ ਪਹਿਲਾਂ ਭਾਈ ਹਰੀ ਸਿੰਘ ਬਾਰੇ ਇਕ ਖਬਰ ਤਿਆਰ ਕਰਕੇ 'ਸਵਦੇਸ਼ ਸੇਵਕ' ਨੂੰ ਦਿੱਤੀ ਸੀ, ਜਿਸਨੂੰ ਬਾਬੂ ਹਰਨਾਮ ਸਿੰਘ ਨੇ ਆਪਣੀ ਹੱਥ ਲਿਖਤ ਬਣਾ ਕੇ ਛਾਪਿਆ ਸੀ। ਹਾਪਕਿਨਸਨ ਰਾਮ ਚੰਦ ਨਾਲ ਇਸ ਖਬਰ ਕਰਕੇ ਵੀ ਲੱਗਦਾ ਸੀ। ਉਹ ਖਬਰ ਇਸ ਪ੍ਰਕਾਰ ਸੀ–



'ਸਵਦੇਸ਼ ਸੇਵਕ' ਅਖਬਾਰ ਵਿਚ ਭਾਈ ਬਿਸ਼ਨ ਸਿੰਘ ਦੀਆਂ ਤਿੰਨ ਕਾਵਿ ਰਚਨਾਵਾਂ ਦੋਹਰੇ, ਬੈਂਤ ਅਤੇ ਕੋਰੜਾ ਛੰਦ ਦੇ ਰੂਪ ਵਿਚ ਉਪਲਬਧ ਹੋਈਆਂ ਹਨ। ਕਾਵਿ ਰਚਨਾਵਾਂ ਅੰਗਰੇਜ਼ਾਂ ਦੀ ਤਰੱਕੀ ਦਾ ਰਾਜ ਪੜ੍ਹਾਈ ਅਤੇ ਮਿਲ ਵਰਤ ਕੇ ਰਹਿਣ ਵਾਲੇ ਗੁਣਾਂ ਦੇ ਧਾਰਨੀ ਹੋਣ ਨੂੰ ਦੱਸਦੀਆਂ ਹਨ। ਹਿੰਦੀਆਂ ਦੀ ਗੁਲਾਮੀ ਦਾ ਵੱਡਾ ਰਾਜ ਇਹਨਾਂ ਦਾ ਅਨਪੜ੍ਹ ਹੋਣਾ ਸੀ। ਅਨਪੜ੍ਹ ਬੰਦੇ ਨੂੰ ਆਪਣੇ ਅਧਿਕਾਰਾਂ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੁੰਦੀ। ਨਾ ਹੀ ਉਹ ਤਰੱਕੀ ਦੇ ਜ਼ਿਆਦਾ ਅਵਸਰ ਪ੍ਰਾਪਤ ਕਰ ਸਕਦਾ ਹੈ। ਦੂਜਾ ਹਿੰਦੀਆਂ ਵਿਚ ਬੇਇਤਫਾਕੀ ਬਹੁਤ ਸੀ। ਗੋਰਿਆਂ ਨੇ ਇਹਨਾਂ ਦੀ ਕਮਜ਼ੋਰੀ ਦਾ ਰੱਜ ਕੇ ਫਾਇਦਾ ਉਠਾਇਆ। ਉਹਨਾਂ ਨੇ ਆਪਣੀ ਹੁਸ਼ਿਆਰੀ ਨਾਲ ਇਹਨਾਂ ਨੂੰ ਰੱਜ ਕੇ ਲੁੱਟਿਆ ਅਤੇ ਕੁੱਟਿਆ। ਗਦਰੀ ਹਿੰਦੀਆਂ ਨੂੰ ਵੱਧ ਤੋਂ ਵੱਧ ਪੜ੍ਹਨ ਲਈ ਪ੍ਰੇਰਨਾ ਦਿੰਦੇ ਸਨ। ਪੜ੍ਹਾਈ ਦੀ ਮਹੱਤਤਾ ਨੂੰ ਸਮਝਾਉਂਦਿਆਂ ਹੀ ਬਾਬੂ ਹਰਨਾਮ ਸਿੰਘ ਨੇ ਆਪਣੇ ਘਰ ਹਿਦੀਆਂ ਨੂੰ ਪੜ੍ਹਾਉਣ ਦਾ ਮੁਫਤ ਪ੍ਰਬੰਧ ਕੀਤਾ ਹੋਇਆ ਸੀ। ਹਿੰਦੋਸਤਾਨ ਵਿਚ ਜਿਹੜੇ ਪਹਿਲਾਂ ਪਹਿਲਾਂ ਖਾਲਸਾ ਸਕੂਲ ਖੁੱਲ੍ਹੇ ਉਹਨਾਂ ਲਈ ਵਿਦੇਸ਼ਾਂ ਵਿਚ ਧੰਨ ਇਕੱਠਾ ਕਰਕੇ ਭੇਜਣ ਵਿਚ ਵੀ ਬਾਬੂ ਹਰਨਾਮ ਸਿੰਘ ਦਾ ਉਘਾ ਯੋਗਦਾਨ ਸੀ। ਉਹ ਸਿਰਫ ਰੋਟੀ-ਪਾਣੀ ਜੋਗੇ ਪੈਸੇ ਆਪਣੇ ਕੋਲ ਰੱਖ ਕੇ ਬਾਕੀ ਇਸ ਤਰ੍ਹਾਂ ਦੀਆਂ ਸਭਾ ਸੁਸਾਇਟੀਆਂ ਨੂੰ ਦਾਨ ਕਰ ਦਿੰਦਾ ਸੀ ਜੋ ਹਿੰਦੀਆਂ ਲਈ ਪੜ੍ਹਾਈ ਦਾ ਪ੍ਰਬੰਧ ਕਰਦੀਆਂ ਸਨ।

ਹਿੰਦੀ ਇਨਕਲਾਬੀਆਂ ਦੀ ਨਿਗਾਹ ਸੰਸਾਰ ਦੇ ਬਾਕੀ ਦੇਸ਼ਾਂ ਤੇ ਵੀ ਸੀ। ਜਾਪਾਨ, ਜਰਮਨ, ਫਰਾਂਸ ਉਹਨਾਂ ਦੇ ਸਾਹਮਣੇ ਸਨ। ਉਹ ਜਾਪਾਨ ਦੀ ਉਦਾਹਰਣ ਤਾਂ ਬਾਕੀ ਆਪਣੇ ਭੈਣ-ਭਰਾਵਾਂ ਨੂੰ ਵੀ ਦਿਆ ਕਰਦੇ ਸਨ ਕਿ ਦੇਖੋ ਜਾਪਾਨੀ ਆਪਣੇ ਦੇਸ਼ ਨੂੰ ਕਿੱਦਾਂ ਪਿਆਰ ਕਰਦੇ ਹਨ। ਇਹ ਜਾਪਾਨੀਆਂ ਦੀ ਸਖਤ ਮਿਹਨਤ, ਪੜ੍ਹਾਈ, ਆਪਸੀ ਇਤਫਾਕ ਅਤੇ ਕੌਮ ਪ੍ਰਤੀ ਪਿਆਰ ਹੀ ਸੀ ਜਿਸ ਕਰਕੇ ਉਹਨਾਂ ਨੇ 1905 ਈ. ਵਿਚ ਰਸ਼ੀਆ ਵਰਗੇ ਇੱਡੇ ਵੱਡੇ ਦੇਸ਼ ਦੀਆਂ ਗੋਡਣੀਆਂ ਲੁਆ ਦਿੱਤੀਆਂ।

'ਸਵਦੇਸ਼ ਸੇਵਕ' ਵਿਚ ਭਾਈ ਬਿਸ਼ਨ ਸਿੰਘ ਦੀਆਂ ਛਪੀਆਂ ਕਵਿਤਾਵਾਂ ਦਾ ਸਾਖਸ਼ਾਤ ਰੂਪ ਦੇਖੋ–

ਦੋਹਰੇ : ਪੜ੍ਹ ਕੇ ਇਸ ਅਖਬਾਰ ਨੂੰ

1. ਪੜ੍ਹ ਕੇ ਇਸ ਅਖਬਾਰ ਨੂੰ ਹੋਸ਼ ਗਈ ਹੈ ਆਇ।
ਅੱਗੇ ਥੋੜ੍ਹੀ ਬਾਰਤਾ ਮੈਂ ਭੀ ਲਿਖਾਂ ਬਣਾਏ।।
2. ਲਿਖਾਂ ਇਲਮ ਕੀ ਬਾਰਤਾ ਸੁਣੋ ਹਮਾਰੇ ਯਾਰ।
ਹਾਲ ਸੁਣਾਵਾਂ ਗੋਰਿਆਂ ਦਿਲ ਵਿਚ ਕਰੋ ਵਿਚਾਰ।।
3. ਨਾਲ ਇਲਮ ਕੋ ਜ਼ੋਰ ਦੇ ਭਾਰਤ ਬੀਚ ਗਏ।
ਮੁਲਕ ਹੀਰੇ ਦੀ ਕਣੀ ਦਾ ਕਰਦੇ ਰਾਜ ਪਏ।।
4. ਮੁਲਕ ਨਾਸ ਜੋ ਹੋ ਗਿਆ ਦੋ ਬਾਤਾਂ ਦੇ ਤਾਣ।
ਇਕ ਬੇਇਲਮੀ ਦੂਸਰੇ ਬੇਇਤਫਾਕੀ ਜਾਣ।।
5. ਵਿਚ ਅੰਗਰੇਜ਼ਾਂ ਦੇਖਿਆ ਏਹ ਬੜਾ ਇਤਫਾਕ।
ਜਦ ਕੋਈ ਆਵੇ ਦੂਸਰਾ ਬੋਲਣ ਇਕੋ ਵਾਕ।।
6. ਭਾਵੇਂ ਹੋਵੇ ਕੰਗਲਾ ਦੋ ਕੌੜੀ ਦੇ ਮੂਲ।।
ਕਿਰਚਾਂ ਲੈਣ ਸਲਾਮੀਆਂ ਵੱਡਾ ਆਖਣ ਕੁੱਲ।।
7. ਦੂਜੇ ਦੇਖੋ ਇਲਮ ਦਾ ਕੀ ਕੁਝ ਰਚਿਆ ਖੇਲ।
ਸਾਗਰ ਬਿਚ ਜਹਾਜ ਕੋ ਉਪਰ ਧਰਤੀ ਰੇਲ।।
8. ਕਲਾ ਬਣਾਈਆਂ ਸੈਂਕੜੇ ਅੰਤ ਨਹੀਂ ਕੁਝ ਆਦਿ।
ਜੇ ਮੈਂ ਦੱਸਾਂ ਸਾਰੀਆਂ ਮੂਲ ਲਿਖੀ ਨਾ ਜਾਇ।।
9. ਭਾਰਤ ਦੇ ਵਿਚ ਗੋਰਿਆਂ ਕਰੀ ਇਲਮ ਦੀ ਖੇਲ।
ਗਲੀ ਗਲੀ ਵਿਚ ਕੂਚਿਆਂ ਦੇਖੋ ਤੁਰਦੀ ਰੇਲ।।
10. ਉਕਤ ਸਮੇਂ ਮੇਂ ਇਨ੍ਹਾਂ ਨੇ ਵਿਦਿਆ ਦੀ ਕੀ ਕਾਰ।
ਚਾਂਦੀ ਸੋਨਾ ਕੱਢਿਆ ਕੀਤੇ ਨੋਟ ਤਿਆਰ।।
11. ਪਹਿਲੇ ਨਹੀਂ ਅਮੇਦ ਥੀ ਗੁਜਰੂ ਇਹ ਬਰਤੰਤ।
ਅਬ ਭੀ ਮੈਂ ਨਹੀਂ ਆਖਦਾ ਮੁਲਕ ਬੜਾ ਬੇਅੰਤ।।
12. ਬਾਤਾਂ ਹੋਰ ਬਹੁਤੇਰੀਆਂ ਹਨ ਜੋ ਲੱਖ ਕਰੋੜ।
ਕੁਲ ਕਹੋਂਦੇ ਮੁਲਕ ਜੋ ਇਸ ਇਲਮ ਦੇ ਜ਼ੋਰ।।
13. ਮੁਲਕ ਬਥੇਰੇ ਦੇਖ ਲਏ ਸਭ ਮੇਂ ਇਹ ਬਰਤਾਰ।
ਬਿਚ ਇਲਮ ਭਰਪੂਰ ਹੈ ਸਭੇ ਜੋ ਨਰ ਨਾਰ।।
14. ਹਮ ਭੀ ਐਸੇ ਬਨ ਸਕੇਂ ਦਿਲ ਮੇਂ ਕਰੇਂ ਵਿਚਾਰ।
ਮੁਲਕ ਆਪਣੇ ਸੰਗ ਜੋ ਸਭੇ ਕਰੇਂ ਪਿਆਰ।।
15. ਲਭੇ ਸਾਨੂੰ ਲਾਲ ਜੋ ਹੁਣ ਭੀ ਅੰਦਰ ਰੇਤ
ਸਭੇ ਸਿਖਣ ਵਿਦਿਆ ਕਰੇਂ ਇਲਮ ਸੇ ਹੇਤ।।

**(ਭਾਈ ਬਿਸ਼ਨ ਸਿੰਘ)**



**ਡਾ.ਜਸਵੰਤ ਰਾਏ**
**91-98158 25999**

ਬੈਂਤ : ਕਾਮ ਅਕਲ ਦਾ ਕਰਨ ਅੰਗਰੇਜ਼ ਯਾਰੋ

ਕਾਮ ਅਕਲ ਦਾ ਕਰਨ ਅੰਗਰੇਜ਼ ਯਾਰੋ, ਨਹੀਂ ਇਨ੍ਹਾਂ ਦੇ ਤੁਲ ਕੋਈ ਹੋਰ ਬੇਲੀ।
ਨਾਲ ਆਸਤੇ ਕੰਮ ਨੂੰ ਕਢ ਲੈਂਦੇ, ਨਹੀਂ ਪਾਂਵਦੇ ਐਂ ਕਦੇ ਸ਼ੋਰ ਬੇਲੀ।
ਜੇਹੜੇ ਕੰਮ ਬੰਨੀ ਨਫਾ ਦੇਖਦੇ ਹੈਂ, ਉਸੇ ਕੰਮ ਨੂੰ ਦਿੰਦੇ ਹੈਂ ਤੋਰ ਬੇਲੀ।
ਕਰਦੇ ਕੌਮ ਦੀ ਰਖਯਾ ਖੂਬ ਯਾਰੋ, ਨਹੀਂ ਰਖਦੇ ਕੰਮ ਸੇ ਖੋਰ ਬੇਲੀ।
ਗੋਰੇ ਪੰਜ ਸੌ ਨਹੀਂ ਮਲੂਮ ਹੁੰਦੇ, ਸਾਡੇ ਪੰਜ ਦਾ ਪਵੇ ਘਨਘੋਰ ਬੇਲੀ।
ਏਸੇ ਵਾਸਤੇ ਮੁਲਕ ਬਰਬਾਦ ਹੋਇਆ, ਜਦੋਂ ਕੌਮ ਨੂੰ ਸਮਝਦੇ ਹੋਰ ਬੇਲੀ।
ਸਰ੍ਹੋਂ ਜਗਾ ਬਾਰੂਦ ਦੀ ਭੇਜ ਦਿਤੀ, ਏਸ ਨਾਰ ਰਾਣੀ ਜਿੰਦ ਕੌਰ ਬੇਲੀ।
ਗੋਰੇ ਕੰਮ ਨੂੰ ਦੇਖ ਕੇ ਖੁਸ਼ ਹੁੰਦੇ, ਜਿਵੇਂ ਬੱਦਲਾਂ ਦੇਖ ਕੇ ਮੋਰ ਬੇਲੀ
ਅਸੀਂ ਕੌਮ ਨੂੰ ਦੇਖ ਗਰਜ ਹੁੰਦੇ, ਜਿਵੇਂ ਸੰਢਿਆਂ ਦਾ ਹੁੰਦਾ ਖੋਰ ਬੇਲੀ।
ਗੋਰੇ ਅਕਲ ਇਤਫਾਕ ਦਾ ਕੰਮ ਕਰਦੇ, ਫੜੋ ਤੁਸੀਂ ਵੀ ਉਨ੍ਹਾਂ ਦੀ ਡੋਰ ਬੇਲੀ।
ਬਿਸ਼ਨ ਸਿੰਘ ਫਿਰ ਕੰਪਨੀ ਬੰਨ੍ਹ ਲੈਂਦੇ, ਜਦੋਂ ਪੈਸੇ ਦਾ ਹੁੰਦਾ ਜ਼ੋਰ ਬੇਲੀ।

**(ਭਾਈ ਬਿਸ਼ਨ ਸਿੰਘ)**

### ਕੋਰੜਾ ਛੰਦ: ਸੁਣੋ ਪਿਆਰੇ ਭਾਈ

ਸੁਣੋ ਪਿਆਰੇ ਭਾਈ ਕੋਰੜਾ ਮੈਂ ਗਾਂਵਦਾ, ਵਿਦਿਆ ਦਾ ਹਾਲ ਯਾਰੋ ਹਾਂ ਸੁਣਾਂਵਦਾ।
ਆਖ ਕੇ ਸੁਣਾਵਾਂ ਇਕ ਗੱਲ ਸੱਜਣੋਂ, ਰਖਣਾ ਧਿਆਨ ਇਹਦੀ ਵਲ ਸਜਣੋਂ।
ਆਖਦਾ ਹੈ ਦਾਸ ਜੋ ਮੁਖੋਂ ਪੁਕਾਰ ਕੇ, ਸਿਖ ਲਵੋ ਵਿਦਿਆ ਦਲੀਲ ਧਾਰ ਕੇ।
ਗਿਣਤੀ ਵਿਚ ਇੰਡੀਆ ਬੜਾ ਕਹਾ ਗਿਆ, ਵਿਦਯਾ ਦੇ ਵਿਚ ਯਾਰੋ ਹਾਰ ਖਾ ਗਿਆ।
ਜਰਮਨ ਫਰਾਂਸ ਦੇਖੋ ਸਾਰੇ ਲੋਕ ਜੀ, ਵਿਦਯਾ ਦੀ ਲਗੀ ਸਾਰਿਆਂ ਨੂੰ ਝੋਕ ਜੀ।
ਚਿਤ ਦੀਆਂ ਹੋਣ ਯਾਰੋ ਸਭੇ ਭੌਣੀਆਂ, ਸਿਖਲੋ ਕਲਾਵਾਂ ਪੈਣੀਆਂ ਚਲੌਣੀਆਂ।
ਬਾਰ ਬਾਰ ਚਿਤ ਮੇਂ ਕਰੋ ਵਿਚਾਰ ਜੀ, ਹੁਨਰਾਂ ਦੇ ਵਿਚ ਹੈ ਬੜੀ ਬਹਾਰ ਜੀ।
ਐਥੇ ਇਕ ਮੁੰਡਾ ਕਲਾ ਨੂੰ ਚਲਾਂਵਦਾ, ਇਕ ਸੌ ਤੇ ਬੀਸ ਹੈ ਵੋ ਡਾਲਰ ਪਾਂਵਦਾ।
ਰੋਜ ਰੋਜ ਉਸ ਨੂੰ ਮੈਂ ਰਹਾਂ ਤਕਦਾ, ਪੰਜ ਸੇਰ ਭਾਰ ਨਹੀਂ ਚੱਕ ਸਕਦਾ।
ਵਿਦਯਾ ਦੇ ਕਾਰਨੇ ਹੈ ਮੌਜਾਂ ਮਾਣਦਾ, ਬਾਦਸ਼ਾਹ ਕੰਗਾਲ ਨੂੰ ਨਹੀਂ ਪਛਾਣਦਾ।
ਕੌਂਸਲ ਵਾਲੇ ਦਫਤਰ ਗੋਰੀ ਕੰਮ ਕਰਦੀ, ਦੋ ਸੌ ਡਾਲਰ ਉਸ ਨੂੰ ਤਲਬ ਤਰਦੀ।
ਬਾਤ ਵਲ ਪਿਆਰਿਓ ਕਰੋ ਧਿਆਨ ਜੀ, ਦੇਖਦਾ ਮੈਂ ਨਿਤ ਤੇ ਰਹਾਂ ਹੈਰਾਨ ਜੀ।
ਅਸੀਂ ਯਾਰੋ ਫਿਰਦੇ ਡੰਗਰ ਚਾਰਦੇ, ਬੜੀ ਹੱਦ ਨੌਕਰੀ ਦਲੀਲ ਧਾਰ ਦੇ।
ਸਮਝਣੀ ਕਲਾਮ ਜਿਹੜੀ ਮੈਂ ਸੁਣਾਈ ਹੈ, ਬਿਸ਼ਨ ਸਿੰਘ ਬੀਚ ਨਾ ਫਰਕ ਰਾਈ ਹੈ।

**(ਭਾਈ ਬਿਸ਼ਨ ਸਿੰਘ)**

ਦੋਹਰਾ ਵੀ ਪੰਜਾਬੀ ਦਾ ਪੁਰਾਣਾ ਛੰਦ ਹੈ। ਸਭ ਤੋਂ ਪਹਿਲਾਂ ਇਸਦੀ ਵਰਤੋਂ ਬਾਬਾ ਫਰੀਦ ਨੇ ਕੀਤੀ। ਇਸ ਵਿਚ ਇਕੋ-ਭਾਵ ਵਿਚਾਰ ਨੂੰ 24-24 ਮਾਤਰਾਂ ਦੀਆਂ ਦੋ ਸੱਤਰਾਂ ਵਿਚ ਪ੍ਰਗਟ ਕਰਨਾ ਹੁੰਦਾ ਹੈ। ਗਦਰ ਕਾਵਿ ਵਿਚ ਸਿਰਫ ਪੰਦਰਾਂ ਦੋਹਰੇ ਮਿਲਦੇ ਹਨ, ਜੋ ਬਿਸ਼ਨ ਸਿੰਘ ਦੀ ਰਚਨਾ ਹਨ ਤੇ 'ਸੁਦੇਸ਼ ਸੇਵਕ' ਵਿਚ ਪ੍ਰਕਾਸ਼ਿਤ ਹੋਏ ਸਨ। ਗਦਰ ਲਹਿਰ ਦੌਰਾਨ ਬਹੁਤ ਸਾਰੀ ਗਦਰੀ ਕਵਿਤਾ ਰਚੀ ਗਈ। ਇਹਦੇ ਵਿਚੋਂ ਬਹੁਤੀ ਬੇਨਾਮੀ ਹੈ। ਪਰ ਇਹ ਮਾਣ ਸਿਰਫ ਬਾਬੂ ਹਰਨਾਮ ਸਿੰਘ ਦੇ ਪਰਚੇ 'ਸਵਦੇਸ਼ ਸੇਵਕ' ਦੇ ਹਿੱਸੇ ਆਇਆ ਹੈ ਕਿ ਦੋਹਰੇ ਸਿਰਫ ਇਸ ਵਿਚ ਹੀ ਪ੍ਰਕਾਸ਼ਤ ਹੋਏ, ਉਹ ਵੀ ਕਵੀ ਦੇ ਆਪਣੇ ਨਾਂ ਤੇ।

'ਸਵਦੇਸ਼ ਸੇਵਕ' ਸਿਰਫ ਅਮਰੀਕਾ ਕੈਨੇਡਾ ਵਿਚ ਹੀ ਨਹੀਂ ਸੀ ਪੜ੍ਹਿਆ ਜਾਂਦਾ ਸਗੋਂ ਇਹ ਕਾਫੀ ਗਿਣਤੀ ਵਿਚ ਹਿੰਦੋਸਤਾਨ ਨੂੰ ਭੇਜਿਆ ਜਾਂਦਾ ਸੀ ਜਿਹੜਾ ਅੱਗੋਂ ਬ੍ਰਿਟਿਸ਼ ਹਕੂਮਤ ਵਿਚ ਨੌਕਰੀ ਕਰ ਰਹੇ ਸਿੱਖ ਸਿਪਾਹੀਆਂ ਤੱਕ ਪਹੁੰਚਾਇਆ ਜਾਂਦਾ ਸੀ। ਇਹ ਸਿੱਖ ਸਿਪਾਹੀਆਂ ਨੂੰ ਬਗਾਵਤ ਕਰਨ ਲਈ ਪ੍ਰੇਰਦਾ ਸੀ। 'ਹਿੰਦੋਸਤਾਨ ਦੀ ਸੀ. ਆਈ. ਡੀ. ਦੇ ਵੱਡੇ ਅੰਗਰੇਜ਼ ਅਫਸਰਾਂ ਨੇ ਬਾਅਦ ਵਿਚ 'ਸਵਦੇਸ਼ ਸੇਵਕ' ਬਾਰੇ ਇਹ ਟਿੱਪਣੀ ਕੀਤੀ ਸੀ ਕਿ ਹੌਲੀ ਹੌਲੀ ਇਸਦੀ ਸੁਰ ਵੱਧ ਤੋਂ ਵੱਧ ਇਤਰਾਜ਼ਯੋਗ ਹੁੰਦੀ ਗਈ। ਕਿਉਂਕਿ ਇਹ ਪੇਪਰ ਹਿੰਦੋਸਤਾਨ ਦੀ ਅੰਗਰੇਜ਼ੀ ਫੌਜ ਦੇ ਸਿੱਖ ਸਿਪਾਹੀਆਂ ਨੂੰ ਉਹਨਾਂ ਦੀ ਆਪਣੀ ਜ਼ੁਬਾਨ ਵਿਚ ਸੰਬੋਧਿਤ ਹੁੰਦਾ ਸੀ ਅਤੇ ਕਾਫੀ ਗਿਣਤੀ ਵਿਚ ਹਿੰਦੋਸਤਾਨ ਨੂੰ ਭੇਜਿਆ ਜਾਂਦਾ ਸੀ, ਇਸ ਲਈ ਮਾਰਚ 1911 'ਚ ਇਸਦੇ ਹਿੰਦੋਸਤਾਨ ਵਿਚ ਦਾਖਲੇ ਉਤੇ ਪਾਬੰਦੀ ਲਗਾ ਦਿੱਤੀ ਗਈ। ਬ੍ਰਿਟਿਸ਼ ਹਕੂਮਤ ਨੂੰ ਪਤਾ ਸੀ ਕਿ ਪੰਜਾਬੀ ਸਿੱਖ ਮਾਰਸ਼ਲ ਕੌਮ ਹੈ। ਪੰਜਾਬੀਆਂ ਦਾ ਸੁਭਾਅ ਮਾਰ-ਧਾੜ ਵਾਲਾ ਰਿਹਾ ਹੈ। ਸਰਹੱਦੀ ਸੂਬਾ ਹੋਣ ਕਰਕੇ ਜਿਹੜਾ ਵੀ ਹਮਲਾਵਰ ਇਤਿਹਾਸ ਵਿਚ ਹਿੰਦੋਸਤਾਨ ਤੇ ਹਮਲਾ ਕਰਨ ਆਇਆ, ਉਸਨੂੰ ਸਭ ਤੋਂ ਪਹਿਲਾਂ ਪੰਜਾਬੀਆਂ ਨਾਲ ਦੋ ਹੱਥ ਕਰਨੇ ਪਏ। ਦੁਨੀਆਂ ਨੂੰ ਜਿੱਤਣ ਦਾ ਸੁਪਨਾ ਸਜਾਉਣ ਵਾਲਾ ਬਾਦਸ਼ਾਹ ਸਿਕੰਦਰ ਵੀ ਪੰਜਾਬੀਆਂ ਦੀ ਬਹਾਦਰੀ ਦਾ ਕਾਇਲ ਸੀ ਤੇ ਸਤਲੁਜ ਤੋਂ ਪਿਛਾਂਹ ਹੀ ਵਾਪਸ ਪਰਤ ਗਿਆ ਸੀ। 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਇਹ ਅਖਾਣ ਵੀ ਇਸ ਕਰਕੇ ਹੀ ਮਸ਼ਹੂਰ ਹੈ। ਪੰਜਾਬੀਆਂ ਵਿਚ ਬਹਾਦਰੀ ਦੇ ਗੁਣ ਹੋਣ ਕਰਕੇ ਹੀ ਹਿੰਦੋਸਤਾਨ ਵਿਚੋਂ ਅੰਗਰੇਜ਼ਾਂ ਨੇ ਆਪਣੀ ਫੌਜ ਵਿਚ ਸਭ ਤੋਂ ਵੱਧ ਭਰਤੀ ਪੰਜਾਬੀਆਂ ਦੀ ਕੀਤੀ ਸੀ। ਇਸ ਫੌਜ ਦੀ ਮਦਦ ਨਾਲ ਹੀ ਅੰਗਰੇਜ਼ਾਂ ਨੇ ਬਹੁਤ ਸਾਰੇ ਦੇਸ਼ਾਂ ਨੂੰ ਆਪਣੇ ਗੁਲਾਮ ਬਣਾਇਆ ਸੀ। 'ਸਵਦੇਸ਼ ਸੇਵਕ' ਪਰਚਾ ਪਾਠਕ ਨੂੰ ਦੇਸ਼ ਲਈ ਸਮਰਪਣ ਹੋਣ ਵਾਸਤੇ ਹਲੂਣਾ ਦਿੰਦਾ ਸੀ। ਸੋ ਬ੍ਰਿਟਿਸ਼ ਹਕੂਮਤ ਨਹੀਂ ਸੀ ਚਾਹੁੰਦੀ ਕਿ ਗਦਰੀਆਂ ਦੀ ਕਿਸੇ ਵੀ ਸਰਗਰਮੀ ਦੀ ਸਿੱਖ ਸਿਪਾਹੀਆਂ ਨੂੰ ਭਿਣਕ ਪਵੇ। ਇਸ ਕਰਕੇ ਇਸਨੇ ਕੈਨੇਡਾ ਸਰਕਾਰ ਨਾਲ ਗੰਡ-ਤੁਪ ਕਰਕੇ 'ਸਵਦੇਸ਼ ਸੇਵਕ' ਹਿੰਦੋਸਤਾਨ ਆਉਣੋਂ ਬੰਦ ਕਰਵਾ ਦਿੱਤਾ ਸੀ।

ਬਾਬੂ ਹਰਨਾਮ ਸਿੰਘ ਤੇ ਜੀ. ਡੀ. ਕੁਮਾਰ ਨੇ ਜਦੋਂ ਅਜੇ 'ਸਵਦੇਸ਼ ਸੇਵਕ' ਨੂੰ ਚਲਾਉਣ ਦੀਆਂ ਸਰਗਰਮੀਆਂ ਆਰੰਭੀਆਂ ਹੀ ਸਨ ਤਾਂ ਉਸ ਸਮੇਂ 'ਖਾਲਸਾ ਦੀਵਾਨ ਸੁਸਾਇਟੀ' ਤੋਂ ਬਾਅਦ ਜਿਹੜੀ ਸੰਸਥਾ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਉਭਰ ਕੇ ਸਾਹਮਣੇ ਆਈ ਸੀ ਉਹ ਸੀ 'ਗੁਰੂ ਨਾਨਕ ਮਾਇਨਿੰਗ ਐਂਡ ਟਰੱਸਟ ਕੰਪਨੀ ਲਿਮਟਿਡ।' ਬਾਬੂ ਹਰਨਾਮ ਸਿੰਘ ਹੋਰਾਂ ਨੂੰ ਆਪਣਾ ਅਖਬਾਰ ਕੱਢਣ ਦੀ ਪ੍ਰੇਰਨਾ ਵੀ ਇਹਨਾਂ ਤੋਂ ਹੀ ਮਿਲੀ ਸੀ। ਮਿਹਨਤਕਸ਼ ਸੁਭਾਅ ਦੇ ਮਾਲਕ ਹੋਣ ਕਰਕੇ ਹਿੰਦੀਆਂ ਨੇ ਧਨ-ਦੌਲਤ ਤਾਂ ਕਾਫੀ ਜੋੜ ਲਈ ਸੀ। ਉਹ ਹੁਣ ਆਪਣਾ ਕੋਈ ਸਰਬ ਸਾਂਝਾ ਬਿਜਨਸ ਖੋਲ੍ਹਣਾ ਚਾਹੁੰਦੇ ਸਨ ਜੋ ਗੁਰੂ ਨਾਨਕ ਮਾਇਨਿੰਗ ਐਂਡ ਟਰੱਸਟ ਕੰਪਨੀ ਲਿਮਟਿਡ ਖੋਲ੍ਹ ਕੇ ਪੂਰਾ ਹੋਇਆ। ਇਸ ਕੰਪਨੀ ਵਿਚ ਕੈਨੇਡਾ, ਯੂ. ਐਸ. ਏ. ਦੇ ਹਿੰਦੀਆਂ ਨੇ ਆਪਣੇ ਸ਼ੇਅਰਾਂ ਨਾਲ ਹਿੱਸਾ ਪਾਇਆ। ਉਹਨਾਂ ਨੇ 29 ਨਵੰਬਰ 1908 ਈ. ਨੂੰ ਗੁਰੂ ਨਾਨਕ ਮਾਇਨਿੰਗ ਐਂਡ ਟਰੱਸਟ ਕੰਪਨੀ ਲਿਮਟਿਡ ਨਾਂ ਦੀ ਕੰਪਨੀ ਦਾ ਪ੍ਰਬੰਧ ਕੀਤਾ। ਇਸਦੇ 251 ਮੈਂਬਰਾਂ ਵਿਚੋਂ ਡਾਇਰੈਕਟਰਾਂ ਦੀ ਚੋਣ ਕੀਤੀ ਗਈ। ਡਾਇਰੈਕਟਰਾਂ ਦੀ ਪਹਿਲੀ ਮੀਟਿੰਗ 8 ਦਸੰਬਰ 1908 ਈ. ਨੂੰ, ਇਕ ਅਹਿਮ ਮੀਟਿੰਗ 6 ਫਰਵਰੀ 1909 ਅਤੇ ਇਕ ਹੋਰ ਮੁੱਖ ਮੀਟਿੰਗ 8 ਮਾਰਚ 1909 ਈ. ਨੂੰ ਬੁਲਾਈ ਗਈ। ਹੇਠ ਲਿਖੇ ਡਾਇਰੈਕਟਰਾਂ ਨੇ ਮੀਟਿੰਗ 'ਚ ਭਾਗ ਲਿਆ–

ਭਾਈ ਹਾਕਮ ਸਿੰਘ (ਜੀ. ਪੀ. ਆਰ.)
ਭਾਈ ਹੀਰਾ ਸਿੰਘ ਵੈਨਕੂਵਰ
ਭਾਈ ਬਤਨ ਸਿੰਘ
ਭਾਈ ਭਾਗ ਸਿੰਘ
ਭਾਈ ਬਤਨ ਸਿੰਘ ਬਰਨੈਟ
ਭਾਈ ਵਰਿਆਮ ਸਿੰਘ
ਪ੍ਰੋ. ਤੇਜਾ ਸਿੰਘ

ਸਤੰਬਰ 1909 ਈ. ਨੂੰ ਕੰਪਨੀ ਦਾ ਬਿਜਨਸ ਚਲਾਉਣ ਲਈ ਹੇਠ ਲਿਖੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ–

ਭਾਈ ਭਾਗ ਸਿੰਘ ਪ੍ਰੈਜ਼ੀਡੈਂਟ ਮੈਨੇਜਿੰਗ ਡਾਇਰੈਕਟਰ
ਭਾਈ ਭਾਨ ਸਿੰਘ ਉਪ ਪ੍ਰਧਾਨ
ਭਾਈ ਹਾਕਮ ਸਿੰਘ ਮੈਂਬਰ
ਭਾਈ ਵਰਿਆਮ ਸਿੰਘ ਮੈਂਬਰ
ਭਾਈ ਬਤਨ ਸਿੰਘ ਜੂਨੀਅਰ ਮੈਂਬਰ

**(ਚਲਦਾ)**

# ਪੰਜਾਬੀ ਮਾਤ ਭਾਸ਼ਾ ਦੇ ਮੁਦਈ ਮਾਸਟਰ ਦੀਪ ਸਿੰਘ ਸਾਂਗਰਾ

ਡਾ ਰਘਬੀਰ ਸਿੰਘ ਬੈਂਸ #

ਕਿਸੇ ਵੀ ਕੌਮ ਦੀ ਦਿਸ਼ਾ, ਦਸ਼ਾ ਤੇ ਸੰਪੂਰਨ ਸਫਲਤਾ ਨੂੰ ਨਾਪਣਾ ਹੋਵੇ ਤਾਂ ਉਸ ਕੌਮ ਦੇ ਧਾਰਮਿਕ ਫਲਸਫੇ, ਅਧਿਆਤਮਿਕ ਟੇਕ, ਸਿਰਜੇ ਹੋਏ ਕੌਮੀ ਇਤਿਹਾਸ, ਸੱਭਿਆਚਾਰਿਕ ਜ਼ਰਖੇਜ਼ੀ, ਵਿਰਾਸਤੀ ਕਦਰਾਂ ਕੀਮਤਾਂ ਤੇ ਉਸ ਕੌਮ ਦੀ ਮਾਂ ਬੋਲੀ ਦੀ ਧਨਵਾਨਤਾ ਨੂੰ ਕਸਵੱਟੀ ਤੇ ਲਗਾ ਕੇ ਪਰਖਿਆ ਜਾ ਸਕਦਾ ਹੈ। ਇਸ ਲੇਖ ਵਿੱਚ ਮੈਂ ਮਾਂ ਬੋਲੀ ਪੰਜਾਬੀ ਦੇ ਮਤਵਾਲੇ ਮਾਸਟਰ ਦੀਪ ਸਿੰਘ ਸਾਂਗਰਾ ਹੁਰਾਂ ਦੀ ਗੱਲ ਕਰਨੀ ਲੋਚਦਾ ਹਾਂ। ਮੈਂ ਉਨ੍ਹਾਂ ਨੂੰ ਕਨੇਡਾ ਦੀ ਧਰਤੀ ਤੇ ਪੰਜਾਬੀ ਬੋਲੀ ਦੇ ਮੁਦਈ ਵਜੋਂ ਕੋਈ ੨੫ ਸਾਲ ਤੋ ਜਾਣਦਾ ਹਾਂ। ਆਪਣੇ ਕੁਨਬੇ ਤੇ ਨਿੱਜੀ ਪਰਿਵਾਰ ਲਈ ਮਿਹਨਤ ਤਾਂ ਹਰ ਮਨੁੱਖ ਕਰਦਾ ਹੋਵੇਗਾ ਪਰ ਮਾਸਟਰ ਦੀਪ ਸਿੰਘ ਹੁਰਾਂ ਵਲੋਂ ਜੀਵਨ ਦਾ ਸੁਨਹਿਰੀ ਹਿੱਸਾ ਆਪਣੀ ਮਾਤ ਭਾਸ਼ਾ ਪੰਜਾਬੀ ਦੀ ਆਨ, ਸ਼ਾਨ, ਮਾਣ ਤੇ ਵਡਿਆਈ ਦੇ ਲੇਖੇ ਲਗਾਉਣਾ ਪੰਜਾਬੀ ਭਾਈਚਾਰੇ ਲਈ ਇੱਕ ਬਹੁਤ ਹੀ ਫਖਰ ਵਾਲੀ ਵਾਲੀ ਗੱਲ ਹੋਵੇਗੀ।

ਭਾਰਤ ਦੀ ਵੰਡ ਪਿੱਛੋਂ ਦੀਪ ਸਿੰਘ ਹੁਰਾਂ ਦਾ ਜਨਮ ਸੰਨ ੧੯੫੧ ਵਿੱਚ ਪਿੰਡ ਨੂਰ ਪੁਰ ਜੱਟਾਂ ਜ਼ਿਲਾ ਹੁਸ਼ਿਆਰਪੁਰ ਵਿਖੇ ਇੱਕ ਸਾਧਾਰਨ ਜਿਹੇ ਕਿਰਸਾਨੀ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਗਿਆਨੀ ਗੁਰਬਚਨ ਸਿੰਘ ਤੇ ਮਾਤਾ ਹਰਮਿੰਦਰ ਕੌਰ ਜੀ ਆਪਣੇ ਹੱਥੀਂ ਕਿਰਤ ਕਰਕੇ ਪਰਿਵਾਰ ਦੀ ਪਾਲਣਾ-ਪੋਸਨਾ ਕਰਿਆ ਕਰਦੇ ਸਨ।

ਦੀਪ ਸਿੰਘ ਹੁਰਾਂ ਨੇ ਪ੍ਰਾਇਮਰੀ ਸਕੂਲ ਦੀ ਵਿੱਦਿਆ ਪਿੰਡ ਐਮਾਂ ਜੱਟਾਂ ਤੋਂ ਪ੍ਰਾਪਤ ਕਰਕੇ ਸੰਨ 1971 ਵਿੱਚ ਬੀ ਐਸ ਸੀ ਸਿੱਖ ਨੈਸ਼ਨਲ ਕਾਲਜ ਬੰਗਾ ਤੋਂ ਕੀਤੀ। ਭਾਵੇਂ ਮਨ ਵਿੱਚ ਉਚੇਰੀ ਵਿੱਦਿਆ ਪ੍ਰਾਪਤ ਕਰਨ ਦਾ ਸ਼ੌਕ ਤੇ ਕੌਮੀ ਜਜ਼ਬਾ ਸੀ ਪਰ ਆਮ ਸਹੂਲਤਾਂ ਦੀ ਘਾਟ ਮਨ ਵਿੱਚ ਹਰ ਵੇਲੇ ਰੜਕਦੀ ਤੇ ਖੜਕਦੀ ਰਹਿੰਦੀ ਸੀ। ਬਹੁਤ ਹੀ ਮਿਹਨਤ ਮੁਸ਼ੱਕਤ ਕਰਕੇ ਉਨ੍ਹਾਂ ਨੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਐਮ ਏ ਤੇ ਫਿਰ ਸਰਕਾਰੀ ਕਾਲਜ ਆਫ ਐਜੂਕੇਸ਼ਨ ਜਲੰਧਰ ਤੋਂ ਬੀ ਐਡ ਦੀ ਪੜ੍ਹਾਈ ਮੁਕੰਮਲ ਕਰ ਲਈ।

ਜੀਵਨ ਨਿਰਵਾਹ ਵਾਸਤੇ ਪੰਜਾਬ ਦੇ ਵੱਖਰੇ ਵੱਖਰੇ ਸਕੂਲਾਂ ਵਿੱਚ ਟੀਚਰ ਦੇ ਕਿੱਤੇ ਵਜੋਂ ਆਪਣਾ ਜੀਵਨ ਪੰਧ ਸ਼ੁਰੂ ਕੀਤਾ। ਉਨ੍ਹਾਂ ਸਮਿਆਂ ਵਿੱਚ ਨਰੋਆ ਭਵਿੱਖ ਸਿਰਜਣ ਲਈ ਕੈਨੇਡਾ ਦੀ ਸੁਪਨਈ ਧਰਤੀ ਵਿਖੇ ਪਰਵਾਸ ਕਰਨ ਦੀ ਦੌੜ ਆਮ ਲੱਗੀ ਹੋਈ ਸੀ। ਕਿਸਮਤ ਨੇ ਪਲਟਾ ਮਾਰਿਆ। ਕੈਨੇਡਾ ਵਾਸੀ ਬੀਬੀ ਸਰਬਜੀਤ ਕੌਰ ਨਾਲ ਦੀਪ ਸਿੰਘ ਹੁਰਾਂ ਦੀ ਮੰਗਣੀ ਹੋ ਗਈ। ਰੰਗ ਬਰੰਗੇ ਸੁਪਨਿਆਂ ਦੀ ਪਰਾਪਤੀ ਲਈ ਉਹ ਮਾਂਟਰੀਆਲ ਹੁੰਦੇ ਹੋਏ 4 ਜੂਨ 1975 ਵਾਲੇ ਦਿਨ ਵਿਸ਼ਵ ਦੇ ਹੁਸੀਨ ਸ਼ਹਿਰ ਵੈਨਕੂਵਰ ਵਿਖੇ ਪਹੁੰਚ ਗਏ ਜਿੱਥੇ 30 ਜੂਨ ਵਾਲੇ ਦਿਨ ਉਨ੍ਹਾਂ ਦਾ ਅਨੰਦ ਕਾਰਜ ਅਕਾਲੀ ਸਿੰਘ ਸਿੱਖ ਗੁਰਦੁਆਰਾ ਸਾਹਿਬ ਵਿਖੇ ਗੁਰ ਮਰਯਾਦਾ ਅਨੁਸਾਰ ਬੀਬੀ ਸਰਬਜੀਤ ਕੌਰ ਨਾਲ ਸੰਪੰਨ ਹੋਇਆ।


ਮਾਸਟਰ ਦੀਪ ਸਿੰਘ ਸਾਂਗਰਾ

ਉਨ੍ਹਾਂ ਦਿਨਾਂ ਵਿੱਚ ਪੰਜਾਬੀ ਲੋਕੀਂ ਧੜਾ ਧੜ ਕੈਨੇਡਾ ਪਹੁੰਚ ਰਹੇ ਸਨ ਪਰ ਇਹ ਤਰਾਸਦੀ ਸੀ ਕਿ ਪੰਜਾਬੋਂ ਪ੍ਰਾਪਤ ਕੀਤੀ ਵਿੱਦਿਆ ਨੂੰ ਕੈਨੇਡਾ ਦੀ ਧਰਤੀ ਤੇ ਮਾਨਤਾ ਘੱਟ ਹੀ ਮਿਲਦੀ ਹੁੰਦੀ ਸੀ। ਤੇਲ ਦੇ ਦੀਵਿਆਂ ਦੀ ਲੋਅ ਵਿੱਚ ਸਾਰੀ ਸਾਰੀ ਰਾਤ ਪੜ੍ਹਨ ਵਾਲੇ ਤੇ ਕਈ ਡਿਗਰੀਆਂ ਹਾਸਲ ਕਰਨ ਵਾਲੇ ਦੀਪ ਸਿੰਘ ਨੂੰ ਪੇਟ ਦੀ ਅੱਗ ਬੁਝਾਣ ਵਾਸਤੇ ਪਲਾਈਵੁੱਡ ਮਿੱਲ ਵਿੱਚ ਫੱਟੇ ਖਿੱਚਣ ਦੀ ਮਜ਼ਦੂਰੀ ਪਰਵਾਨ ਕਰਨੀ ਪਈ । ਖੂਨ ਪਸੀਨਾ ਇੱਕ ਹੋ ਜਾਂਦਾ ਸੀ ਪਰ ਉਸ ਨੇ ਹੌਸਲਾ ਨਾ ਛਡਿਆ। ਰੱਜ ਕੇ ਮਿਹਨਤ ਕੀਤੀ। ਪਲਾਈਵੁੱਡ ਮਿੱਲ੍ਹ ਵਿੱਚ ਮਿਹਨਤ ਮਜ਼ਦੂਰੀ ਕਰਦਿਆਂ ਹੀ ਬੀ ਸੀ ਆਈ ਟੀ ਤੋਂ ਦੋ ਸਾਲਾਂ ਵਿੱਚ ਇੰਜੀਨਅਰਿੰਗ ਦਾ ਡਿਪਲੋਮਾਂ ਕਰ ਲਿਆ।ਮਿਹਨਤ ਦਾ ਫਲ ਮਿਲਣ ਕਿਨਾਰੇ ਆ ਗਿਆ। ਤਕਦੀਰ ਨੇ ਪਲਟਾ ਮਾਰਿਆ। ਦੀਪ ਸਿੰਘ ਹੁਰਾਂ ਨੂੰ ਇੱਕ ਸਾਲ ਵਾਸਤੇ ਗਰੈਂਡ ਫਾਰਮੇਸੀ ਵੈਨਕੂਵਰ ਲਈ ਬਤੌਰ ਇਨਵੈਂਟਰੀ ਮੈਨੇਜਰ ਦਾ ਕੰਮ ਮਿਲ ਗਿਆ। ਉਸ ਪਿੱਛੋਂ ਖਾਲਸਾ ਸਕੂਲ ਵੈਨਕੂਵਰ ਵਿੱਚ ਨੌਕਰੀ ਮਿਲ ਗਈ ਜਿੱਥੇ ਕੋਈ ਸੰਨ 1986 ਤੋਂ 1997 ਤੱਕ ਬੱਚਿਆਂ ਨੂੰ ਪੰਜਾਬੀ ਅਤੇ ਹੋਰ ਵਿਸ਼ਿਆ ਨੂੰ ਪੜ੍ਹਾਣ ਦੀ ਸੇਵਾ ਕੀਤੀ। ਨੌਕਰੀ ਕਰਨ ਦੇ ਨਾਲ ਨਾਲ ਦੀਪ ਸਿੰਘ ਨੇ ਕਈ ਸਕੂਲਾਂ ਤੇ ਹੋਰ ਅਦਾਰਿਆਂ ਵਿੱਚ ਬੱਚਿਆਂ ਨੂੰ ਪੰਜਾਬੀ ਪੜ੍ਹਾਣ ਤੇ ਕੀਰਤਨ ਸਿਖਾਣ ਦੀ ਸੇਵਾ ਵੀ ਆਰੰਭ ਕਰ ਦਿੱਤੀ।

ਸਿਆਣੇ ਕਹਿੰਦੇ ਹਨ ਕਿ ਈਮਾਨਦਾਰੀ ਨਾਲ ਮਿਹਨਤ ਕਰਨ ਦਾ ਫਲ ਮਿੱਠਾ ਹੋਇਆ ਕਰਦਾ ਹੈ। ਕਈ ਵਰ੍ਹਿਆਂ ਦੀ ਮਿਹਨਤ ਪਿੱਛੋਂ ਆਖਰ 1997 ਵਿੱਚ ਵੈਨਕੂਵਰ ਸਕੂਲ ਬੋਰਡ ਵਿੱਚ ਨਾਈਟ ਕਲਾਸਾਂ ਵਾਸਤੇ ਦੀਪ ਸਿੰਘ ਹੁਰਾਂ ਨੂੰ ਇੱਕ ਟੀਚਰ ਵਜੋਂ ਨੌਕਰੀ ਮਿਲ ਗਈ। ਨਿਊ ਵੈਸਟ ਸਕੂਲ ਡਿਸਟਰਿਕਟ ਵਿੱਚ ਬਤੌਰ ਮੈਥ-ਸਾਇੰਸ ਤੇ ਪੰਜਾਬੀ ਟੀਚਰ ਵਜੋਂ 31 ਮਾਰਚ 2016 ਤੱਕ ਸੇਵਾ ਕੀਤੀ ਜਿਸ ਦੌਰਾਨ ਉਨ੍ਹਾਂ ਨੇ ਦਰਜਣਾ ਹੀ ਗੁਰਮਤਿ ਕੈਂਪ, ਸੈਮੀਨਾਰ ਤੇ ਗੋਸ਼ਟੀਆਂ ਦਾ ਸਫਲਤਾ ਪੂਰਬਕ ਪ੍ਰਬੰਧ ਕੀਤਾ। ਪੰਜਾਬੀ ਪੜ੍ਹਨ ਵਾਲੇ ਸੈਂਕੜੇ ਹੀ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਨ ਵਾਸਤੇ ਅਨੇਕਾਂ ਹੀ ਵਜ਼ੀਫਿਆਂ ਦਾ ਪ੍ਰਬੰਧ ਕੀਤਾ ਤੇ ਲੋੜਬੰਦ ਵਿੱਦਿਆਰਥੀਆਂ ਲਈ ਮਾਇਕ ਸਹਾਇਤਾ ਵੀ ਸ਼ੁਰੂ ਕੀਤੀ। ਇਸੇ ਦੌਰਾਨ ਹੀ ਦੀਪ ਸਿੰਘ ਹੁਰਾਂ ਨੂੰ ਵਧੀਆਂ ਟੀਚਰ ਵਲੋਂ ਸਨਮਾਨਿਤ ਵੀ ਕੀਤਾ ਗਿਆ।

ਮਨ ਦੀ ਤਾਂਘ ਨੂੰ ਸੰਪੂਰਨ ਕਰਨ ਵਾਸਤੇ ਸੰਨ 1984 ਵਿੱਚ ਉਨ੍ਹਾਂ ਨੇ ਸਿਰਫ 6 ਬੱਚਿਆਂ ਨੂੰ ਇਕੱਠੇ ਕਰਕੇ ਪੰਜਾਬੀ ਦੀਆਂ ਫਰੀ ਕਲਾਸਾਂ ਸੁਰੂ ਕੀਤੀਆਂ ਸਨ । ਉਦੋਂ ਪੰਜਾਬੀ ਪੜ੍ਹਾਣ ਲਈ ਮਾਪਿਆਂ ਦੀ ਰੁਚੀ ਵੀ ਬਹੁਤ ਨਹੀਂ ਸੀ ਹੋਇਆ ਕਰਦੀ। ਮੁਸ਼ਕਲਾਂ ਦੇ ਬਾਵਜੂਦ ਵੀ ਦੀਪ ਸਿੰਘ ਹੁਰਾਂ ਨੇ ਸਿਦਕ ਨਾ ਛੱਡਿਆ। ਜ਼ੋਰ ਸ਼ੋਰ ਨਾਲ ਮਾਂ ਬੋਲੀ ਪੰਜਾਬੀ ਨੂੰ ਪੜ੍ਹਾਣ ਦੀ ਮੁਹਿੰਮ ਜਾਰੀ ਰੱਖੀ ਤੇ ਘਰ ਘਰ ਜਾਕੇ ਮਾਪਿਆਂ ਨੂੰ ਵੀ ਜਾਗਰੂਕ ਕੀਤਾ ਜਿਸ ਸਦਕਾ ਸੰਨ 1998 ਵਿੱਚ ਪੰਜਾਬੀ ਪੜ੍ਹਨ ਵਾਲੇ ਬੱਚਿਆ ਦੀ ਗਿਣਤੀ ਕੋਈ 350 ਤੱਕ ਪਹੁੰਚ ਗਈ। ਇੱਥੇ ਇਹ ਵਰਨਣ ਕਰਨਾ ਵੀ ਵਾਜਬ ਹੋਵੇਗਾ ਕਿ ਉਸ ਵੇਲੇ ਆਮ ਤੌਰ ਤੇ ਬਹੁਤੇ ਪੰਜਾਬੀ ਬੱਚੇ ਆਪਣੀ ਮਾਂ ਬੋਲੀ ਬੋਲਣ ਤੋਂ ਵੀ ਅਸਮਰੱਥ ਹੁੰਦੇ ਸਨ ਕਿਉਂਕਿ ਸਕੂਲਾਂ ਵਿੱਚ ਤਾਂ ਅੰਗਰੇਜ਼ੀ ਹੀ ਪੜ੍ਹਾਈ ਜਾਇਆ ਕਰਦੀ ਸੀ । ਬੀ ਸੀ ਦੇ ਸਕੂਲਾਂ ਵਿੱਚ ਪੰਜਾਬੀ ਪੜ੍ਹਾਣ ਦੀ ਸਰਕਾਰੀ ਮਾਨਤਾ ਨਹੀਂ ਸੀ। ਦਿਨ ਵੇਲੇ ਸਕੂਲ ਵਿੱਚ ਨੌਕਰੀ ਵਜੋਂ ਵਿੱਦਿਆਰਥੀ ਪੜ੍ਹਾਉਣੇ ਤੇ ਸਵੇਰੇ-ਤ੍ਰਕਾਲੀਂ ਪੰਜਾਬੀ ਮੂਲ ਦੇ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਦੀ ਫਰੀ ਪੜ੍ਹਾਈ ਕਰਵਾਉਣੀ ਦੀਪ ਸਿੰਘ ਹੁਰਾਂ ਲਈ ਨਿੱਤ ਦਾ ਸ਼ੌਕ ਬਣ ਗਿਆ ਸੀ।

ਪੰਜਾਬੀ ਜ਼ੁਬਾਨ ਦੇ ਐਸੇ ਹਿਤੈਸ਼ੀਆਂ ਦੀ ਮਿਹਨਤ ਸਦਕਾ ਹੀ ਹੁਣ ਸਰਕਾਰੇ ਦਰਬਾਰੇ, ਬੈਂਕਾਂ, ਦਫਤਰਾਂ ਤੇ ਬਿਜ਼ਨਸ ਅਦਾਰਿਆਂ ਵਿੱਚ ਪੰਜਾਬੀ ਬੋਲਦੇ ਬੱਚਿਆਂ ਨੂੰ ਪਹਿਲ ਦੇ ਤੌਰ ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬੀ ਬੋਲੀ ਹੁਣ ਕੈਨੇਡਾ ਦੇ ਕਈ ਹਿੱਸਿਆ ਵਿੱਚ ਮਾਨਤਾ ਪ੍ਰਾਪਤ ਬੋਲੀ ਬਣ ਚੁੱਕੀ ਹੈ। ਇਹ ਸਾਡੇ ਲਈ ਕੌਮੀ ਤੌਰ ਤੇ ਮਾਣ ਤੇ ਸਤਿਕਾਰ ਵਾਲੀ ਗੱਲ ਹੈ।

ਸੇਵਾ ਕਰਤ ਹੋਇ ਨਿਹਕਾਮੀ।
ਤਿਸ ਕਉ ਹੋਤ ਪਰਾਪਤਿ ਸੁਆਮੀ।।

ਸੇਵਾ ਦੇ ਖੇਤਰ ਵਿੱਚ ਦੀਪ ਸਿੰਘ ਹੁਰਾਂ ਨੂੰ ਅਨੇਕਾਂ ਹੀ ਅੜਚਣਾ ਵੀ ਆਈਆਂ ਪਰ ਸਾਰੀਆਂ ਦਾ ਸਮਾਧਾਨ ਵੀ ਹੁੰਦਾ ਰਿਹਾ । ਸਵਾਰਥਹੀਣ ਤੇ ਬੇਗਰਜ ਸੇਵਾ ਕਰਨ ਦਾ ਨਤੀਜਾ ਇਹ ਨਿੱਕਲਿਆ ਕਿ ਉਨ੍ਹਾਂ ਦੀ ਸਾਰੀ ਹੀ ਪਰਵਾਰਿਕ ਫੁਲਵਾੜੀ ਤਨ, ਮਨ ਤੇ ਧਨ ਨਾਲ ਸਰਬਤ ਦੇ ਭਲੇ ਵਾਸਤੇ ਹਰ ਵੇਲੇ ਸੇਵਾ ਕਰਨ ਵਿੱਚ ਕਾਰਜਸ਼ੀਲ ਰਹਿੰਦੀ ਹੈ। ਆਪ ਜੀ ਨੂੰ ਸਮਾਜ ਵਲੋਂ ਅਨੇਕਾਂ ਹੀ ਇਨਾਮ, ਮਾਣ ਤੇ ਸਤਿਕਾਰ ਭੇਟਾ ਕੀਤੇ ਜਾ ਚੁੱਕੇ ਹਨ। ਭਾਵੇਂ ਦੀਪ ਸਿੰਘ ਹੁਰੀਂ ਟੀਚਰ ਦੀ ਨੌਕਰੀ ਤੋਂ 31 ਮਰਚ 2016 ਨੂੰ ਪੂਰੇ ਸਨਮਾਨਾਂ ਨਾਲ ਸੇਵਾਮੁਕਤ ਹੋ ਚੁੱਕੇ ਹਨ ਪਰ ਉਨ੍ਹਾਂ ਦਾ ਇਹ ਨਿਸਚਾ ਵੀ ਦਰਿੜ੍ਹ ਹੈ ਕਿ ਜੀਵਨ ਭਰ ਲਈ ਉਹ ਆਪਣੇ ਪਰਿਵਾਰ ਸਮੇਤ ਪਹਿਲੋਂ ਵਾਂਗ ਹੀ ਮਾਂ ਬੋਲੀ ਪੰਜਾਬੀ ਦੀ ਚੜ੍ਹਤ ਤੇ ਸਰਬਤ ਦੇ ਭਲੇ ਲਈ ਹਮੇਸ਼ਾ ਹੀ ਤਤਪਰ ਰਹਿਣਗੇ। # +604-599-1314

# ਸਿੱਖੀ ਦੇ ਬਿਹਤਰ ਭੱਵਿਖ ਦੀ ਉਸਾਰੀ

**ਸਿੱਖਾਂ ਦੀ ਬਾਲ ਪਨੀਰੀ, ਸਿੱਖੀ ਦਾ ਸਭ ਤੋਂ ਕੀਮਤੀ ਸਰਮਾਇਆ ਹੈ। ਇਸ ਦੀ ਬਿਹਤਰੀ ਉਤੇ ਹੋਣ ਵਾਲੇ ਖਰਚ ਨੂੰ, ਸਿੱਖੀ ਦੇ ਬਿਹਤਰ ਭੱਵਿਖ ਦੀ ਉਸਾਰੀ ਵਿੱਚ ਲੱਗੀ ਪੂੰਜੀ ਮੰਨਣ ਦੀ ਲੋੜ ਹੈ। ਪੰਜਾਬ ਦੇ ਲੋਕਾਂ ਦੀ ਮੰਗ ਹੈ, ਬੱਚਿਆਂ ਦੀ ਸਿੱਖਿਆ ਮੁਫਤ ਹੋਣੀ ਚਾਹੀਦੀ ਹੈ ਪਰ ਸਰਕਾਰਾਂ ਫੀਸਾਂ ਵਧਾਈ ਜਾ ਰਹੀ ਹੈ। *ਪਰਮਜੀਤ ਸਿੰਘ ਦਾਖਾ (510-774-5909)*, ਦਲ ਖਾਲਸਾ ਅਲਾਇੰਸ**












ਲੰਗਰ ਸੇਵਾ !!


ਗੁਰਮਤਿ ਸੈਮੀਨਾਰ ਅਤੇ ਕਥਾ ਸਮਾਗਮ
ਪੂਰਨ ਮਨੁੱਖ ਦਾ ਸੰਕਲਪ
ਸਿੱਖੀ ਵਿੱਚ ਪਰਿਵਾਰਕ ਜੀਵਨ
ਸਿੱਖ ਪ੍ਰਭਾਵੀ ਨਗਰ
ਗ੍ਰਹਿਸਤ ਜੀਵਨ ਦੀ ਮਹੱਤਤਾ ਅਤੇ ਬਣਤਰ
ਵਿਵਹਾਰਕ ਜੀਵਨ
ਸਿੱਖ ਸਭਿਆਚਾਰ
ਕਥਾ ਭਾਈ ਸਰਬਜੀਤ ਸਿੰਘ ਧੂੰਦਾ
10,ਅਪ੍ਰੈਲ 12 ਵਜੇ
11,12,13 ਸ਼ਾਮ 7 ਵਜੇ
ਸੈਮੀਨਾਰ 16,ਅਪ੍ਰੈਲ 11 ਤੋਂ 4
Sikh Institute Fresno
Gurdwara Singh Sabha
4827 North Parkway Drive,
Fresno, CA 93722
Tel: 559-221-5141


ਟਰੱਕ ਡਰਾਇਵਰ ਵੀਰਾਂ ਲਈ
ਪੈਸੇ ਬਚਾਉਣ ਅਤੇ ਕਮਾਉਣ ਦਾ ਸੁਨਹਿਰੀ ਮੌਕਾ
ਅੱਜ ਹੀ ਕਾਲ ਕਰੋ
TOLL FREE
1-800-381-0107
* ਘਰ ਵਾਪਸੀ 'ਤੇ ਲੋਡ ਨਹੀਂ ਮਿਲ ਰਿਹਾ ਤਾਂ ਸਾਨੂੰ ਕਾਲ ਕਰੋ
* ਡਿਸਪੈਚਰਾਂ ਤੋਂ ਤੁਹਾਡੇ ਪੈਸਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੇ
* ਸਾਨੂੰ, ਡਿਸਪੈਚਰ ਤਜਰਬੇ ਜਾਂ ਬਿਨਾਂ ਤਜਰਬੇ ਦੇ ਹੋਣ, ਲੋੜ ਹੈ
* ਤੇਲ ਐਡਵਾਂਸ ਅਤੇ ਤੁਰੰਤ ਪੇਅ ਉਪਲੱਬਧ
SKZ LLC. BROKERAGE
* CANT'T FIND A LOAD TO COME HOME?
* TIRED OF DISPATCHERS TAKING YOUR MONEY?
* We are looking for freight dispatchers with or without exprience
* Fuel ADVANCE AND QUICKPAY AVAILABLE!!
CALL Todal :-
DEEPA: 925-354-8122
R.G. : 408-896-1234
RAVI: 925-978-3674
SKZDUBLIN@GMAIL.COM

# ਆਮ ਆਦਮੀ ਪਾਰਟੀ ਦੀ ਰੈਲੀ 19 ਅਪ੍ਰੈਲ, ਮੰਗਲਵਾਰ ਨੂੰ ਫਰਿਜ਼ਨੋ ਵਿਖੇ ਹੋਣ ਜਾ ਰਹੀ ਹੈ

## ਮੁੱਖ ਬੁਲਾਰੇ ਸ. ਸੁਖਪਾਲ ਸਿੰਘ ਖਹਿਰਾ ਹੋਣਗੇ




ਆਪ ਪਾਰਟੀ ਦੇ ਮੁੱਖ ਬੁਲਾਰੇ ਸ. ਸੁਖਪਾਲ ਸਿੰਘ ਖਹਿਰਾ "ਆਪ" ਪਾਰਟੀ ਦੀ ਵਿਸੇਸ਼ ਫੇਰੀ ਦੌਰਾਨ 14 ਅਪ੍ਰੈਲ ਤੋਂ ਅਮਰੀਕਾ ਦੇ ਦੌਰੇ 'ਤੇ ਆ ਰਹੇ ਹਨ। ਇਸ ਕੜੀ ਤਹਿਤ ਉਹ 19 ਅਪ੍ਰੈਲ ਦਿਨ ਮੰਗਲਵਾਰ ਨੂੰ ਸ਼ਾਮੀ 6 ਵਜੇ ਐਡੀਸ਼ਨ ਸ਼ੋਸ਼ਲ ਕਲੱਬ ਫਰਿਜ਼ਨੋ ਵਿਖੇ ਪਹੁੰਚ ਰਹੇ ਹਨ। ਜਿੱਥੇ ਪ੍ਰਬੰਧਕਾਂ ਵੱਲੋਂ ਪੰਜਾਬ ਲਈ ਚਿੰਤਤ ਸਮੂਹ ਵੀਰਾਂ-ਭੈਣਾਂ ਤੇ ਬਜ਼ੁਰਗਾਂ ਨੂੰ ਇਸ ਪ੍ਰੋਗਰਾਮ ਵਿੱਚ ਪਹੁੰਚਣ ਲਈ ਪੁਰਜ਼ੋਰ ਬੇਨਤੀ ਕੀਤੀ ਜਾਂਦੀ ਹੈ।




ADDRESS: EDISON SOCIAL CLUB 3325 W CLINTON AVE. FRESNO. CA 93722

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰਨੇਕ ਸਿੰਘ ਬਾਗੜੀ (559) 916-6953 ਅਮੋਲਕ ਸਿੰਘ ਸਿੱਧੂ (559) 709-0089
ਸਤਵੰਤ ਸਿੰਘ ਵਿਰਕ (559) 978-3361 ਜੰਗੀਰ ਸਿੰਘ ਗਿੱਲ (559) 260-1240

Street Crossing- Clinton & Marks near park. Directions-HWY 99 EXIT CLINTON AVE GO 1 MILE WEST ON CLINTON AVE CROSS MARKS LOOK ON LEFT HAND SIDE. ਖੱਬੇ ਹੱਥ ਨੀਲੇ ਰੰਗ ਦੀ ਬਿਲਡਿੰਗ, ਫਰੀ ਪਾਰਕਿੰਗ ਅਤੇ ਲੰਗਰ ਅਤੁੱਟ ਵਰਤੇਗਾ।

ਮੀਡੀਆ ਸਪਾਂਸਰ : ਨੀਟਾ ਮਾਛੀਕੇ ਅਤੇ ਕੁਲਵੰਤ ਉਭੀ ਧਾਲੀਆਂ

Designed by Kulwant Ubhi Dhalian (559) 473-9264